ਕੌਮਾਂਤਰੀ www.amritsartimes.com

ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 252| 4 to 10 Nov. 2026 | Ph.: (+91) 175-291-2461 | Email: asrtimes@gmail.com

ਅਦਾਰਾ ਅੰਮ੍ਰਿਤਸਰ ਟਾਈਮਜ਼

ਵੱਲੋਂ ਵਿਸ਼ਵ ਭਰ ਵਿੱਚ ਬੈਠੇ ਸਮੂਹ ਸਰਬੱਤ ਦੇ ਭਲੇ ਦੇ ਹਾਮੀਆਂ ਨੂੰ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ। ਅਕਾਲ ਪੁਰਖ ਵਾਹਿਗੁਰੂ ਆਪ ਸਭ ਨੂੰ ਸਦਾ ਚੜ੍ਹਦੀਕਲਾ 'ਚ ਰੱਖੇ।

ਬੰਦੀ ਛੋੜ ਦਿਵਸ



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377



ਬੰਦੀ ਛੋੜ ਦਿਵਸ ਸੰਸਾਰਕ ਰਾਜਨੀਤਿਕ ਅਤੇ ਆਤਮਿਕ ਗੁਲਾਮੀ ਤੋਂ ਆਜ਼ਾਦ ਹੋਣ ਦਾ ਪ੍ਰਤੀਕ ਹੈ। ਮੁਗਲ ਹਾਕਮਾਂ ਦਾ ਧਾਰਮਿਕ ਤੇ ਸਿਆਸੀ ਜਬਰ, ਸਮਾਜ ਦੀ ਇਖਲਾਕੀ ਬਣਤਰ ਨੂੰ ਢਾਅ ਲਾ ਰਿਹਾ ਸੀ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਜਿਸ ਦਾ ਪ੍ਰਬਲ ਨਿਸ਼ਾਨਾ ਜਬਰ ਦੇ ਖ਼ਿਲਾਫ਼ ਲੜਨਾ ਹੈ। ਸਾਰੀ ਲੜਾਈ ਬੁਰਾਈ ਦੇ ਖ਼ਿਲਾਫ਼ ਹੈ। ਸਿੱਖ ਗੁਰੂ ਸਾਹਿਬਾਨ ਦਾ ਇਹ ਸੰਕਲਪ ਰਿਹਾ ਹੈ ਕਿ ਸਮਾਜ ਦੇ ਦਬੇ ਕੁਚਲੇ, ਲੁੱਟੇ ਪੁੱਟੇ, ਨਿਥਿੱਧ, ਨਿਤਾਣੇ ਕਮਜ਼ੋਰ, ਜਿਨ੍ਹਾਂ ਨੂੰ ਮੁਗਲ ਅਨਜਾਣ ਅਤੇ ਨਿਕੰਮੇ ਸਮਝਦੇ ਸਨ, ਉਨ੍ਹਾਂ ਨੂੰ ਇਸ ਕਾਬਿਲ ਬਣਾਇਆ ਕਿ ਉਹ ਆਪਣੀ ਹੋਂਦ ਆਪ ਨਿਸ਼ਚਿਤ ਕਰਨ ਅਤੇ ਜ਼ੁਲਮ ਦੇ ਖ਼ਿਲਾਫ਼ ਡੱਟ ਜਾਣ।

ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂ ਸਾਹਿਬਾਨ ਨੇ ਪ੍ਰਚਾਰਕ ਦੌਰੇ ਕੀਤੇ। ਇਸ ਤਰ੍ਹਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫ਼ੀ ਸਮਾਂ ਪ੍ਰਚਾਰਕ ਦੌਰੇ ਕੀਤੇ। ਜਦ ਅੰਮ੍ਰਿਤਸਰ ਦਾ ਦੌਰਾ ਸ਼ੁਰੂ ਕਰ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਅੰਮ੍ਰਿਤਸਰ ਪਰਤੇ ਤਾਂ ਉਥੇ ਪਿੰਡ ਵਡਾਲੀ ਵਿਖੇ 15 ਜੂਨ 1595 ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ ਹੋਇਆ। ਗੁਰ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਵਿਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਦੇਖ ਰੇਖ ਵਿੱਚ ਦੁਨਿਆਵੀ ਵਿਦਿਆ ਤੋਂ ਇਲਾਵਾ ਜੰਗੀ ਪੈਂਤੜਿਆਂ ਵਿੱਚ ਘੋੜ ਸਵਾਰੀ, ਨੇਜ਼ੇਬਾਜ਼ੀ, ਬੰਦੂਕ ਆਦਿ ਸਮੇਂ ਦੇ ਪ੍ਰਚਲਿਤ ਸ਼ਸਤਰਾਂ ਨੂੰ ਚਲਾਉਣ ਵਿੱਚ ਅਭਿਆਸ ਕਰਵਾਇਆ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਵਰ੍ਹੇ ਸੀ, ਤਦ ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕਰ ਲਿਆ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਮੁੜ ਕੇ ਨਹੀਂ ਆਉਣਾ। ਇਸ ਲਈ ਆਉਣ ਵਾਲੇ ਸਮੇਂ ਵਿੱਚ ਜ਼ੁਲਮ ਵਿਰੁੱਧ ਸ਼ਸਤਰ ਚੁੱਕਣਾ ਲਾਜ਼ਮੀ ਹੋਵੇਗਾ। ਉਨ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ 'ਤੇ ਸ਼ਸਤਰਧਾਰੀ ਹੋ ਕੇ ਬੈਠਣਾ ਹੈ। ਸੁਰੱਖਿਆ ਲਈ ਦੁਸ਼ਮਣ ਵਿਰੁੱਧ ਫ਼ੌਜ ਵੀ ਰੱਖਣੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਅਰਜਨ ਦੇਵ ਸਾਹਿਬ ਜੀ 30 ਮਈ 1606 ਨੂੰ ਸ਼ਹੀਦ ਹੋਏ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਕ੍ਰਾਂਤੀਕਾਰੀ ਮੋੜ ਲਿਆਂਦਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਮੁਤਾਬਿਕ ਬਦਲਿਆ। ਉਨ੍ਹਾਂ ਦੋ ਕਿਰਪਾਨਾਂ ਧਾਰਨ ਕੀਤੀਆਂ। ਮੀਰੀ ਸਿਆਸੀ ਦੁਨਿਆਵੀ ਤਾਕਤ, ਪੀਰੀ ਅਧਿਆਤਮਕ ਅਗਵਾਈ ਵਾਸਤੇ। ਉਨ੍ਹਾਂ ਸਪਸ਼ਟ ਕੀਤਾ ਕਿ ਸ਼ਸਤਰ ਧਾਰਨ ਕਰਨ 'ਤੇ ਵੀ ਅੰਤਰ ਮੁਖੀ ਸਾਧੂ ਤੇ ਬਾਹਰਮੁਖੀ ਰਾਜੇ ਹਾਂ। ਸ਼ਸਤਰ ਗਰੀਬ ਦੀ ਰਾਖੀ ਅਤੇ ਅਤਿਆਚਾਰ ਦਾ ਨਾਸ ਕਰਨ ਵਾਸਤੇ ਹਨ। ਹਥਿਆਰਬੰਦ ਹੋਣ ਦਾ ਮਕਸਦ ਹੀ ਗਰੀਬ ਦੀ ਹੱਤਿਆ ਹੈ। ਦੁਨਿਆਵੀ ਰਾਜਿਆਂ ਮਹਾਰਾਜਿਆਂ ਦੇ ਰਾਜ ਤਖ਼ਤ ਦੇ ਮੁਕਾਬਲੇ ਅੰਮ੍ਰਿਤਸਰ ਵਿੱਚ ਸਿੱਖ ਕੌਮ ਸਬੰਧੀ ਨਿਰਨਿਆਂ ਵਾਸਤੇ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਜੋ ਮੁਗਲ ਹਕੂਮਤ ਦੇ ਸਾਹਮਣੇ ਸਿੱਖਾਂ ਦੀ ਸੁਤੰਤਰ ਹੋਂਦ ਦਾ ਪ੍ਰਤੀਕ ਹੈ। ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਤਖ਼ਤ ਸਾਹਿਬ, ਗੁਰੂ ਸਾਹਿਬ ਜੀ ਦੀ ਸੰਸਾਰਕ ਗੱਦੀ ਹੈ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਵਿਖੇ ਜੁੜਦੀਆਂ। ਗੁਰਬਾਣੀ, ਕਥਾ, ਕੀਰਤਨ, ਸਰਵਣ ਕਰਦੀਆਂ। ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਦਾ ਰੁੱਖ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਹੁੰਦਾ। ਸਰੀਰਕ ਕਸਰਤਾਂ ਦੇ ਢੰਗ ਸਿਖਾਏ ਜਾਂਦੇ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾ ਵਿੱਚ ਬੀਰਤਾ ਭਰਦੀਆਂ। ਮੁਗਲਾਂ ਦੇ ਜ਼ੁਲਮਾਂ ਨਾਲ ਨਿਜੱਠਣ ਲਈ ਗੁਰਾਂ ਨੇ ਕੌਮ ਨੂੰ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਗੁਰਾਂ ਨੇ ਮੁਗਲਾਂ ਦੇ ਜ਼ੁਲਮਾਂ ਵਿਰੁਧ ਡਟ ਜਾਣ ਦਾ ਐਲਾਨ ਕੀਤਾ। ਬਦੀ ਨੂੰ ਜੂਝ ਕੇ ਖਤਮ ਕਰਨ ਦਾ ਫ਼ੈਸਲਾ ਨਿਸ਼ਚਿਤ ਹੋ ਗਿਆ। ਗੁਰੂ ਸਾਹਿਬ ਨੇ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਬਕਾਇਦਾ ਖ਼ਾਲਸਾ ਫ਼ੌਜੀ ਤਾਕਤ ਦਾ ਸੰਗਠਨ ਕੀਤਾ।

ਗੁਰਾਂ ਨੇ ਕੌਮ ਦੇ ਵਿਕਾਸ ਅਤੇ ਮਜ਼ਬੂਤ ਸੰਗਠਨ ਬਣਾਉਣ ਲਈ ਸੰਗਤਾਂ ਨੂੰ ਸੁਚੇਤ ਕੀਤਾ ਕਿ ਜਿੱਥੇ ਰਸਦ, ਵਸਤ ਤੇ ਮਾਇਆ ਭੇਂਟ ਹੁੰਦੀ ਹੈ। ਉਥੇ ਵਧੀਆ ਸ਼ਸਤਰ ਅਤੇ ਚੰਗੀ ਨਸਲ ਦੇ ਘੋੜੇ ਵੀ ਭੇਂਟ ਕੀਤੇ ਜਾਣ। ਤੰਦਰੁਸਤ ਨੌਜਵਾਨ ਖ਼ਾਲਸਾ ਫ਼ੌਜੀ ਦਸਤਿਆਂ ਵਿੱਚ ਸ਼ਾਮਲ ਹੋਵੇ। ਕਸਰਤ , ਘੋਲ ਕੁਸ਼ਤੀਆਂ , ਘੋੜ ਸਵਾਰੀ, ਨੇਜ਼ੇਬਾਜ਼ੀ, ਤਲਵਾਰ, ਬੰਦੂਕ, ਸ਼ਿਕਾਰ ਆਦਿ ਦੇ ਜੰਗੀ ਅਭਿਆਸ ਹੋਣ ਲੱਗੇ। ਸਿੱਖ ਸ਼ਸਤਰਧਾਰੀ ਹੋਣ ਲੱਗੇ। ਚੰਗੇ ਘੋੜਿਆਂ ਦਾ ਵਪਾਰ ਹੋਣ ਲੱਗਿਆ। ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਤਰੱਕੀ ਹੋਣ ਲੱਗੀ। ਕੌਮ ਦੀ ਬਕਾਇਦਾ ਫ਼ੌਜੀ ਸਿਖਲਾਈ ਆਰੰਭ ਹੋਈ। ਚੜ੍ਹਦੀਕਲਾ ਦਾ ਦੌਰ ਸ਼ੁਰੂ ਹੋਇਆ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਸੰਤ ਸਿਪਾਹੀ, ਸੂਰਬੀਰ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ। ਅੰਮ੍ਰਿਤਸਰ ਜਿਥੇ ਵਪਾਰਕ ਤਰੱਕੀ ਵਿੱਚ ਸਥਾਪਤ ਹੋਇਆ, ਉਥੇ ਸੂਰਬੀਰ ਕੌਮ ਦੇ ਵਿਕਾਸ ਵਾਸਤੇ ਅਤੇ ਉਤਸ਼ਾਹ ਵਾਸਤੇ 'ਲੋਹਗੜ੍ਹ' ਕਿਲਾ ਬਣਾਇਆ। ਅੰਮ੍ਰਿਤਸਰ ਖ਼ੁਦਮੁਖ਼ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਤਖ਼ਤ 'ਤੇ ਬੈਠ ਕੇ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ।

ਗੁਰੂ ਸਾਹਿਬ ਜੀ ਦੀ ਸ਼ਾਹੀ ਸੁਤੰਤਰ ਤੇ ਬੇਬਾਕ ਜੀਵਨ ਸ਼ੈਲੀ, ਹਕੂਮਤ ਨੂੰ ਰੜਕਣ ਲੱਗੀ। ਗੁਰੂ ਘਰ ਦੇ ਦੋਖੀਆਂ ਨੇ ਮੁਗਲ ਹਾਕਮਾਂ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਦੋਖੀ ਚੰਦੂ ਅਤੇ ਮਿਹਰਬਾਨ ਨੇ ਮੁਗਲ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸਿੱਖਾਂ ਦਾ ਗੁਰੂ ਤਖ਼ਤ 'ਤੇ ਬੈਠਦਾ ਹੈ। ਲੋਕ ਉਸ ਨੂੰ 'ਸੱਚਾ ਪਾਤਸ਼ਾਹ' ਮੰਨਦੇ ਹਨ। ਉਹ ਸੰਗਤਾਂ ਦੇ ਫ਼ੈਸਲੇ ਆਪ ਕਰਦਾ ਹੈ। ਉਸ ਦਾ ਸ਼ਾਹੀ ਠਾਠ ਬਾਠ ਹੈ। ਉਸ ਦੀ ਵੱਧਦੀ ਜਾਂਦੀ ਫ਼ੌਜੀ ਤਾਕਤ, ਮੁਗਲ ਸਾਮਰਾਜ ਲਈ ਵੱਡਾ ਖਤਰਾ ਹੈ। ਮੁਗਲ ਬਾਦਸ਼ਾਹ ਜਹਾਂਗੀਰ ਨੂੰ ਵੀ ਲੱਗਦਾ ਸੀ ਕਿ ਸ਼ਾਇਦ ਗੁਰੂ ਸਾਹਿਬ ਸਾਰੀ ਤਿਆਰੀ ਮੁਗਲ ਹਕੂਮਤ ਕੋਲੋਂ ਆਪਣੇ ਗੁਰੂ ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕਰ ਰਹੇ ਹੋਣਗੇ। ਇਸ ਲਈ ਸਿੱਖਾਂ ਦੀ ਤਾਕਤ ਨੂੰ ਕੁਚਲ ਦੇਣਾ ਚਾਹੀਦਾ ਹੈ। ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਕਮਜ਼ੋਰ ਨਹੀਂ ਕੀਤਾ। ਉਹ ਭੈ ਭੀਤ ਨਹੀਂ ਹੋਏ ਸਗੋਂ ਹੋਰ ਦਲੇਰ ਅਤੇ ਨਿਡਰ ਬਣ ਗਏ ਹਨ। ਇਹ ਸੱਚਮੁੱਚ ਹੀ ਹਕੂਮਤ ਵਾਸਤੇ ਖਤਰਾ ਹੋਣਗੇ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਨਿਸ਼ਾਨਾ ਬਣਾਉਣ ਦੀਆਂ ਚਾਲਾਂ ਹੇਠ ਗੁਰੂ ਸਾਹਿਬ ਜੀ ਨੂੰ ਮੱਧ ਭਾਰਤ ਦੇ ਸਖ਼ਤ ਸੁਰੱਖਿਆ ਵਾਲੇ ਕਿਲੇ ਗਵਾਲੀਅਰ ਵਿੱਚ ਨਜ਼ਰਬੰਦ ਕਰ ਦਿੱਤਾ। ਮੁਗਲ ਹਕੂਮਤ ਵਿਰੁੱਧ ਬਗਾਵਤ ਨੂੰ ਸ਼ੈਅ ਦੇਣ ਦਾ ਦੋਸ਼ ਲਗਾਇਆ।

ਗਵਾਲੀਅਰ ਦੇ ਕਿਲੇ ਵਿੱਚ ਬਾਦਸ਼ਾਹ ਵੱਲੋਂ ਵੱਖ ਵੱਖ ਰਿਆਸਤਾਂ ਦੇ 52 ਰਾਜੇ ਵੀ ਨਜ਼ਰਬੰਦ ਕੀਤੇ ਗਏ ਸਨ। ਰਾਜਸੀ ਰਾਜੇ ਬਹੁਤ ਹੀ ਮੰਦੀ ਹਾਲਤ ਵਿੱਚ ਕੈਦ ਕੱਟ ਰਹੇ ਸਨ। ਉਹ ਆਪਣੀ ਆਜ਼ਾਦੀ ਦੀ ਆਸ ਛੱਡ ਕੇ ਬੜੀ ਨਿਰਾਸ਼ਾ ਵਿੱਚ ਰਹਿ ਰਹੇ ਸਨ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਬੰਦੀ ਬਣਾਏ ਜਾਣ ਨੂੰ ਪਰਮਾਤਮਾ ਦੀ ਮਿਹਰ ਵਜੋਂ ਸਵੀਕਾਰ ਕਰਦਿਆਂ ਸਮਝਾਇਆ ਕਿ ਜ਼ੁਲਮ ਸਿਰਫ਼ ਸਰੀਰ ਨੂੰ ਬੰਦੀ ਬਣਾ ਸਕਦਾ ਹੈ, ਆਤਮਾ ਨੂੰ ਨਹੀਂ। ਇਸ ਨਾਲ ਸਾਨੂੰ ਪਰਮਾਤਮਾ ਦੇ ਸਿਮਰਨ ਵਿੱਚ ਵਧੇਰੇ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਹੈ। ਗੁਰੂ ਸਾਹਿਬ ਜੀ ਦੇ ਚੜ੍ਹਦੀਕਲਾ ਵਾਲੇ ਵਿਚਾਰਾਂ ਦਾ ਰਾਜਿਆਂ ਦੇ ਮਨ 'ਤੇ ਭਾਰੀ ਅਸਰ ਹੋਇਆ। ਉਹ ਰਾਜੇ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਸਾਹਿਬ ਜੀ ਨੇ ਉਨ੍ਹਾਂ ਲਈ ਵਧੀਆ ਪੁਸ਼ਾਕ ਅਤੇ ਚੰਗੀ ਖੁਰਾਕ ਦਾ ਪ੍ਰਬੰਧ ਕਰਵਾ ਲਿਆ। ਬਾਦਸ਼ਾਹ ਵੱਲੋਂ ਗੁਰੂ ਸਾਹਿਬ ਜੀ ਦੀ ਨਜ਼ਰਬੰਦੀ ਵਧਾਉਣ ਦੀ ਸਾਜ਼ਿਸ਼ ਨੂੰ ਵੇਖ ਕੇ ਸਿੱਖਾਂ ਸਮੇਤ ਆਮ ਜਨਤਾ ਅਤੇ ਧਰਮਾਂ ਦੇ ਲੋਕਾਂ ਦਾ ਵਿਦਰੋਹ ਹੋਣ ਲੱਗਿਆ। ਸਿੱਖ ਹੋਰ ਵਿੱਚ ਆ ਕੇ ਥਾਂ ਥਾਂ ਤੋਂ ਜਥੇ ਬਣਾ ਕੇ ਗਵਾਲੀਅਰ ਦੇ ਕਿਲੇ ਪਹੁੰਚਣ ਲੱਗੇ ਪਰ ਮੁਲਾਕਾਤ ਦੀ ਇਜਾਜ਼ਤ ਨਾ ਮਿਲਦੀ।

(ਬਾਕੀ ਸਫ਼ਾ 21 'ਤੇ)

ਖ਼ਾਲਸਾ ਰਾਜ ਸਮੇਂ ਦੀ ਦੀਵਾਲੀ



ਪ੍ਰਿੰਸੀਪਲ ਸੁਰਜੀਤ ਸਿੰਘ (ਦਿੱਲੀ ਵਾਲੇ) ਆਪਣੀ ਛੋਟੀ ਜਿਹੀ ਪੁਸਤਕ 'ਦੀਵਾਲੀ ਅਤੇ ਸਿੱਖ' ਵਿੱਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿੱਚ ਉਲਝ ਕੇ ਰਹਿ ਗਏ ਹਾਂ।

ਛੇਵੇਂ ਸਤਿਗੁਰੂ ਅਤੇ ਦੀਵਾਲੀ

ਲੇਖਕ ਹਰਪ੍ਰੀਤ ਸਿੰਘ ਅਨੁਸਾਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜੀ ਅਗਸਤ ਦੇ ਮਹੀਨੇ ਸੰਨ 1621 ਵਿੱਚ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਅਪਣੇ ਨਾਲ ਰਿਹਾਅ ਕਰਵਾ ਕੇ ਲਿਆਏ, ਉਹਨੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ–'ਦੀਵਾਲੀ' ਅਤੇ 'ਵਿਸਾਖੀ' ਹੋਇਆ ਕਰਦੇ ਸਨ ਪਰ ਇਹ ਇਕੱਠ ਕਿਸੇ ਆਤਿਸ਼ਬਾਜ਼ੀ ਜਾਂ ਦੀਪਮਾਲਾ ਵਾਲੀ ਦੀਵਾਲੀ ਵਾਂਗ ਨਹੀਂ ਸਨ ਹੋਇਆ ਕਰਦੇ। ਗੁਰੂ ਸਾਹਿਬ ਜਿੱਥੇ ਵੀ ਜਾਂਦੇ ਸਨ, ਸੰਗਤਾਂ ਵੱਡੇ ਇਕੱਠ ਵਿੱਚ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ ਸਨ। ਉਹ ਗੁਰੂ ਜੀ ਪਾਸੋਂ ਕੁਝ ਸਿਖਿਆ ਲੈਣ ਲਈ ਇਕੱਠੇ ਹੁੰਦੇ ਸਨ ਨਾ ਕਿ ਦੀਵੇ ਬਾਲਦੇ ਸਨ।

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਟਰੰਪ ਨੂੰ ਵੱਡਾ ਝਟਕਾ

ਮੱਧਕਾਲੀ ਚੋਣਾਂ: ਦੋਹਾਂ ਸਦਨਾਂ 'ਚ ਡੈਮੋਕ੍ਰੇਟਿਕ ਪਾਰਟੀ ਨੂੰ ਬਹੁਮਤ

ਸੂਬਿਆਂ 'ਚ ਡੈਮੋਕਰੈਟਾਂ ਦੇ 94 ਸਾਲਾਂ ਬਾਅਦ ਪੈਰ ਲੱਗੇ

ਵੋਟਰਾਂ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਨਕਾਰਦਿਆਂ ਡੈਮੋਕ੍ਰੇਟਸ ਦੇ ਹੱਕ ਵਿੱਚ ਸੁਣਾਇਆ ਫੈਸਲਾ

ਵਾਸ਼ਿੰਗਟਨ/ ਏ.ਟੀ.ਨਿਊਜ਼ : ਅਮਰੀਕੀ ਮਿਡਟਰਮ ਚੋਣਾਂ ਦੇ ਨਤੀਜਿਆਂ ਨੇ ਅਮਰੀਕੀ ਸਿਆਸਤ 'ਚ ਵੱਡਾ ਉਲਟਫੇਰ ਕਰ ਦਿੱਤਾ ਹੈ। ਸੈਨੇਟ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਨੇ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ 'ਚ ਵੀ ਜ਼ਬਰਦਸਤ ਜਿੱਤ ਹਾਸਲ ਕਰਕੇ ਅਮਰੀਕੀ ਸੰਸਦ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਹੈ। ਇਹ ਫੈਸਲਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰਿਪਬਲਿਕਨ ਪ੍ਰਸ਼ਾਸਨ ਲਈ ਇੱਕ ਵੱਡਾ ਸਿਆਸੀ ਝਟਕਾ ਮੰਨਿਆ ਜਾ ਰਿਹਾ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿੱਚ ਡੈਮੋਕਰੇਟਿਕ ਪਾਰਟੀ ਨੇ ਜ਼ਬਰਦਸਤ ਵਾਪਸੀ ਕਰਦਿਆਂ 435 ਮੈਂਬਰੀ 'ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼' (ਹੇਠਲਾ ਸਦਨ) ਅਤੇ 100 ਮੈਂਬਰੀ 'ਸੈਨੇਟ' ਦੋਵਾਂ ਵਿੱਚ ਹੀ ਪੂਰਨ ਬਹੁਮਤ ਹਾਸਲ ਕਰ ਲਿਆ ਹੈ। ਇਸ ਦੇ ਨਾਲ ਹੀ 30 ਸੂਬਿਆਂ ਵਿੱਚ ਆਪਣੇ ਗਵਰਨਰ ਬਣਾ ਕੇ ਸੱਤਾ 'ਤੇ ਕਬਜ਼ਾ ਕੀਤਾ ਹੈ।

ਵੋਟਰਾਂ ਦੇ ਇਸ ਫਤਵੇ ਨੇ ਸਿਆਸੀ ਗਲਿਆਰਿਆਂ ਵਿੱਚ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਜਨਤਾ ਵੱਲੋਂ ਦਿੱਤੀ ਗਈ ਸੱਤਾ ਮਨਮਰਜ਼ੀਆਂ ਕਰਨ ਲਈ ਨਹੀਂ, ਸਗੋਂ ਲੋਕ ਹਿੱਤਾਂ ਦੀ ਪਹਿਰੇਦਾਰੀ ਲਈ ਹੁੰਦੀ ਹੈ। ਬੇਸ਼ੱਕ ਡੋਨਲਡ ਟਰੰਪ ਆਪਣੇ ਕਾਰਜਕਾਲ ਦੇ ਰਹਿੰਦੇ ਦੋ ਸਾਲ ਪੂਰੇ ਕਰਨਗੇ, ਪਰ ਹੁਣ ਉਸ ਕੋਲ ਪਹਿਲਾਂ ਵਾਂਗ 'ਮਨਮਰਜੀ' ਦੇ ਫੈਸਲੇ ਦੀਆਂ ਸ਼ਕਤੀਆਂ ਨਹੀਂ ਰਹੀਆਂ ਹਨ। ਉਸ ਲਈ ਕੋਈ ਵੀ ਵਿਧਾਨਕ ਫੈਸਲਾ ਲੈਣਾ ਹੁਣ ਉਸ ਦੀ ਵਿਰੋਧੀ ਪਾਰਟੀ ਦੀ ਇੱਛਾ ਉੱਤੇ ਨਿਰਭਰ ਹੋ ਗਿਆ ਹੈ। ਡੈਮੋਕਰੈਟਿਕ ਪਾਰਟੀ ਦੀ ਅਜਿਹੀ ਹਨੇਰੀ ਚੱਲੀ ਹੈ ਕਿ 8-10 ਸੂਬਿਆਂ ਚ 1932 ਤੋਂ ਰਿਪਲਿਕਨਾਂ ਨਾਲ ਜੁੜੇ ਹੋਏ ਲੋਕਾਂ ਨੇ ਵੀ ਡੈਮੋਕਰੈਟਿਕਾਂ ਨੂੰ ਪਾਸਾ ਪਲਟਣ



ਲਈ ਮਜਬੂਰ ਹੋਣਾ ਪਿਆ ਹੈ।

ਵੋਟਰਾਂ ਨੇ ਕਈ ਨਾਮੀ ਕੰਪਨੀਆਂ ਦੇ ਸਰਵੇਖਣ ਵੀ ਗਲਤ ਸਾਬਤ ਕਰ ਦਿੱਤੇ ਹਨ। ਮੱਧਕਾਲੀ ਚੋਣਾਂ ਵਿੱਚ ਵਿਸ਼ੇਸ਼ ਗੱਲ ਇਹ ਰਹੀ ਕਿ ਦੋਹਾਂ ਸਦਨਾਂ ਵਿੱਚ ਦਹਾਕਿਆਂ ਤੋਂ ਚੱਲ ਰਹੇ ਦੋਹਾਂ ਪਾਰਟੀਆਂ ਚੋਂ ਸਤਾਧਾਰੀ ਪਾਰਟੀ ਨੂੰ ਪਤਲੇ ਜਿਹੇ ਬਹੁਮੱਤ ਦੇ ਰੁਝਾਨ ਦੀ ਥਾਂ ਇਸ ਵਾਰ ਵੱਡਾ ਫਰਕ ਪਾਇਆ ਹੈ।

ਹਾਊਸ ਆਫ ਰਿਪਰਿਜੈਂਟਵ , ਜਿਸਨੂੰ ਆਮ ਤੌਰ 'ਤੇ ਹਾਊਸ ਆਫ ਕਾਮਨ ਬੋਲਿਆ ਜਾਂਦਾ ਹੈ ਦੀਆਂ 435 ਸੀਟਾਂ ਚੋਂ 228 ਸੀਟਾਂ ਜਿੱਤ ਲਈਆਂ ਹਨ, ਜਦ ਕਿ 68 ਦੇ ਨਤੀਜੇ ਅਜੇ ਆਉਣੇ ਬਾਕੀ ਹਨ। ਸੱਤਾਧਾਰੀ ਰਿਬਲਿਕਨ ਪਾਰਟੀ ਨੂੰ ਸਿਰਫ 139 ਸੀਟਾਂ 'ਤੇ ਜਿੱਤ ਨਸੀਬ ਹੋਈ ਹੈ। 100 ਸੀਟਾਂ ਵਾਲੀ ਸੈਨੇਟ ਲਈ ਹਰੇਕ ਦੋ ਸਾਲ ਬਾਅਦ ਇੱਕ-ਤਿਹਾਈ ਸੀਟਾਂ 'ਤੇ ਹੁੰਦੀਆਂ ਚੋਣਾਂ ਤਹਿਤ ਇਸ ਵਾਰ 35 ਸੀਟਾਂ 'ਤੇ ਵੋਟਾਂ ਪਈਆਂ। ਆਏ ਨਤੀਜਿਆਂ ਦੇ ਕੁੱਲ ਅੰਕੜਿਆਂ ਮੁਤਾਬਕ ਡੈਮੋਕਰੇਟਿਕ ਪਾਰਟੀ ਨੇ 54 ਸੀਟਾਂ 'ਤੇ ਜਿੱਤ ਦਰਜ ਕਰਕੇ ਪੂਰਨ ਬਹੁਮਤ ਹਾਸਲ ਕਰ ਲਿਆ ਹੈ।

ਅਮਰੀਕਾ ਦੇ 50 ਸੂਬਿਆਂ ਦੇ ਗਵਰਨਰਾਂ ਦੇ ਨਤੀਜਿਆਂ 'ਤੇ ਝਾਤ ਮਾਰੀਏ ਤਾਂ 28 ਸੂਬਿਆਂ ਵਿੱਚ ਡੈਮੋਕਰੇਟਿਕ ਅਤੇ 20 ਸੂਬਿਆਂ ਵਿੱਚ ਰਿਪਬਲਿਕਨ ਸਮਰਥਕਾਂ ਦੇ ਹੱਥ ਸੱਤਾ ਦੀ ਵਾਗਡੋਰ ਆਈ ਹੈ।

ਟਰੰਪ ਦੀ ਰਿਪਬਲਿਕਨ ਪਾਰਟੀ ਨੂੰ ਆਪਣੇ ਮਜ਼ਬੂਤ ਗੜ੍ਹ ਮੰਨੇ ਜਾਣ ਵਾਲੇ ਟੈਕਸਾਸ, ਜਾਰਜੀਆ, ਆਇਓਵਾ ਅਤੇ ਓਹਾਇਓ ਵਰਗੇ ਸੂਬਿਆਂ ਵਿੱਚ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ, ਜਿੱਥੇ ਉਸਨੇ ਡੇਮੋਕ੍ਰੇਟਿਕ ਪਾਰਟੀ ਦੇ ਹੱਥੋਂ ਗਵਰਨਰ ਦੇ ਅਹੁਦੇ ਗੁਆ ਦਿੱਤੇ ਹਨ। ਇਸ ਤੋਂ ਇਲਾਵਾ ਟੈਕਸਾਸ, ਮੇਨ, ਸਾਊਥ ਕੈਰੋਲੀਨਾ, ਨਾਰਥ ਕੈਰੋਲੀਨਾ, ਕੰਸਾਸ, ਆਇਓਵਾ ਅਤੇ ਓਹਾਇਓ ਵਿੱਚ ਸੈਨੇਟ ਦੀਆਂ ਸੀਟਾਂ 'ਤੇ ਵੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਟਰੰਪ ਨੇ ਇਨ੍ਹਾਂ ਸੂਬਿਆਂ ਦੇ ਵੋਟਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ (ਟਰੰਪ) ਨੂੰ ਚੋਣ ਮੈਦਾਨ ਵਿੱਚ ਮੰਨ ਕੇ ਵੋਟ ਪਾਉਣ।

ਲੰਘੇ ਦਿਨੀਂ ਹੋਈ ਵੋਟਿੰਗ ਦੌਰਾਨ ਅਮਰੀਕੀ ਜਨਤਾ ਨੇ ਮਹਿੰਗਾਈ, ਇਰਾਨ ਨਾਲ ਚੱਲ ਰਹੀ ਜੰਗ ਅਤੇ ਭ੍ਰਿਸ਼ਟਾਚਾਰ (ਬਾਕੀ ਸਫ਼ਾ 26 'ਤੇ)

ਮੇਰੇ ਕੋਲ ਪੂਰੀ ਵੀਟੋ ਸ਼ਕਤੀ ਹੈ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਮਿਡਟਰਮ ਚੋਣਾਂ ਵਿੱਚ ਰੀਪਬਲਿਕਨ ਦੀ ਹਾਰ ਨੂੰ ਸਵੀਕਾਰ ਕਰ ਲਿਆ ਹੈ। ਨਾਲ ਹੀ ਅਮਰੀਕੀ ਕਾਂਗਰਸ ਦੇ ਦੋਵੇਂ ਚੈਂਬਰਾਂ 'ਤੇ ਕਬਜ਼ਾ ਕਰ ਲੈਣ ਵਾਲੇ ਵਿਰੋਧੀ ਪਾਰਟੀ ਦੇ ਡੈਮੋਕ੍ਰੇਟਸ (ਬਲੂ ਵੇਵ) ਨੂੰ ਮੱਧਕਾਲੀ ਜਿੱਤਾਂ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ। ਇਸ ਦੇ ਨਾਲ ਹੀ ਟਰੰਪ ਨੇ ਡੈਮੋਕ੍ਰੇਟਸ ਨਾਲ ਕੰਮ ਕਰਨ ਦੀ ਇੱਛਾ ਜਤਾਈ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦੇ ਖ਼ੁਦ ਦੇ ਚੋਣ ਮੈਦਾਨ ਵਿੱਚ ਨਾ ਹੋਣ ਕਾਰਨ ਰਿਪਬਲਿਕਨ ਨੂੰ ਭਾਰੀ ਨੁਕਸਾਨ ਹੋਇਆ ਹੈ।



ਸੀ.ਬੀ.ਐੱਸ. ਨਿਊਜ਼ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਦੇਸ਼ ਦੇ ਭਲੇ ਲਈ ਡੈਮੋਕ੍ਰੇਟਸ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ, ਪਰ ਨਾਲ ਹੀ ਚਿਤਾਵਨੀ ਦਿੱਤੀ ਕਿ ਉਨ੍ਹਾਂ ਕੋਲ ਪੂਰੀ ਵੀਟੋ ਤਾਕਤ ਹੈ। ਚੋਣ ਨਤੀਜਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਟਰੰਪ ਨੇ ਕਿਹਾ, 'ਮੇਰਾ ਸੁਨੇਹਾ ਹੈ—ਡੈਮੋਕ੍ਰੇਟਸ ਨੂੰ ਵਧਾਈ, ਅਤੇ ਮੈਂ ਆਪਣੇ ਦੇਸ਼ ਦੇ ਭਲੇ ਲਈ ਤੁਹਾਡੇ ਨਾਲ ਕੰਮ ਕਰਨ ਦੀ ਉਮੀਦ ਕਰਦਾ ਹਾਂ'। ਉਨ੍ਹਾਂ ਕਿਹਾ ਕਿ ਉਹ ਕਈ ਡੈਮੋਕ੍ਰੇਟਸ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਦੋਵੇਂ ਪੱਖ ਮਿਲ ਕੇ ਰਸਤਾ ਕੱਢ ਲੈਣਗੇ। ਟਰੰਪ ਨੇ ਨਾਲ ਹੀ ਕਿਹਾ, 'ਮੇਰੇ ਕੋਲ ਪੂਰੀ ਵੀਟੋ ਸ਼ਕਤੀ ਹੈ... ਨਹੀਂ ਤਾਂ ਮੈਂ ਹਰ ਚੀਜ਼ 'ਤੇ ਵੀਟੋ ਕਰ ਦੇਵਾਂਗਾ ਅਤੇ ਉਹ ਅਜਿਹਾ ਨਹੀਂ ਚਾਹੁਣਗੇ'। ਰਿਪਬਲਿਕਨ ਉਮੀਦਵਾਰਾਂ ਦੀ ਹਾਰ ਦਾ ਬਚਾਅ ਕਰਦਿਆਂ ਟਰੰਪ ਨੇ ਦਾਅਵਾ ਕੀਤਾ ਕਿ ਜੇਕਰ ਉਹ ਖੁਦ ਚੋਣ ਮੈਦਾਨ ਵਿੱਚ ਹੁੰਦੇ ਤਾਂ ਰਿਪਬਲਿਕਨ ਪਾਰਟੀ ਆਸਾਨੀ ਨਾਲ ਜਿੱਤ ਜਾਂਦੀ। ਉਨ੍ਹਾਂ ਕਿਹਾ ਕਿ ਕੁਝ ਉਮੀਦਵਾਰ ਵੋਟਰਾਂ ਵਿੱਚ ਪਸੰਦ ਨਹੀਂ ਕੀਤੇ ਗਏ ਅਤੇ ਕੁਝ ਉਨ੍ਹਾਂ ਦੇ ਦੋਸਤ ਨਹੀਂ ਸਨ, ਜਿਸ ਕਾਰਨ ਉਨ੍ਹਾਂ ਦੇ ਸਮਰਥਕ ਵੋਟ ਪਾਉਣ ਨਹੀਂ ਨਿਕਲੇ।

ਡੈਮੋਕ੍ਰੇਟਿਕ ਪਾਰਟੀ ਨੇ ਰਿਪਬਲਿਕਨ ਪਾਰਟੀ ਦੇ ਮਜ਼ਬੂਤ ਗੜ੍ਹ ਮੰਨੇ ਜਾਂਦੇ ਟੈਕਸਾਸ, ਸਾਊਥ ਕੈਰੋਲੀਨਾ ਅਤੇ ਕੰਸਾਸ ਵਰਗੇ ਰਾਜਾਂ ਵਿੱਚ ਇਤਿਹਾਸਕ ਜਿੱਤਾਂ ਦਰਜ ਕੀਤੀਆਂ ਹਨ। ਕੰਸਾਸ ਵਿੱਚ ਲਗਭਗ ਇੱਕ ਸਦੀ ਤੋਂ ਚੱਲ ਰਹੇ ਰਿਪਬਲਿਕਨ ਦਬਦਬੇ ਨੂੰ ਖ਼ਤਮ ਕਰਦਿਆਂ ਡੈਮੋਕ੍ਰੇਟਸ ਨੇ ਸੀਨੇਟ ਸੀਟ 'ਤੇ ਜਿੱਤ ਹਾਸਲ ਕੀਤੀ। ਫੌਕਸ ਨਿਊਜ਼ ਅਨੁਸਾਰ ਨੌਜਵਾਨ, ਆਜ਼ਾਦ ਵੋਟਰ , ਗ੍ਰਾਮੀਣ ਵੋਟਰ ਅਤੇ ਹਿਸਪੈਨਿਕ ਵੋਟਰ ਰਿਪਬਲਿਕਨ ਪਾਰਟੀ ਤੋਂ ਦੂਰ ਹੋ ਗਏ। ਸੀ.ਐੱਨ.ਐੱਨ. ਅਨੁਸਾਰ ਮਹਿੰਗਾਈ, ਟਰੰਪ ਦੀਆਂ ਟੈਰਿਫ ਨੀਤੀਆਂ, ਇਰਾਨ ਜੰਗ ਪ੍ਰਤੀ ਅਸੰਤੋਸ਼ ਅਤੇ ਟਰੰਪ ਦੇ ਆਚਰਣ ਕਾਰਨ ਵੋਟਰਾਂ ਨੇ ਡੈਮੋਕ੍ਰੇਟਸ ਦੇ ਹੱਕ ਵਿੱਚ ਫਤਵਾ ਦਿੱਤਾ।

ਚੋਣ ਨਤੀਜਿਆਂ ਤੋਂ ਬਾਅਦ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਾਲ 'ਮਾਗਾ' ਕੈਪ ਦੀ ਤਸਵੀਰ ਪੋਸਟ ਕੀਤੀ। ਇੱਕ ਹੋਰ ਪੋਸਟ ਵਿੱਚ ਉਨ੍ਹਾਂ ਲਿਖਿਆ ਕਿ ਉਹ ਇੱਕ ਸਿਆਸੀ ਵਿਸ਼ਲੇਸ਼ਕ ਵਾਂਗ ਇਨ੍ਹਾਂ ਚੋਣ ਨਤੀਜਿਆਂ ਦਾ ਵਿਸ਼ਲੇਸ਼ਣ ਕਰਨਗੇ। ਟਰੰਪ ਨੇ ਕਿਹਾ ਕਿ ਉਹ ਚੋਣ ਨਤੀਜਿਆਂ ਨੂੰ ਪੂਰੀ ਤਰ੍ਹਾਂ ਮੰਨਣ ਲਈ ਤਿਆਰ ਹਨ ਅਤੇ ਵਿਰੋਧੀ ਪਾਰਟੀ ਨਾਲ ਮਿਲ ਕੇ ਕੰਮ ਕਰਨਗੇ। ਸੀ.ਬੀ.ਐੱਸ. ਨਿਊਜ਼ ਨਾਲ ਗੱਲਬਾਤ ਦੌਰਾਨ ਇਰਾਨ ਨਾਲ ਚੱਲ ਰਹੇ ਟਕਰਾਅ ਦਾ ਜ਼ਿਕਰ ਕਰਦਿਆਂ ਟਰੰਪ ਨੇ ਦਾਅਵਾ ਕੀਤਾ, ਇਰਾਨ ਜੰਗ ਉਦੋਂ ਖ਼ਤਮ ਹੋਵੇਗੀ ਜਦੋਂ ਮੈਂ ਕਹਾਂਗਾ ਕਿ ਇਹ ਖ਼ਤਮ ਹੋ ਗਈ ਹੈ। ਬੁਨਿਆਦੀ ਤੌਰ 'ਤੇ ਇਹ ਉਦੋਂ ਹੀ ਖ਼ਤਮ ਹੋਵੇਗੀ ਜਦੋਂ ਮੈਂ ਕਹਾਂਗਾ।

ਅਮਰੀਕਾ 'ਚ ਸਿੱਖ ਨੌਜਵਾਨ ਜੋਤ ਸਿੰਘ ਨੇ ਰਚਿਆ ਇਤਿਹਾਸ; ਜਾਰਜੀਆ ਹਾਊਸ ਦੀ ਸੀਟ ਜਿੱਤੀ

ਜਾਰਜੀਆ ਅਸੈਂਬਲੀ 'ਚ ਪਹੁੰਚਣ ਵਾਲੇ ਪਹਿਲੇ ਸਿੱਖ ਅਤੇ ਭਾਰਤੀ-ਅਮਰੀਕੀ ਬਣੇ ਯੇਲ ਯੂਨੀਵਰਸਿਟੀ ਦੇ ਵਿਦਿਆਰਥੀ

ਚੰਡੀਗੜ੍ਹ : ਅਮਰੀਕਾ ਵਿੱਚ 27 ਸਾਲਾ ਸਿੱਖ ਨੌਜਵਾਨ ਜੋਤ ਸਿੰਘ ਨੇ ਵੱਡੀ ਪ੍ਰਾਪਤੀ ਹਾਸਲ ਕਰਦਿਆਂ ਇਤਿਹਾਸ ਰਚ ਦਿੱਤਾ ਹੈ। ਯੇਲ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਵਾਲੇ ਜੋਤ ਸਿੰਘ ਜਾਰਜੀਆ ਸਟੇਟ ਅਸੈਂਬਲੀ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਅਤੇ ਭਾਰਤੀ ਮੂਲ ਦੇ ਅਮਰੀਕੀ ਬਣ ਗਏ ਹਨ।



ਡੈਮੋਕ੍ਰੇਟਿਕ ਪਾਰਟੀ ਵੱਲੋਂ ਚੋਣ ਲੜਦਿਆਂ ਜੋਤ ਸਿੰਘ ਨੇ 3 ਨਵੰਬਰ ਨੂੰ ਡਿਸਟ੍ਰਿਕਟ 97 ਤੋਂ ਰਿਪਬਲਿਕਨ ਉਮੀਦਵਾਰ ਯਾਸੀਨ ਮੋਗਾਜ਼ੀ ਨੂੰ ਹਰਾ ਕੇ ਜਾਰਜੀਆ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਦੀ ਸੀਟ 'ਤੇ ਕਬਜ਼ਾ ਕੀਤਾ ਹੈ। ਉਨ੍ਹਾਂ ਦੇ ਚੋਣ ਹਲਕੇ ਵਿੱਚ ਡੂਲੂਥ, ਪੀਚਟ੍ਰੀ ਕਾਰਨਰਜ਼, ਨੋਰਕਰਾਸ ਅਤੇ ਗਵਿਨੇਟ ਕਾਊਂਟੀ ਦੀ ਬਰਕਲੇ ਲੇਕ ਦੇ ਇਲਾਕੇ ਆਉਂਦੇ ਹਨ। ਭਾਰਤ ਤੋਂ ਅਮਰੀਕਾ ਗਏ ਸਿੱਖ ਪਰਵਾਸੀਆਂ ਦੇ ਘਰ ਜਨਮੇ ਜੋਤ ਸਿੰਘ ਨੇ ਬਚਪਨ ਵਿੱਚ ਕਾਫੀ ਸੰਘਰਸ਼ ਕੀਤਾ ਹੈ। ਉਹ ਨੋਰਕਰਾਸ ਵਿੱਚ ਇੱਕ ਸਧਾਰਨ ਕਾਮੇ ਪਰਿਵਾਰ ਵਿੱਚ ਪਲੇ-ਵੱਡੇ ਹੋਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਬੇਸਮੈਂਟ ਵਾਲੇ ਘਰਾਂ ਵਿੱਚ ਵੀ ਰਿਹਾ ਅਤੇ ਉਨ੍ਹਾਂ ਨੇ ਆਪਣੇ ਪਰਿਵਾਰ ਦਾ ਸਹਾਰਾ ਬਣਨ ਲਈ ਮਹਿਜ਼ 15 ਸਾਲ ਦੀ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਜੋਤ ਸਿੰਘ ਨੇ ਗਵਿਨੇਟ ਸਕੂਲ ਆਫ਼ ਮੈਥੇਮੈਟਿਕਸ, ਸਾਇੰਸ ਐਂਡ ਟੈਕਨਾਲੋਜੀ ਤੋਂ ਮੁੱਢਲੀ ਸਿੱਖਿਆ ਲੈਣ ਮਗਰੋਂ 2021 ਵਿੱਚ ਯੇਲ ਯੂਨੀਵਰਸਿਟੀ ਤੋਂ ਗਲੋਬਲ ਅਫੇਅਰਜ਼ ਦੀ ਡਿਗਰੀ ਹਾਸਲ ਕੀਤੀ। ਉਨ੍ਹਾਂ ਨੇ 'ਬਲੂ ਹਸਕੀ ਗਰੁੱਪ' ਨਾਂ ਦੀ ਸਲਾਹਕਾਰ ਕੰਪਨੀ ਬਣਾਈ ਅਤੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕੀਤਾ। ਚੋਣਾਂ ਵਿੱਚ ਉਨ੍ਹਾਂ ਦਾ ਮੁੱਖ ਏਜੰਡਾ ਸਸਤੇ ਮਕਾਨ, ਵਧੀਆ ਸਿਹਤ ਸਹੂਲਤਾਂ, ਸਰਕਾਰੀ ਸਿੱਖਿਆ, ਪਰਵਾਸੀਆਂ ਦੇ ਹੱਕ ਅਤੇ ਆਮ ਲੋਕਾਂ ਦੀਆਂ ਆਰਥਿਕ ਮੁਸ਼ਕਲਾਂ ਹੱਲ ਕਰਨਾ ਰਿਹਾ ਹੈ।

ਉਨ੍ਹਾਂ ਦੀ ਇਹ ਜਿੱਤ ਅਮਰੀਕਾ ਦੀ ਰਾਜਨੀਤੀ ਵਿੱਚ ਸਿੱਖਾਂ ਅਤੇ ਭਾਰਤੀ ਭਾਈਚਾਰੇ ਦੀ ਵਧਦੀ ਤਾਕਤ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀ ਚੋਣ ਮੁਹਿੰਮ ਨੂੰ ਭਾਈਚਾਰੇ ਦੀਆਂ ਜਥੇਬੰਦੀਆਂ ਅਤੇ ਅਮਰੀਕੀ ਸੰਸਦ ਮੈਂਬਰ ਰੋਅ ਖੰਨਾ ਸਮੇਤ ਕਈ ਭਾਰਤੀ-ਅਮਰੀਕੀ ਆਗੂਆਂ ਦਾ ਸਾਥ ਮਿਲਿਆ।

ਅਬਦੁਲ ਅਲ-ਸਈਦ ਬਣੇ ਅਮਰੀਕਾ ਦੇ ਪਹਿਲੇ ਮੁਸਲਿਮ ਸੀਨੇਟਰ

ਵਾਸ਼ਿੰਗਟਨ : ਅਮਰੀਕੀ ਮਿਡਟਰਮ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਅਬਦੁਲ ਅਲ-ਸਈਦ ਨੇ ਮਿਸ਼ੀਗਨ ਤੋਂ ਸੀਨੇਟ ਸੀਟ ਜਿੱਤ ਕੇ ਅਮਰੀਕੀ ਇਤਿਹਾਸ ਵਿੱਚ ਪਹਿਲੇ ਮੁਸਲਿਮ ਸੀਨੇਟਰ ਬਣਨ ਦਾ ਮਾਣ ਹਾਸਲ ਕੀਤਾ ਹੈ। ਇਸ ਇਤਿਹਾਸਕ ਜਿੱਤ ਦੇ ਨਾਲ ਹੀ ਅਬਦੁਲ ਅਲ-ਸਈਦ ਦਾ ਭਾਰਤ, ਖ਼ਾਸ ਕਰਕੇ ਕਰਨਾਟਕ ਨਾਲ ਡੂੰਘਾ ਸਬੰਧ ਸਾਹਮਣੇ ਆਇਆ ਹੈ। ਅਬਦੁਲ ਅਲ-ਸਈਦ ਦਾ ਵਿਆਹ ਕਰਨਾਟਕ ਦੇ ਉੱਤਰ ਕੰਨੜ ਜ਼ਿਲ੍ਹੇ ਦੇ ਭਟਕਲ ਸ਼ਹਿਰ ਨਾਲ ਸਬੰਧਤ ਡਾ. ਸਾਰਾ ਜੁਕਾਕੂ ਨਾਲ ਹੋਇਆ ਹੈ। ਡਾ. ਸਾਰਾ ਦੇ ਪਿਤਾ ਡਾ. ਜੁਕਾਕੂ ਐੱਸ. ਤਈਅਬ ਨੇ 1976 ਵਿੱਚ ਬੈਂਗਲੁਰੂ ਮੈਡੀਕਲ ਕਾਲਜ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਅਤੇ 1980 ਦੇ ਦਹਾਕੇ ਵਿੱਚ ਅਮਰੀਕਾ ਦੇ ਮਿਸ਼ੀਗਨ ਵਿੱਚ ਗੁਰਦੇ ਦੇ ਰੋਗਾਂ ਦੇ ਮਾਹਿਰ (ਕਿਡਨੀ ਸਪੈਸ਼ਲਿਸਟ) ਵਜੋਂ ਵੱਸ ਗਏ ਸਨ। ਡਾ. ਸਾਰਾ ਦਾ ਜਨਮ ਅਤੇ ਪਾਲਣ-ਪੋਸ਼ਣ ਅਮਰੀਕਾ ਵਿੱਚ ਹੀ ਹੋਇਆ ਹੈ।

ਡਾ. ਸਾਰਾ ਦੇ ਦਾਦਾ ਜੇ.ਐੱਚ. ਸ਼ਮਸੁੱਦੀਨ ਜੁਕਾਕੂ ਇੱਕ ਜਾਣੇ-ਪਛਾਣੇ ਵਕੀਲ, ਸਿੱਖਿਆ ਸ਼ਾਸਤਰੀ ਅਤੇ ਰਾਜਨੇਤਾ ਸਨ। ਉਨ੍ਹਾਂ ਨੇ



1950 ਦੇ ਦਹਾਕੇ ਵਿੱਚ ਤਤਕਾਲੀ ਮੈਸੂਰ ਰਾਜ (ਹੁਣ ਕਰਨਾਟਕ) ਦੀ ਸਰਕਾਰ ਵਿੱਚ ਉੱਪ ਵਿੱਤ ਮੰਤਰੀ ਵਜੋਂ ਸੇਵਾ ਨਿਭਾਈ ਸੀ। ਉਨ੍ਹਾਂ ਨੇ ਭਟਕਲ ਦੇ ਵਿਕਾਸ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਸੀ। ਸਾਰਾ ਅਤੇ ਅਬਦੁਲ ਦੀ ਮੁਲਾਕਾਤ ਯੂਨੀਵਰਸਿਟੀ ਆਫ਼ ਮਿਸ਼ੀਗਨ ਵਿੱਚ ਪੜ੍ਹਾਈ ਦੌਰਾਨ ਹੋਈ ਸੀ, ਜਿੱਥੇ ਦੋਵੇਂ 'ਮੁਸਲਿਮ ਸਟੂਡੈਂਟਸ ਐਸੋਸੀਏਸ਼ਨ' ਨਾਲ ਜੁੜੇ ਹੋਏ ਸਨ। ਮਈ 2006 ਵਿੱਚ ਦੋਹਾਂ ਦਾ ਵਿਆਹ ਹੋਇਆ। ਡਾ. ਸਾਰਾ ਨੇ ਆਕਸਫੋਰਡ ਯੂਨੀਵਰਸਿਟੀ ਅਤੇ ਕੋਲੰਬੀਆ ਯੂਨੀਵਰਸਿਟੀ ਤੋਂ ਮੈਡੀਕਲ ਦੀ ਪੜ੍ਹਾਈ ਕੀਤੀ ਅਤੇ ਹੁਣ ਮਨੋਵਿਗਿਆਨ (ਸਾਈਕਾਇਟਰੀ)

‘ਦਿ ਵਾਲ ਸਟਰੀਟ ਜਰਨਲ’ ਖ਼ਿਲਾਫ਼ ਟਰੰਪ ਦਾ ਮਾਣਹਾਨੀ ਮੁਕੱਦਮਾ ਰੱਦ

ਮਿਆਮੀ/ ਏ.ਟੀ.ਨਿਊਜ਼ : ਇੱਕ ਫੈਡਰਲ ਜੱਜ ਨੇ ਇਹ ਕਹਿੰਦਿਆਂ ਕਿ ਰਾਸ਼ਟਰਪਤੀ ‘ਤਿਣਕੇ ਦਾ ਸਹਾਰਾ ਲੈ ਰਹੇ ਹਨ’, ਪਿਛਲੇ ਦਿਨੀਂ ਜੈਫਰੀ ਐਪਸਟੀਨ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਛਪੀ ਇੱਕ ਖ਼ਬਰ ਸਬੰਧੀ ‘ਦਿ ਵਾਲ ਸਟਰੀਟ ਜਰਨਲ’ ਅਤੇ ਮੀਡੀਆ ਦਿੱਗਜ ਰੂਪਰਟ ਮੁਰਡੋਕ ਖ਼ਿਲਾਫ਼ ਡੋਨਾਲਡ ਟਰੰਪ ਦਾ 10 ਅਰਬ ਡਾਲਰ ਦੀ ਮਾਣਹਾਨੀ ਦਾ ਮੁਕੱਦਮਾ ਰੱਦ ਕਰ ਦਿੱਤਾ।



ਮਿਆਮੀ ਵਿੱਚ ਯੂ ਐੱਸ ਡਿਸਟ੍ਰਿਕਟ ਜੱਜ ਡੈਰਿਨ ਗੈਲਜ਼ ਨੇ ਮੁਕੱਦਮੇ ਨੂੰ ਪੱਕੇ ਤੌਰ ’ਤੇ ਖਾਰਜ ਕਰਦਿਆਂ ਫ਼ੈਸਲਾ ਸੁਣਾਇਆ ਕਿ ਰਾਸ਼ਟਰਪਤੀ ਇਹ ਸਾਬਤ ਕਰਨ ਵਿੱਚ ਅਸਫਲ ਰਹੇ ਕਿ ਬਚਾਅ ਪੱਖ ਨੇ ਕਾਨੂੰਨ ਅਨੁਸਾਰ ਅਸਲ ਦੁਸ਼ਭਾਵਨਾ ਨਾਲ ਮਾਣਹਾਨੀ ਵਾਲੇ ਬਿਆਨ ਦਿੱਤੇ ਸਨ। ਫ਼ੈਸਲੇ ਵਿੱਚ ਕਿਹਾ ਗਿਆ ਕਿ ਮੁਕੱਦਮੇ ਵਿੱਚ ਅਖ਼ਬਾਰ ਦੀ ਖੋਜੀ ਪੱਤਰਕਾਰੀ ਵਿੱਚ ਕਮੀਆਂ ਨੂੰ ‘ਘੜਨ’ ਦੀ ਕੋਸ਼ਿਸ਼ ਕੀਤੀ ਗਈ ਸੀ। ਜਦੋਂ ਕਿਸੇ ਕੇਸ ਨੂੰ ਪੱਕੇ ਤੌਰ ’ਤੇ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਇਸ ਨੂੰ ਦੁਬਾਰਾ ਦਾਇਰ ਨਹੀਂ ਕੀਤਾ ਜਾ ਸਕਦਾ। ਇਹ ਫ਼ੈਸਲਾ ਟਰੰਪ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਲਈ ਵੱਡਾ ਝਟਕਾ ਹੈ, ਜਿਨ੍ਹਾਂ ਨੇ ਆਪਣੇ ਦੂਜੇ ਕਾਰਜਕਾਲ ਦੌਰਾਨ ਮੀਡੀਆ ਅਦਾਰਿਆਂ ਨਾਲ ਟਕਰਾਅ ਵਾਲੇ ਸਬੰਧ ਰੱਖੇ ਹਨ। ਇਸ ਜਰਨਲ ਤੋਂ ਇਲਾਵਾ, ਉਹ ਬੀ ਬੀ ਸੀ, ਐਸੋਸੀਏਟਿਡ ਪ੍ਰੈੱਸ ਅਤੇ ਸਭ ਤੋਂ ਤਾਜ਼ਾ ਸੀ ਐੱਨ ਐੱਨ, ਐੱਮ ਐੱਸ ਨਾਓ ਅਤੇ ਪੋਲੀਟਿਕੋ ਨਾਲ ਜੁੜੇ ਮੁਕੱਦਮਿਆਂ ਵਿੱਚ ਘਿਰੇ ਹੋਏ ਹਨ ਜਿਨ੍ਹਾਂ ਨੇ ਮੱਧ ਸਤੰਬਰ ਵਿੱਚ ਉਨ੍ਹਾਂ ਨੂੰ ਵ੍ਹਾਈਟ ਹਾਊਸ ਤੋਂ ਬਾਹਰ ਕੱਢਣ ਤੋਂ ਬਾਅਦ ਅੰਟਰੀ ਬਹਾਲ ਕਰਨ ਲਈ ਉਨ੍ਹਾਂ ’ਤੇ ਮੁਕੱਦਮਾ ਕੀਤਾ ਹੈ।’

ਫ਼ੌਜੀ ਤਿਆਰੀਆਂ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕਰਨ ’ਚ ਜੁਟਿਆ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਦੁਨੀਆ ’ਚ ਬਹੁ-ਮੋਰਚੇ ’ਤੇ ਜੰਗ, ਸਾਈਬਰ ਹਮਲਿਆਂ ਅਤੇ ਵਿਦੇਸ਼ੀ ਸਪਲਾਈ ਚੇਨਾਂ ਦੇ ਵਿਘਨ ਦੇ ਖਦਸ਼ਿਆਂ ਵਿਚਾਲੇ ਅਮਰੀਕਾ ਆਪਣੀਆਂ ਫ਼ੌਜੀ ਤਿਆਰੀਆਂ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕਰਨ ਵਿੱਚ ਜੁਟ ਗਿਆ ਹੈ। ਪੈਂਟਾਗਨ ਦੀ ‘ਫ਼ੋਰਟ੍ਰੈਸ ਅਮਰੀਕਾ’ ਯੋਜਨਾ ਤਹਿਤ ਮੁੱਖ ਫ਼ੌਜੀ ਅੱਡਿਆਂ ਨੂੰ 90 ਦਿਨਾਂ ਤੱਕ ਬਾਹਰੀ ਨਾਗਰਿਕ ਬੁਨਿਆਦੀ ਢਾਂਚੇ ਦੀ ਮਦਦ ਤੋਂ ਬਿਨਾਂ ਸੰਚਾਲਿਤ ਰੱਖਣ ਦੀ ਸਮਰੱਥਾ ਵਿਕਸਿਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਲਈ ਫ਼ੌਜੀ ਟਿਕਾਣਿਆਂ ’ਤੇ ਬਿਜਲੀ, ਪਾਣੀ, ਈਂਧਨ ਅਤੇ ਸੰਚਾਰ ਦੀ ਸੁਤੰਤਰ ਵਿਵਸਥਾ ਤਿਆਰ ਕੀਤੀ ਜਾਵੇਗੀ।



ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਪਿਛਲੇ ਦਿਨੀਂ ਵਰਜੀਨੀਆ ਸਥਿਤ ਮਰੀਨ ਕਾਰਪਸ ਬੇਸ ਕੁਆਂਟਿਕੋ ’ਚ ਆਪਣੇ ‘ਸਟੇਟ ਆਫ਼ ਦਿ ਫ਼ੋਰਸ’ ਸੰਬੋਧਨ ਦੌਰਾਨ ਇਸ ਯੋਜਨਾ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਰੱਖਿਆ ਮੰਤਰਾਲੇ ਦੇ ਪ੍ਰਾਪਤੀ ਅਤੇ ਰੱਖ-ਰਖਾਅ ਮਾਮਲਿਆਂ ਦੇ ਅਧੀਨ ਸਕੱਤਰ ਮਾਈਕਲ ਡਫ਼ੀ ਨੇ ਇਕ ਮੈਮੋਰੰਡਮ ਜਾਰੀ ਕਰ ਕੇ ਇਸ ਲਈ ਵੱਖਰਾ ਪ੍ਰੋਗਰਾਮ ਦਫ਼ਤਰ ਗਠਿਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ। ਰਿਚਰਡ ‘ਮੈਟ’ ਓ’ਮੈਲੀ ਨੂੰ ਇਸ ਦਾ ਅੰਤ੍ਰਿਮ ਡਾਇਰੈਕਟਰ ਬਣਾਇਆ ਗਿਆ ਹੈ। ਫ਼ਾਕਸ ਨਿਊਜ਼ ਨੇ ਪੈਂਟਾਗਨ ਦੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਮੁੱਖ ਫ਼ੌਜੀ ਅੱਡਿਆਂ ਲਈ 90 ਦਿਨਾਂ ਦੀ ਆਤਮਨਿਰਭਰਤਾ ਦਾ ਟੀਚਾ ਸਾਹਮਣੇ ਰੱਖਿਆ।

ਯੋਜਨਾ ਦੇ ਪੰਜ ਮੁੱਖ ਥੰਮ੍ਹ ਹਨ। ਇਨ੍ਹਾਂ ’ਚ ਊਰਜਾ ਆਤਮਨਿਰਭਰਤਾ, ਰੱਖਿਆ ਉਪਕਰਣਾਂ ਅਤੇ ਪੁਰਜ਼ਿਆਂ ਦੀ ਸਪਲਾਈ ਚੇਨ ਮਜ਼ਬੂਤ ਕਰਨਾ, ਪੁਲਾੜ ਅਤੇ ਸੰਚਾਰ ਪ੍ਰਣਾਲੀਆਂ ਦੀ ਸੁਰੱਖਿਆ, ਰਣਨੀਤਕ ਰੱਖਿਆ ਭੰਡਾਰ ਤਿਆਰ ਕਰਨਾ ਅਤੇ ਫ਼ੌਜੀ ਟਿਕਾਣਿਆਂ ਦੀ ਭੌਤਿਕ ਅਤੇ ਸਾਈਬਰ ਸੁਰੱਖਿਆ ਵਧਾਉਣਾ ਸ਼ਾਮਲ ਹੈ। ਇਸ ਦਾ ਉਦੇਸ਼ ਵਿਦੇਸ਼ੀ ਸਪਲਾਇਰਾਂ ਅਤੇ ਆਮ ਨਾਗਰਿਕ ਸਹੂਲਤਾਂ ’ਤੇ ਨਿਰਭਰਤਾ ਘਟਾਉਣਾ ਹੈ।

ਫ਼ੌਜੀ ਅੱਡਿਆਂ ਨੂੰ ਬਿਜਲੀ ਗ੍ਰਿਡ ਤੋਂ ਵੱਖ ਹੋ ਕੇ ਵੀ ਕੰਮ ਕਰਨ ਯੋਗ ਬਣਾਉਣ ਲਈ ਪੋਰਟੇਬਲ ਪ੍ਰਮਾਣੂ ਮਾਈਕ੍ਰੋ ਰਿਐਕਟਰ, ਸੁਤੰਤਰ ਮਾਈਕ੍ਰੋਗ੍ਰਿਡ, ਵੱਡੇ ਬੈਟਰੀ ਭੰਡਾਰ, ਸੌਰ ਅਤੇ ਜੀਓਥਰਮਲ ਊਰਜਾ ਅਤੇ ਕੁਦਰਤੀ ਗੈਸ ’ਤੇ ਆਧਾਰਿਤ ਉਤਪਾਦਨ ਵਰਗੇ ਬਦਲਾਂ ’ਤੇ ਜ਼ੋਰ ਦਿੱਤਾ ਜਾ ਸਕਦਾ ਹੈ। ਪਾਣੀ ਅਤੇ ਸੰਚਾਰ ਲਈ ਵੀ ਬਦਲਵੀਂ ਵਿਵਸਥਾ ਵਿਕਸਿਤ ਹੋਵੇਗੀ। ਈਂਧਨ, ਗੋਲਾ-ਬਾਰੂਦ, ਇਲੈਕਟ੍ਰਾਨਿਕਸ, ਮਹੱਤਵਪੂਰਨ ਖਣਿਜਾਂ ਅਤੇ ਮੈਡੀਕਲ ਸਮੱਗਰੀ ਦਾ ਰਣਨੀਤਕ ਭੰਡਾਰ ਵਧਾਉਣ ਦੇ ਨਾਲ-ਨਾਲ ਐਮਰਜੈਂਸੀ ਦੀ ਸਥਿਤੀ ਵਿੱਚ ਰੱਖਿਆ ਉਤਪਾਦਨ ਲਈ ਘਰੇਲੂ ਕਾਰਖਾਨਿਆਂ ਦੀ ਪਛਾਣ ਵੀ ਕੀਤੀ ਜਾਵੇਗੀ।

ਪੈਂਟਾਗਨ ਦੇ ਬੁਲਾਰੇ ਸੀਨ ਪਾਰਨੇਲ ਦੇ ਅਨੁਸਾਰ, ਭਵਿੱਖ ਦੀਆਂ ਜੰਗਾਂ ਕਈ ਮੋਰਚਿਆਂ ’ਤੇ ਫ਼ੈਲ ਸਕਦੀਆਂ ਹਨ ਅਤੇ ਗਲੋਬਲ ਸਪਲਾਈ ਚੇਨਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਬਿਜਲੀ ਫ਼ੌਜੀ ਉਪਕਰਣਾਂ ਦੇ ਨਾਲ-ਨਾਲ ਸੰਚਾਰ, ਪਾਣੀ, ਰਾਸ਼ਣ, ਉਤਪਾਦਨ ਅਤੇ ਕਮਾਂਡ ਵਿਵਸਥਾ ਲਈ ਵੀ ਲਾਜ਼ਮੀ ਹੈ। ਇਸ ਲਈ ਜੰਗ ਸ਼ੁਰੂ ਹੋਣ ਤੋਂ ਬਾਅਦ ਤਿਆਰੀ ਕਰਨਾ ਬਹੁਤ ਦੇਰ ਹੋ ਜਾਵੇਗੀ। ਉਨ੍ਹਾਂ ਇਸ ਯੋਜਨਾ ਨੂੰ ਅਮਰੀਕੀ ਮਾਤ ਭੂਮੀ ਦੀ ਸੁਰੱਖਿਆ ਲਈ ‘ਬੀਮਾ ਵਿਵਸਥਾ’ ਦੱਸਿਆ।

ਅਮਰੀਕਾ ਦੇ ਨਾਲ-ਨਾਲ ਯੂਰੋਪ ਵਿੱਚ ਵੀ ਐਮਰਜੈਂਸੀ ਹਾਲਾਤ ਨਾਲ ਨਜਿੱਠਣ ਦੀ ਤਿਆਰੀ ਵਧ ਰਹੀ ਹੈ। ਬ੍ਰਿਟੇਨ ਨੇ ਨਾਗਰਿਕਾਂ ਨੂੰ ਤਿੰਨ ਦਿਨਾਂ ਦਾ ਜ਼ਰੂਰੀ ਸਾਮਾਨ ਰੱਖਣ, ਜਰਮਨੀ ਨੇ 10 ਦਿਨਾਂ ਦੇ ਭੋਜਨ-ਪਾਣੀ ਦਾ ਭੰਡਾਰ ਬਣਾਉਣ ਅਤੇ ਯੂਰੋਪੀਅਨ ਕਮਿਸ਼ਨ ਨੇ 72 ਘੰਟਿਆਂ ਦੀ ਐਮਰਜੈਂਸੀ ਕਿੱਟ ਤਿਆਰ ਰੱਖਣ ਦੀ ਸਲਾਹ ਦਿੱਤੀ ਹੈ। ਹਾਲਾਂਕਿ, ਅਮਰੀਕੀ ਟਿੱਪਣੀਕਾਰ ਗਲੇਨ ਬੈਕ ਵੱਲੋਂ 2027 ਵਿੱਚ ਵੱਡੇ ਸੰਕਟ ਜਾਂ ਹਮਲਿਆਂ ਦਾ ਖਦਸ਼ਾ ਪ੍ਰਗਟਾਉਣਾ ਉਨ੍ਹਾਂ ਦਾ ਨਿੱਜੀ ਅੰਦਾਜ਼ਾ ਹੈ, ਕੋਈ ਐਲਾਨੀ ਅਧਿਕਾਰਤ ਭਵਿੱਖਬਾਣੀ ਨਹੀਂ।

ਯੂਬਾ ਸਿਟੀ ਸਿੱਖ ਫੈਸਟੀਵਲ ਦੌਰਾਨ ਵਾਪਰੀ ਹਿੰਸਾ, ਗੋਲੀਬਾਰੀ ਅਤੇ ਚਾਕੂ ਮਾਰਨ ਦੀ ਘਟਨਾ ਆਈ ਸਾਹਮਣੇ

ਯੂਬਾ ਸਿਟੀ/ ਕੈਲੀਫੋਰਨੀਆ/ ਏ.ਟੀ.ਨਿਊਜ਼ਃ ਕੈਲੀਫੋਰਨੀਆ ਦੇ ਯੂਬਾ ਸਿਟੀ ਵਿੱਚ ਸਾਲਾਨਾ ਸਿੱਖ ਫੈਸਟੀਵਲ (ਨਗਰ ਕੀਰਤਨ) ਦੌਰਾਨ ਹਿੰਸਕ ਘਟਨਾਵਾਂ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਸਟਰ ਕਾਉਂਟੀ ਸ਼ੈਰਿਫ਼ ਦਫ਼ਤਰ ਅਨੁਸਾਰ ਇਸ ਤਿਉਹਾਰ ਦੌਰਾਨ ਗੋਲੀਬਾਰੀ ਅਤੇ ਚਾਕੂ ਮਾਰਨ ਦੀਆਂ ਘਟਨਾਵਾਂ ਵਾਪਰੀਆਂ ਹਨ। ਹੈਲੋਵੀਨ ਵਾਲੇ ਦਿਨ (ਪਾਰਕਿੰਗ ਲਾਟ ਏ, ਟਿਏਰਾ ਬੁਏਨਾ ਰੋਡ ਸਥਿਤ ਗੁਰਦੁਆਰੇ ਦੇ ਸਾਹਮਣੇ) ਗੋਲੀਬਾਰੀ ਹੋਈ। ਸ਼ੈਰਿਫ਼ ਦਫ਼ਤਰ ਮੁਤਾਬਕ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ ਅਤੇ ਪੁਲਿਸ ਨੇ ਇੱਕ ਸ਼ੱਕੀ ਦੀ ਪਛਾਣ ਕਰ ਲਈ ਹੈ। ਪਿਛਲੇ ਦਿਨੀਂ ਸਿੱਖ ਪਰੇਡ ਦੇ ਅੰਤਿਮ ਪੜਾਅ ਦੌਰਾਨ ਚਾਕੂ ਮਾਰਨ ਦੀ ਘਟਨਾ ਵਾਪਰੀ। ਇਸ ਹਮਲੇ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਨੂੰ ਯੂ.ਸੀ. ਡੇਵਿਸ ਮੈਡੀਕਲ ਸੈਂਟਰ ਵਿੱਚ ਹਸਪਤਾਲ ਕਰਵਾਇਆ ਗਿਆ ਹੈ। ਗ੍ਰਿਫ਼ਤਾਰੀ ਕਾਰਵਾਈ:ਸ਼ੈਰਿਫ਼ ਦਫ਼ਤਰ ਨੇ ਸੈਕਰਾਮੈਂਟੋ ਦੇ ਰਹਿਣ ਵਾਲੇ 28 ਸਾਲਾ ਦਵਿੰਦਰ ਸਿੰਘ ਨੂੰ ਇਸ ਹਮਲੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਸਟਰ ਕਾਉਂਟੀ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ ਅਤੇ ਉਸ ਉੱਤੇ ਅਪਰਾਧ ਕਰਨ ਦੀ ਸਾਜ਼ਿਸ਼, ਮੇਹਮ (ਸਰੀਰਕ ਨੁਕਸਾਨ ਪਹੁੰਚਾਉਣਾ), ਘਾਤਕ ਹਥਿਆਰ ਨਾਲ ਹਮਲਾ ਅਤੇ ਕਤਲ ਦੀ ਕੋਸ਼ਿਸ਼ ਵਰਗੀਆਂ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।



ਪੁਲਿਸ ਦੀ ਜਾਂਚ ਜਾਰੀ:

ਸ਼ੈਰਿਫ਼ ਦਫ਼ਤਰ ਦਾ ਕਹਿਣਾ ਹੈ ਕਿ ਫਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਗੋਲੀਬਾਰੀ ਅਤੇ ਚਾਕੂ ਮਾਰਨ ਦੀਆਂ ਇਹ ਦੋਵੇਂ ਘਟਨਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ ਜਾਂ ਨਹੀਂ। ਜਾਸੂਸ (ਡਿਟੈਕਟਿਵ) ਮਾਮਲੇ ਦੀ ਜਾਂਚ ਲਈ ਗੁਰਦੁਆਰੇ ਦੇ ਆਗੂਆਂ ਦਾ ਸਹਿਯੋਗ ਲੈ ਕੇ ਕੰਮ ਕਰ ਰਹੇ ਹਨ।

ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫ਼ੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਫਰੀਮੌਂਟ/ਏ.ਟੀ.ਨਿਊਜ਼ : ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਹਫ਼ਤਾਵਾਰੀ ਵਿਸ਼ੇਸ਼ ਦੀਵਾਨਾਂ ਵਿੱਚ ‘ਬੰਦੀ ਛੋੜ ਦਿਵਸ’ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਨ ਕਰਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰ ਇਤਿਹਾਸ ’ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗਵਾਲੀਅਰ ਦੇ ਕਿਲੇ ਵਿਚੋਂ ਆਜ਼ਾਦ ਹੋ ਕੇ ਬਾਹਰ ਆਏ, ਤਾਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਗੁਰੂ ਸਾਹਿਬ ਜੀ ਦਾ ਸਵਾਗਤ ਕੀਤਾ। ‘ਬੰਦੀ ਛੋੜ ਦਾਤਾ’ ਕਹਿ ਕੇ ਉਪਮਾ ਕੀਤੀ। ਬਾਅਦ ਵਿੱਚ ਜਦ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸਾਰੇ ਸ਼ਹਿਰ ਵਿੱਚ ਘਰ ਘਰ ਦੀਵੇ ਬਾਲ ਕੇ ਦੀਪਮਾਲਾ ਕੀਤੀ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦਾ ਸਵਾਗਤ ਰੋਸ਼ਨੀਆਂ ਨਾਲ ਹੋਇਆ। ਸਬੱਬੀ ਉਸ ਦਿਨ ਦਿਵਾਲੀ ਵੀ ਸੀ। ਉਦੋਂ ਤੋਂ ਇਸ ਦਿਹਾੜੇ ਨੂੰ ‘ਬੰਦੀ ਛੋੜ ਦਿਵਸ’ ਵਜੋਂ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਸੱਚਾ ਅਧਿਆਤਮਕ ਰਹਿਬਰ ਉਹ ਹੈ ਜੋ ਸਿਰਫ਼ ਆਪਣੀ ਆਜ਼ਾਦੀ ਜਾਂ ਮੁਕਤੀ ਨਹੀਂ ਲੋਚਦਾ, ਸਗੋਂ ਦੂਜਿਆਂ ਦੇ ਦੁੱਖਾਂ ਨੂੰ ਵੀ ਹਰਦਾ ਹੈ। ਗੁਰੂ ਸਾਹਿਬ ਜੀ ਨੇ ਬਿਨਾ ਕਿਸੇ ਧਾਰਮਿਕ ਵਿਤਕਰੇ ਦੇ ਸਾਰੇ 52 ਰਾਜਿਆਂ ਦੀ ਆਜ਼ਾਦੀ ਲਈ ਵੀ ਲੜਾਈ ਲੜੀ। ਵਿਸਾਖੀ,ਹੋਲ ਮਹੱਲਾ ਅਤੇ ਗੁਰਪੁਰਬਾਂ ਦੇ ਨਾਲ ਨਾਲ ਇਹ ਦਿਹਾੜਾ ਵੀ ਮਹੱਤਵਪੂਰਨ ਹੈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਕਵੀ ਜਸਦੀਪ ਸਿੰਘ ਫਰੀਮੌਂਟ, ਬੀਬੀ ਬਲਵਿੰਦਰ ਕੌਰ ਹੰਸਰਾ, ਬਲਜਿੰਦਰ ਸਿੰਘ ਅਟਾਰੀ, ਪ੍ਰਮਿੰਦਰ ਸਿੰਘ ਪਰਵਾਨਾ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਸ ਗਾਉਂਦਿਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਕੱਤਰ ਅੰਮ੍ਰਿਤਪਾਲ ਵੱਲੋਂ ਪ੍ਰੋਗਰਾਮ ਦੀ ਸਫਲਤਾ ’ਤੇ ਖੁਸ਼ੀ ਪ੍ਰਗਟਾਈ ਅਤੇ ਕਵੀਆਂ ਦੇ ਇਸ ਉਦਮ ਦੀ ਸ਼ਲਾਘਾ ਕੀਤੀ। ਜੋ ਸਮੇਂ ਸਮੇਂ ਦੂਰ ਦੁਰਾਡ ਦੇ ਗੁਰਦੁਆਰਿਆਂ ਵਿੱਚ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ। ਯਾਦਗਾਰੀ ਤਸਵੀਰਾਂ ਨਾਲ ਸਮਾਗਮ ਸੰਪੂਰਨ ਹੋਇਆ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਗਲੋਬਲ ਸੰਕਟ ਦੀ ਦਸਤਕ

ਬ੍ਰਿਟੇਨ, ਜਰਮਨੀ ਤੇ ਜਾਪਾਨ ਸਮੇਤ 5 ਦੇਸ਼ਾਂ 'ਚ ਐਮਰਜੈਂਸੀ ਤਿਆਰੀਆਂ ਤੇਜ

ਸਾਈਬਰ ਹਮਲੇ ਤੇ ਭੂਚਾਲ ਦਾ ਡਰ: ਲੋਕਾਂ ਨੂੰ ਘਰਾਂ 'ਚ ਜ਼ਰੂਰੀ ਸਾਮਾਨ ਜਮ੍ਹਾ ਕਰਨ ਦੇ ਹੁਕਮ



ਨਿਊਯਾਰਕ/ਏ.ਟੀ.ਨਿਊਜ਼: ਦੁਨੀਆ ਭਰ ਦੇ ਪੰਜ ਵੱਡੇ ਦੇਸ਼ਾਂ ਨੇ ਆਪਣੇ ਨਾਗਰਿਕਾਂ ਲਈ ਅਚਾਨਕ ਵੱਡੀ ਚਿਤਾਵਨੀ ਜਾਰੀ ਕੀਤੀ ਹੈ। ਲੋਕਾਂ ਨੂੰ ਭੋਜਨ, ਪਾਣੀ, ਦਵਾਈਆਂ ਅਤੇ ਟਾਰਚ ਵਰਗਾ ਜ਼ਰੂਰੀ ਸਾਮਾਨ ਘਰਾਂ ਵਿੱਚ ਜਮ੍ਹਾ ਰੱਖਣ ਦੀ ਸਲਾਹ ਦਿੱਤੀ ਗਈ ਹੈ। ਇਸ ਕਾਰਨ ਲੋਕਾਂ ਵਿੱਚ ਦਹਿਸ਼ਤ ਅਤੇ ਭੰਬਲਭੂਸਾ ਬਣ ਗਿਆ ਹੈ। ਬ੍ਰਿਟੇਨ ਅਤੇ ਅਮਰੀਕਾ ਤੋਂ ਲੈ ਕੇ ਜਾਪਾਨ ਤੱਕ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਪ੍ਰਭਾਵਿਤ ਹੋਈ ਹੈ। ਸਟੋਰਾਂ ਅੱਗੇ ਖਾਣ-ਪੀਣ ਦੀਆਂ ਚੀਜ਼ਾਂ ਖਰੀਦਣ ਲਈ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ।

ਸਵਾਲ ਉੱਠ ਰਿਹਾ ਹੈ ਕਿ ਅਜਿਹੀਆਂ ਐਮਰਜੈਂਸੀ ਤਿਆਰੀਆਂ ਕਿਉਂ ਹੋ ਰਹੀਆਂ ਹਨ ਅਤੇ ਇਸ ਪਿੱਛੇ ਕੌਣ ਜ਼ਿੰਮੇਵਾਰ ਹੈ। ਹਕੀਕਤ ਇਹ ਹੈ ਕਿ ਇਸ ਸੰਕਟ ਲਈ ਕੋਈ ਇੱਕ ਕਾਰਨ ਜਾਂ ਇੱਕ ਦੇਸ਼ ਜ਼ਿੰਮੇਵਾਰ ਨਹੀਂ ਹੈ। ਇਹ ਮੁੱਖ ਤੌਰ 'ਤੇ ਵਧ ਰਹੀ ਭੂ-ਰਾਜਨੀਤਿਕ ਕੁੜੱਤਣ, ਸਾਈਬਰ ਯੁੱਧ ਦੇ ਖ਼ਤਰੇ ਅਤੇ ਵੱਡੀਆਂ ਕੁਦਰਤੀ ਆਫ਼ਤਾਂ ਦਾ ਮਿਲਿਆ-ਜੁਲਿਆ ਅਸਰ ਹੈ।

ਜਾਪਾਨ ਵਿੱਚ ਨਾਗਰਿਕਾਂ ਨੂੰ ਘੱਟੋ-ਘੱਟ ਇੱਕ ਹਫ਼ਤੇ ਦਾ ਰਾਸ਼ਨ ਰੱਖਣ ਲਈ ਕਿਹਾ ਗਿਆ ਹੈ। ਜਾਪਾਨ ਦੀ ਨਵੀਂ ਆਫ਼ਤ ਪ੍ਰਬੰਧਨ ਏਜੰਸੀ 2 ਨਵੰਬਰ ਤੋਂ ਕੰਮ ਸ਼ੁਰੂ ਕਰ ਰਹੀ ਹੈ। ਉੱਥੇ ਨਾਨਕਾਈ ਟਰੱਫ ਦੇ ਭਿਆਨਕ ਭੂਚਾਲ ਅਤੇ ਮਾਊਂਟ ਫੂਜੀ ਜੁਆਲਾਮੁਖੀ ਦੇ ਫਟਣ ਦਾ ਗੰਭੀਰ ਖ਼ਤਰਾ ਬਣਿਆ ਹੋਇਆ ਹੈ। ਆਫ਼ਤ ਮੰਤਰੀ ਗੋਸ਼ੀ ਹੋਸੋਨੋ ਨੇ ਸਪੱਸ਼ਟ ਕਿਹਾ ਹੈ ਕਿ ਵੱਡੇ ਸੰਕਟ ਵੇਲੇ ਬਾਹਰੀ ਮਦਦ ਪਹੁੰਚਣ ਵਿੱਚ ਦੇਰੀ ਹੋ ਸਕਦੀ ਹੈ, ਇਸ ਲਈ ਘਰਾਂ ਵਿੱਚ ਤਿਆਰੀ ਹੋਣੀ ਜ਼ਰੂਰੀ ਹੈ।

ਬ੍ਰਿਟੇਨ ਨੇ ਆਪਣਾ 'ਬੀ ਰੈਡੀ' ਮੁਹਿੰਮ ਚਲਾਈ ਹੈ। ਲੋਕਾਂ ਨੂੰ ਤਿੰਨ ਦਿਨਾਂ ਦਾ ਡੱਬਾਬੰਦ ਖਾਣਾ, ਪਾਣੀ, ਰੇਡੀਓ, ਨਕਦ ਪੈਸੇ ਅਤੇ ਟਾਰਚ ਰੱਖਣ ਨੂੰ ਕਿਹਾ ਗਿਆ ਹੈ। ਇੱਥੇ ਪੀਐੱਚਪੀ ਸਾਫਟਵੇਅਰ ਵਿੱਚ ਖਰਾਬੀ ਕਾਰਨ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ ਅਤੇ ਲੱਖਾਂ ਸਾਈਬਰ ਹਮਲੇ ਹੋਏ ਹਨ। ਬ੍ਰਿਟਿਸ਼ ਸਰਕਾਰ ਨੇ ਜੰਗਲਾਂ ਦੀ ਅੱਗ, ਖ਼ਰਾਬ ਮੌਸਮ, ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਸਾਈਬਰ ਹਮਲਿਆਂ ਅਤੇ ਦੁਸ਼ਮਣ ਦੇਸ਼ਾਂ ਦੀਆਂ ਚਾਲਾਂ ਨੂੰ ਵੱਡਾ ਖ਼ਤਰਾ ਦੱਸਿਆ ਹੈ। ਮਕਸਦ ਇਹ ਹੈ ਕਿ ਜੇ ਸਰਕਾਰੀ ਸਪਲਾਈ ਠੱਪ ਹੋਵੇ ਤਾਂ ਲੋਕ ਖ਼ੁਦ ਸੰਭਲ ਸਕਣ।

ਅਮਰੀਕਾ ਵਿੱਚ ਪੈਂਟਾਗਨ ਨੇ 'ਫੋਰਟਰੈਸ' ਨਾਂ ਦੀ ਵੱਡੀ ਯੋਜਨਾ ਤਿਆਰ ਕੀਤੀ ਹੈ। ਇਸ ਤਹਿਤ ਅਮਰੀਕੀ ਫੌਜੀ ਬੇਸ ਬਿਨਾਂ ਕਿਸੇ ਬਾਹਰੀ ਸਪਲਾਈ ਦੇ ਲਗਾਤਾਰ 90 ਦਿਨਾਂ ਤੱਕ ਆਪਣੀ ਬਿਜਲੀ, ਪਾਣੀ ਅਤੇ ਸੰਚਾਰ ਨਾਲ ਚੱਲਣ ਦੇ ਯੋਗ ਬਣਾਏ ਜਾ ਰਹੇ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਬਿਜਲੀ ਅਤੇ ਊਰਜਾ ਹੀ ਯੁੱਧ ਦੀ ਸਭ ਤੋਂ ਵੱਡੀ ਤਾਕਤ ਹੋਵੇਗੀ।

ਯੂਰੋਪੀ ਦੇਸ਼ਾਂ ਵਿੱਚ ਵੀ ਜੰਗ ਦਾ ਡਰ ਸਾਫ਼ ਦਿਸ ਰਿਹਾ ਹੈ। ਜਰਮਨੀ ਨੇ 18 ਸਾਲ ਦੇ ਹਰ ਨੌਜਵਾਨ ਨੂੰ ਮਿਲਟਰੀ ਸੇਵਾ ਨਾਲ ਜੁੜਿਆ ਫਾਰਮ ਭਰਨਾ ਲਾਜ਼ਮੀ ਕੀਤਾ ਹੋਇਆ ਹੈ। ਅਜਿਹਾ ਨਾ ਕਰਨ ਵਾਲਿਆਂ ਨੂੰ 250 ਯੂਰੋ ਜੁਰਮਾਨਾ ਕੀਤਾ ਜਾ ਰਿਹਾ ਹੈ। ਨਾਰਵੇ ਨੇ ਵੀ 'ਸਵੈ-ਤਿਆਰੀ ਹਫ਼ਤਾ' ਸ਼ੁਰੂ ਕਰ ਕੇ ਲੋਕਾਂ ਨੂੰ ਯੁੱਧ ਅਤੇ ਸੰਕਟ ਲਈ ਤਿਆਰ ਰਹਿਣ ਲਈ ਜ਼ਰੂਰੀ ਕਦਮ ਚੁੱਕਣ ਦੇ ਹੁਕਮ ਦਿੱਤੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਦੁਨੀਆ ਇਸ ਸਮੇਂ ਠੰਢੀ ਜੰਗ ਤੋਂ ਬਾਅਦ ਦੇ ਸਭ ਤੋਂ ਖ਼ਤਰਨਾਕ ਦੌਰ ਵਿੱਚੋਂ ਲੰਘ ਰਹੀ ਹੈ। ਯੂਰੋਪ ਵਿੱਚ ਚੱਲ ਰਹੇ ਟਕਰਾਅ ਅਤੇ ਵੱਡੀਆਂ ਤਾਕਤਾਂ ਵਿਚਾਲੇ ਵਧਦੀ ਕੁੜੱਤਣ ਨੇ ਰਵਾਇਤੀ ਜੰਗ ਦੇ ਨਾਲ-ਨਾਲ ਹਾਈਬ੍ਰਿਡ ਵਾਰ ਨੂੰ ਜਨਮ ਦਿੱਤਾ ਹੈ। ਦੁਸ਼ਮਣ ਦੇਸ਼ ਸਿੱਧੀ ਫੌਜ ਭੇਜਣ ਦੀ ਬਜਾਏ ਦੂਜੇ ਦੇਸ਼ਾਂ ਦੇ ਬੈਂਕ, ਹਸਪਤਾਲ ਅਤੇ ਬਿਜਲੀ ਗਰਿੱਡ ਹੈਕ ਕਰਕੇ ਪੂਰੇ ਸ਼ਹਿਰ ਠੱਪ ਕਰਨ ਦੀ ਤਾਕਤ ਰੱਖਦੇ ਹਨ।ਧਰਤੀ ਦੀਆਂ ਟੈਕਟੋਨਿਕ ਪਲੇਟਾਂ ਵਿੱਚ ਹਲਚਲ ਵਧਣ ਕਾਰਨ ਪ੍ਰਸ਼ਾਂਤ ਮਹਾਂਸਾਗਰ ਦੇ 'ਰਿੰਗ ਆਫ਼ ਫਾਇਰ' ਖੇਤਰ (ਜਿਸ ਵਿੱਚ ਜਾਪਾਨ ਸ਼ਾਮਲ ਹੈ) ਵਿੱਚ ਵੱਡੇ ਭੂਚਾਲਾਂ ਦਾ ਖ਼ਤਰਾ ਸਿਖਰ 'ਤੇ ਪਹੁੰਚ ਚੁੱਕਾ ਹੈ। ਇਸ ਦੇ ਨਾਲ ਹੀ ਗਲੋਬਲ ਵਾਰਮਿੰਗ ਕਾਰਨ ਅਚਾਨਕ ਆਉਣ ਵਾਲੇ ਹੜ੍ਹ ਅਤੇ ਤੂਫ਼ਾਨ ਸਪਲਾਈ ਚੇਨ ਨੂੰ ਪਲਾਂ ਵਿੱਚ ਤਬਾਹ ਕਰ ਰਹੇ ਹਨ।

ਅਜੋਕਾ ਮਨੁੱਖ ਪੂਰੀ ਤਰ੍ਹਾਂ ਡਿਜੀਟਲ ਭੁਗਤਾਨ, ਇੰਟਰਨੈੱਟ ਅਤੇ ਕੇਂਦਰੀ ਬਿਜਲੀ ਪ੍ਰਣਾਲੀ 'ਤੇ ਨਿਰਭਰ ਹੋ ਚੁੱਕਾ ਹੈ। ਇੱਕ ਸਾਫਟਵੇਅਰ ਗਲਤੀ ਜਾਂ ਸਾਈਬਰ ਹਮਲਾ ਲੋਕਾਂ ਨੂੰ ਬਿਨਾਂ ਪੈਸੇ, ਪਾਣੀ ਅਤੇ ਸੰਚਾਰ ਦੇ ਬੇਵੱਸ ਕਰ ਸਕਦਾ ਹੈ। ਸਰਕਾਰਾਂ ਸਮਝ ਚੁੱਕੀਆਂ ਹਨ ਕਿ ਇਹ ਅਤਿ-ਨਿਰਭਰਤਾ ਕੌਮੀ ਸੁਰੱਖਿਆ ਲਈ ਸਭ ਤੋਂ ਕਮਜ਼ੋਰ ਕੜੀ ਬਣ ਚੁੱਕੀ ਹੈ।

ਕੁੱਲ ਮਿਲਾ ਕੇ ਦੁਨੀਆ ਇੱਕ ਅਸਥਿਰ ਦੌਰ ਵਿੱਚੋਂ ਲੰਘ ਰਹੀ ਹੈ। ਗਲੋਬਲ ਯੁੱਧ ਦੇ ਮੰਡਰਾਉਂਦੇ ਬੱਦਲ, ਡਿਜੀਟਲ ਨੈੱਟਵਰਕ 'ਤੇ ਹਮਲੇ ਅਤੇ ਬੇਕਾਬੂ ਕੁਦਰਤੀ ਆਫ਼ਤਾਂ ਮਿਲ ਕੇ ਸਪਲਾਈ ਚੇਨ ਨੂੰ ਕਦੇ ਵੀ ਠੱਪ ਕਰ ਸਕਦੀਆਂ ਹਨ। ਇਸੇ ਕਾਰਨ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਖ਼ੁਦਮੁਖਤਿਆਰ ਬਣਨ ਲਈ ਕਹਿ ਰਹੀਆਂ ਹਨ।

ਕੈਨੇਡਾ ਵਿੱਚ ਸਿੱਖ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਦੇ ਘਰ ਦੇ ਬਾਹਰ ਸ਼ੱਕੀ ਹਮਲਾ, ਗੱਡੀ ਸੜ ਕੇ ਸੁਆਹ

ਸਿੱਖ ਫ਼ਾਰ ਜਸਟਿਸ ਨੇ ਦੱਸਿਆ 'ਅੱਤਵਾਦੀ ਹਮਲਾ', ਪੁਲਿਸ ਨੂੰ ਮਿਲੇ ਸ਼ੱਕੀ ਹਮਲੇ ਦੇ ਸੰਕੇਤ



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਵਿੱਚ ਇੱਕ ਪ੍ਰਮੁੱਖ ਸਿੱਖ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਦੇ ਘਰ ਦੇ ਬਾਹਰ ਅੱਧੀ ਰਾਤ ਨੂੰ ਸ਼ੱਕੀ ਹਾਲਾਤਾਂ ਵਿੱਚ ਅੱਗ ਲਗਾਉਣ ਅਤੇ ਭੰਨ-ਤੋੜ ਦੀ ਵੱਡੀ ਘਟਨਾ ਸਾਹਮਣੇ ਆਈ ਹੈ। ਇਹ ਘਟਨਾ ਸਰੀ ਸੈਂਟਰਲ ਇਲਾਕੇ ਵਿੱਚ 91 ਐਵੇਨਿਊ ਦੇ 14500 ਬਲਾਕ ਵਿੱਚ ਵਾਪਰੀ ਸੀ। ਇੱਥੇ ਇੱਕ ਰਿਹਾਇਸ਼ੀ ਘਰ ਦੇ ਬਾਹਰ ਖੜ੍ਹੀ ਕਾਰ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ, ਜਦਕਿ ਘਰ ਨਾਲ ਸੰਬੰਧਿਤ ਇੱਕ ਬੱਸ ਉੱਤੇ ਸਪਰੇਅ ਪੇਂਟ ਕਰਕੇ ਭੰਨ-ਤੋੜ ਕੀਤੀ ਗਈ।

ਵਾਰਦਾਤ ਤੋਂ ਤੁਰੰਤ ਬਾਅਦ ਸਰੀ ਪੁਲਿਸ ਦੇ ਮੇਜਰ ਕ੍ਰਾਈਮ ਡਿਟੈਕਟਿਵਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਪੁਸ਼ਟੀ ਕੀਤੀ ਕਿ ਖ਼ਾਲਿਸਤਾਨ ਪੱਖੀ ਪ੍ਰਦਰਸ਼ਨਾਂ ਕਾਰਨ ਰੰਧਾਵਾ ਦੀ ਜਾਨ ਨੂੰ ਗੰਭੀਰ ਖ਼ਤਰਾ ਹੋਣ ਬਾਰੇ ਉਨ੍ਹਾਂ ਨੂੰ ਅਪ੍ਰੈਲ ਅਤੇ ਅਗਸਤ ਮਹੀਨੇ ਵਿੱਚ ਪਹਿਲਾਂ ਹੀ ਰਸਮੀ ਚਿਤਾਵਨੀ ਦਿੱਤੀ ਗਈ ਸੀ। ਰੰਧਾਵਾ ਨੇ ਮੀਡੀਆ ਨੂੰ ਦਿੱਤੇ ਬਿਆਨਾਂ ਵਿੱਚ ਕਿਹਾ ਸੀ ਕਿ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਦੀ ਸਿਆਸੀ ਸਰਗਰਮੀ, ਖਾਸ ਕਰਕੇ ਖ਼ਾਲਿਸਤਾਨ ਦੇ ਹੱਕ ਵਿੱਚ ਕੀਤੇ ਜਾਣ ਵਾਲੇ ਪ੍ਰਦਰਸ਼ਨਾਂ ਕਾਰਨ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਪੁਲਿਸ ਬੁਲਾਰਾ ਅਲੀ ਗੇਲਸ ਨੇ ਪੁਸ਼ਟੀ ਕੀਤੀ ਕਿ ਇਸ ਘਰ ਨਾਲ ਸਬੰਧਿਤ ਇੱਕ ਵਸਨੀਕ ਨੂੰ ਅਗਸਤ ਮਹੀਨੇ ਵਿੱਚ ਵੀ ਅਜਿਹੀ ਚਿਤਾਵਨੀ ਦਿੱਤੀ ਗਈ ਸੀ। ਪੁਲਿਸ ਦਾ ਮੰਨਣਾ ਹੈ ਕਿ ਇਹ ਕੋਈ ਅਚਾਨਕ ਵਾਪਰਿਆ ਹਾਦਸਾ ਨਹੀਂ, ਸਗੋਂ ਇੱਕ ਸੋਚਿਆ-ਸਮਝਿਆ ਅਤੇ ਨਿਸ਼ਾਨਾ ਬਣਾ ਕੇ ਕੀਤਾ ਗਿਆ ਹਮਲਾ ਜਾਪਦਾ ਹੈ। ਹਾਲਾਂਕਿ ਪੁਲਿਸ ਦਾ ਕਹਿਣਾ ਹੈ ਕਿ ਹਮਲੇ ਦੇ ਅਸਲ ਮਕਸਦ ਦੀ ਪੁਸ਼ਟੀ ਜਾਂਚ ਮੁਕੰਮਲ ਹੋਣ ਤੋਂ ਬਾਅਦ ਹੀ ਕੀਤੀ ਜਾ ਸਕੇਗੀ।ਇਸ ਹਮਲੇ ਤੋਂ ਬਾਅਦ ਸੰਗਠਨ 'ਸਿੱਖਸ ਫ਼ਾਰ ਜਸਟਿਸ' ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਕੇ ਇਸ ਘਟਨਾ ਦੀ ਕਰੜੀ ਨਿਖੇਧੀ ਕੀਤੀ ਹੈ।ਸੰਗਠਨ ਦੇ ਜਨਰਲ ਕੌਂਸਲ ਅਤੇ ਵਕੀਲ ਗੁਰਪਤਵੰਤ ਸਿੰਘ ਪੰਨੂੰ ਨੇ ਇਸ ਅੱਗਜ਼ਨੀ ਨੂੰ ਸਿੱਧਾ 'ਅੱਤਵਾਦੀ ਹਮਲਾ' ਕਰਾਰ ਦਿੱਤਾ ਹੈ। ਪੰਨੂੰ ਨੇ ਕਿਹਾ ਕਿ ਜਿਸ ਦਿਨ ਇਹ ਹਮਲਾ ਹੋਇਆ, ਉਸੇ ਦਿਨ ਵੈਨਕੂਵਰ ਵਿੱਚ ਸਿੱਖ ਕਾਰਕੁਨਾਂ ਵੱਲੋਂ ਇੱਕ ਵੱਡੀ ਰੈਲੀ ਕੱਢੀ ਗਈ ਸੀ, ਜਿਸ ਵਿੱਚ ਨਰਿੰਦਰ ਸਿੰਘ ਰੰਧਾਵਾ ਵੀ ਸ਼ਾਮਲ ਸਨ। ਰੈਲੀ ਖ਼ਤਮ ਹੋਣ ਦੇ ਕੁਝ ਹੀ ਘੰਟਿਆਂ ਬਾਅਦ ਉਨ੍ਹਾਂ ਦੇ ਘਰ ਨੂੰ ਨਿਸ਼ਾਨਾ ਬਣਾਇਆ ਗਿਆ।ਜਥੇਬੰਦੀ ਨੇ ਕੈਨੇਡੀਅਨ ਜਾਂਚ ਏਜੰਸੀਆਂ ਅਤੇ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਇਸ ਘਟਨਾ ਨੂੰ ਮਹਿਜ਼ ਇੱਕ ਸਾਧਾਰਨ ਅਪਰਾਧ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਕਾਰਵਾਈ ਨਾ ਸਮਝਿਆ ਜਾਵੇ, ਸਗੋਂ ਇਸ ਨੂੰ ਇੱਕ ਰਾਜਨੀਤਿਕ ਅੱਤਵਾਦੀ ਕਾਰਵਾਈ ਮੰਨ ਕੇ ਉੱਚ ਪੱਧਰੀ ਜਾਂਚ ਕੀਤੀ ਜਾਵੇ।

ਹਰਦੀਪ ਸਿੰਘ ਨਿੱਝਰ ਕਤਲ ਅਤੇ ਪੁਰਾਣਾ ਪਿਛੋਕੜ

ਇਹ ਤਾਜ਼ਾ ਘਟਨਾ ਸਰੀ ਸ਼ਹਿਰ ਵਿੱਚ ਕੋਈ ਵੱਖਰੀ ਜਾਂ ਅਲੱਗ-ਥਲੱਗ ਘਟਨਾ ਨਹੀਂ ਹੈ। ਨਰਿੰਦਰ ਸਿੰਘ ਰੰਧਾਵਾ ਮਾਰੇ ਗਏ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਰੀਬੀ ਸਾਥੀ ਰਹੇ ਹਨ। (ਬਾਕੀ ਸਫ਼ਾ 26 'ਤੇ)

ਕੈਨੇਡਾ ਦੇ 84 ਫ਼ੀਸਦੀ ਲੋਕ ਸਿਹਤ ਪ੍ਰਣਾਲੀ 'ਚ ਤਬਦੀਲੀਆਂ ਦੇ ਹੱਕ ਵਿੱਚ

ਵਿੰਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਦੀ ਜਨਤਕ ਸਿਹਤ ਪ੍ਰਣਾਲੀ ਵਿੱਚ ਡਾਕਟਰਾਂ ਦੀ ਘਾਟ ਅਤੇ ਲੰਮੀਆਂ ਉਡੀਕਾਂ ਕਾਰਨ ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਮਿਲਣਾ ਮੁਸ਼ਕਲ ਹੋ ਰਿਹਾ ਹੈ। ਇੱਕ ਸਰਵੇਖਣ ਮੁਤਾਬਕ, ਲਗਪਗ ਅੱਧੇ ਕੈਨੇਡੀਅਨ ਉਡੀਕ ਸਮਾਂ ਲੰਮਾ ਹੋਣ ਦੇ ਡਰੋਂ ਡਾਕਟਰ ਕੋਲ ਜਾਂ ਹਸਪਤਾਲ ਜਾਣ ਤੋਂ ਗੁਰੇਜ਼ ਕਰ ਰਹੇ ਹਨ।

ਮਾਂਟਰੀਅਲ ਇਕਨਾਮਿਕ ਇੰਸਟੀਚਿਊਟ, ਸੈਕਿੰਡ ਸਟਰੀਟ ਡਾਟ ਓ ਆਰ ਜੀ ਅਤੇ ਕੈਨੇਡੀਅਨ ਕਾਂਸਟੀਚਿਊਸ਼ਨ ਫਾਊਂਡੇਸ਼ਨ ਵੱਲੋਂ ਕਰਵਾਏ ਸਰਵੇਖਣ ਅਨੁਸਾਰ, 84 ਫ਼ੀਸਦੀ ਲੋਕ ਮੌਜੂਦਾ ਸਿਹਤ ਪ੍ਰਣਾਲੀ ਵਿੱਚ ਤਬਦੀਲੀਆਂ ਦੇ ਹੱਕ ਵਿੱਚ ਹਨ। ਨਿੱਜੀ ਸਿਹਤ ਸੇਵਾਵਾਂ ਬਾਰੇ ਵੀ ਲੋਕਾਂ ਦੀ ਰਾਇ ਸਾਹਮਣੇ ਆਈ ਹੈ। ਸਰਵੇਖਣ ਵਿੱਚ ਸ਼ਾਮਲ 61 ਫ਼ੀਸਦੀ ਲੋਕਾਂ ਨੇ ਕਿਹਾ ਕਿ ਜੇਕਰ ਸਰਕਾਰੀ ਪ੍ਰਣਾਲੀ ਸਮੇਂ ਸਿਰ ਇਲਾਜ ਨਹੀਂ ਦੇ ਸਕਦੀ ਤਾਂ ਮਰੀਜ਼ਾਂ ਨੂੰ ਨਿੱਜੀ ਕਲੀਨਿਕਾਂ ਵਿੱਚ ਸਰਜਰੀ ਕਰਵਾਉਣ ਲਈ ਆਪਣੀ ਜੇਬ ਵਿੱਚੋਂ ਪੈਸੇ ਖ਼ਰਚਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

ਮੈਨੀਟੋਬਾ ਵਿੱਚ ਵੀ ਸਿਹਤ ਸੇਵਾਵਾਂ ਦੀ ਘਾਟ ਚਿੰਤਾ ਦਾ ਵਿਸ਼ਾ ਹੈ। 'ਡਾਕਟਰਜ਼ ਮੈਨੀਟੋਬਾ' ਦੀ ਸਾਲਾਨਾ ਰਿਪੋਰਟ ਮੁਤਾਬਕ, ਸੂਬੇ ਵਿੱਚ ਹਰ ਇੱਕ ਲੱਖ ਵਸਨੀਕਾਂ ਪਿੱਛੇ 235 ਡਾਕਟਰ ਹਨ। ਇਹ ਗਿਣਤੀ ਪਿਛਲੇ ਸਾਲ ਨਾਲੋਂ 4.5 ਫ਼ੀਸਦੀ ਵੱਧ ਹੈ ਅਤੇ ਕੌਮੀ ਔਸਤ ਦੇ ਨੇੜੇ ਹੈ। ਇਸ ਦੇ ਬਾਵਜੂਦ, ਸੂਬੇ ਵਿੱਚ 225 ਮਾਹਿਰ ਡਾਕਟਰਾਂ ਦੀ ਘਾਟ ਹੈ, ਜਿਸ ਕਾਰਨ ਮਰੀਜ਼ਾਂ ਨੂੰ ਜਾਂਚਾਂ, ਮਾਹਿਰਾਂ ਦੀ ਸਲਾਹ ਅਤੇ ਸਰਜਰੀਆਂ ਲਈ ਲੰਮਾ ਇੰਤਜ਼ਾਰ ਕਰਨਾ ਪੈਂਦਾ ਹੈ।

ਐੱਮ ਈ ਆਈ ਦੇ ਵਾਈਸ ਪ੍ਰਧਾਨ ਰੇਨੌਡ ਬ੍ਰੋਸਾਰਡ ਨੇ ਚਿੰਤਾ ਜ਼ਾਹਰ ਕੀਤੀ ਕਿ ਉਡੀਕਾਂ ਕਾਰਨ ਇਲਾਜ ਤੋਂ ਬਚਣ ਵਾਲੇ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਹੋਰ ਗੰਭੀਰ ਹੋ ਸਕਦੀਆਂ ਹਨ। ਕੈਨੇਡੀਅਨ ਇੰਸਟੀਚਿਊਟ ਫ਼ਾਰ ਹੈਲਥ ਇਨਫਰਮੇਸ਼ਨ ਅਨੁਸਾਰ, ਦੇਸ਼ ਵਿੱਚ ਲਗਪਗ 60 ਲੱਖ ਲੋਕਾਂ ਕੋਲ ਫੈਮਲੀ ਡਾਕਟਰ ਨਹੀਂ ਹੈ। ਸਾਲ 2024-25 ਦੌਰਾਨ ਐਮਰਜੈਂਸੀ ਵਿਭਾਗਾਂ ਵਿੱਚ ਹਰ 10 ਵਿੱਚੋਂ ਇੱਕ ਮਰੀਜ਼ ਨੂੰ 14 ਘੰਟੇ ਜਾਂ ਇਸ ਤੋਂ ਵੱਧ ਉਡੀਕ ਕਰਨੀ ਪਈ। ਲਗਪਗ 12 ਲੱਖ ਮਰੀਜ਼ ਡਾਕਟਰ ਨੂੰ ਮਿਲੇ ਬਿਨਾਂ ਹੀ ਐਮਰਜੈਂਸੀ ਵਿਭਾਗ ਛੱਡ ਗਏ।

ਸਿੱਖ ਕਤਲੇਆਮ-84 ਦੀ ਯਾਦ 'ਚ 'ਬਰੈਂਪਟਨ ਸਿਟੀ ਦਫ਼ਤਰ' ਦੇ ਝੰਡੇ ਅੱਧੇ ਝੁਕੇ

ਗੁਰਦੁਆਰਿਆਂ 'ਚ ਸ਼ਰਧਾਂਜਲੀ ਸਮਾਗਮ

ਵੈਨਕੂਵਰ : ਭਾਰਤ ਵਿੱਚ ਸਿੱਖ ਕਤਲੇਆਮ-84 ਦੀ ਯਾਦ ਵਿੱਚ ਬਰੈਂਪਟਨ ਸਿਟੀ ਕੌਂਸਲ ਦਫ਼ਤਰ ਦੇ ਝੰਡੇ ਹਫਤੇ ਲਈ ਅੱਧੇ ਝੁਕੇ ਰਹਿਣਗੇ। ਕੌਂਸਲ ਦੇ ਮੁਲਾਜ਼ਮ ਹਜੂਮ ਵਲੋਂ ਕਤਲ ਕੀਤੇ ਗਏ ਬੇਗੁਨਾਹ ਲੋਕਾਂ ਨੂੰ ਯਾਦ ਕਰਦਿਆਂ ਦੋ ਮਿੰਟ ਲਈ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ। ਪਹਿਲੀ ਨਵੰਬਰ ਤੋਂ ਨੀਵੇਂ ਕੀਤੇ ਝੰਡੇ 7 ਨਵੰਬਰ ਤੱਕ ਇਸੇ ਤਰ੍ਹਾਂ ਰਹਿਣਗੇ। ਇਸ ਦੌਰਾਨ ਕਈ ਗੁਰਦੁਆਰਿਆਂ ਵਿੱਚ ਸ਼ਰਧਾਂਜਲੀ ਸਮਾਗਮ ਵੀ ਕੀਤੇ ਗਏ। ਕੈਨੇਡਾ ਦੇ ਕਈ ਹੋਰ ਸ਼ਹਿਰਾਂ ਵੈਨਕੂਵਰ, ਸਰੀ, ਐਬਸਫੋਰਡ, ਪਿਕਰਿੰਗ, ਕੈਲਗਰੀ, ਰਿਜਾਇਨਾ ਤੇ ਔਟਵਾ ਵਿੱਚ ਵੀ ਸ਼ੋਕ ਸਭਾਵਾਂ ਕਰ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੇ ਜਾਣ ਦੀਆਂ ਰਿਪੋਰਟਾਂ ਹਨ। ਰਾਜਧਾਨੀ ਔਟਵਾ ਦੇ ਕੈਪੀਟਲ ਹਿੱਲ ਸਥਿਤ ਕੌਮੀ ਦਫ਼ਤਰਾਂ ਤੇ ਸੰਸਦ ਭਵਨ ਕੋਲ 13 ਨਵੰਬਰ ਨੂੰ ਸਿੱਖਾਂ ਦਾ ਇਕੱਠ ਕੀਤੇ ਜਾਣ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਟੋਰਾਂਟੋ, ਬਰੈਂਪਟਨ

ਸਿਆਸੀ ਪਾਰਟੀਆਂ ਦੀ ਅੰਦਰੂਨੀ ਪੀੜ ਕਿ ਪੰਜਾਬ ਜਿੱਤਣਾ ਹੁਣ ਔਖਾ.....



ਬਲਰਾਜ ਪੰਨੂੰ

ਮਾਨਸਾ ਵਿੱਚ ਲੱਗਿਆ ਧਰਨਾ ਸਰਕਾਰ ਤੇ ਪਰਿਵਾਰ ਦੀ ਸਹਿਮਤੀ ਦੇ ਨਾਲ ਖਤਮ ਹੋ ਗਿਆ। ਵੈਸੇ ਏਸ ਸੰਘਰਸ਼ ਨੇ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ। ਲੋਕ ਏਨੇ ਬੇਬਾਕ ਹੋ ਗਏ ਸਨ ਕਿ ਪੁਲਿਸ ਤੰਤਰ ਨੂੰ ਚਿੱਟੇ ਨਸ਼ੇ ਦੀਆਂ ਪੁੜੀਆਂ ਹੱਥ ਵਿੱਚ ਫੜ ਕੇ, ਸਵਾਲ ਕਰਦੇ ਹੋਏ ਵੀਡੀਓ ਵਾਇਰਲ ਕਰ ਰਹੇ ਸਨ। ਪੰਜਾਬ ਸਰਕਾਰ ਸਵਾਲਾਂ ਦੀਆਂ ਘੁੰਮਣਘੇਰੀਆਂ ਦੇ ਵਿੱਚ ਫਸੀ ਸੀ ਤੇ ਉਧਰੋਂ ਵਿਰੋਧੀ ਪਾਰਟੀਆਂ ਨੇ ਸਾਹ ਲੈਣਾ ਔਖਾ ਕੀਤਾ ਹੋਇਆ ਸੀ। ਮੁਕਦੀ ਗੱਲ ਸਰਕਾਰ ਨੇ ਇਹ ਸਹਿਮਤੀ ਕਰਕੇ ਆਪਣੇ ਕਈ ਗੁਨਾਹਾਂ 'ਤੇ ਪਰਦਾ ਪਾ ਲਿਆ। ਇਹ ਸੰਘਰਸ਼ ਸਰਕਾਰ ਦੇ ਲਈ ਸਿਆਸੀ ਚੁਣੌਤੀ ਜਦੋਂ ਬਣਨ ਲੱਗਿਆ ਤਾਂ ਸੱਤਾ ਨੇ ਸੰਘਰਸ਼ ਨੂੰ ਕਮਜੋਰ ਕਰਨ ਦੇ ਲਈ ਆਪਣੀ ਸਿਆਸੀ ਚਾਲ ਚੱਲੀ। ਲੱਖਾ ਸਿਧਾਣਾਂ ਤੇ ਮੋਹਨਜੀਤ ਦੀਆਂ ਗ੍ਰਿਫ਼ਤਾਰੀਆਂ ਰਾਹੀਂ ਲੋਕਾਂ ਨੂੰ ਦੋ ਧੜਿਆਂ ਵਿੱਚ ਦੁਚਿੱਤੀ ਪਾ ਦਿੱਤਾ। ਸੰਘਰਸ਼ ਦੀ ਦਿਸ਼ਾ ਭਟਕਾਉਣ ਦੀ ਕੋਸ਼ਿਸ਼ ਕੀਤੀ। ਇਹ ਗ੍ਰਿਫ਼ਤਾਰੀਆਂ ਸੰਘਰਸ਼ ਦੀ ਤਾਕਤ ਤੋੜਨ ਤੇ ਲੋਕਾਂ ਦੀ ਏਕਤਾ ਵਿੱਚ ਤਰੇੜ ਪਾਉਣ ਦੀ ਸਿਆਸੀ ਬਿਸਾਤ ਸੀ। ਹਰ ਕੋਈ ਹੁਣ ਕਹਿ ਰਿਹਾ ਹੈ ਕਿ ਮੁੱਲ ਵਟ ਲਿਆ। ਸਮਝ ਨੀ ਆਉਂਦੀ ਕਿ ਸਿਆਸਤਦਾਨਾਂ ਤੋਂ ਇਲਾਵਾ ਲੋਕ ਵੀ ਲਾਸ਼ 'ਤੇ ਸਿਆਸਤਾਂ ਕਰਨਾ ਸਿੱਖ ਗਏ ਨੇ। ਸੋਚਣ ਵਾਲੀ ਗੱਲ ਹੈ ਕਿ ਪੁੱਤ ਦੀ ਲਾਸ਼ ਮੋਰਚਰੀ ਵਿੱਚ ਰੱਖ ਕੇ ਧਰਨੇ 'ਤੇ ਬੈਠਣਾ ਇੱਕ ਬਾਪ ਦੇ ਲਈ ਪਲ ਪਲ ਮਰਨ ਸਮਾਨ ਹੈ। ਜੇ ਸਹਿਮਤੀ ਬਣ ਗਈ ਹੈ ਤਾਂ ਵਿਕਾਊ ਦਾ ਖ਼ਿਤਾਬ ਤਾਂ ਉਸ ਬਜ਼ੁਰਗ ਨੂੰ ਨਾ ਦਿਓ ਪਰ ਦੁੱਖ ਦੀ ਗੱਲ ਇਹ ਹੈ ਕਿ ਨਸ਼ੇ ਦੇ ਮੁੱਦੇ ਦਾ ਕੀ ਬਣੇਗਾ ?

ਕੋਈ ਸ਼ੱਕ ਨਹੀਂ ਕਿ ਪੰਜਾਬ ਸਰਕਾਰ ਦਾ ਯੁੱਧ ਨਸ਼ਿਆਂ ਵਿਰੁੱਧ ਨਹੀਂ ਬਲਕਿ ਨਸ਼ਿਆਂ ਦੇ ਹੱਕ ਵਿੱਚ ਭੁਗਤਦਾ ਲੱਗ ਰਿਹਾ ਹੈ। ਪ੍ਰਸ਼ਾਸਨ ਸਵਾਲਾਂ ਦੇ ਘੇਰੇ ਦੇ ਵਿੱਚ ਹੈ। ਪੰਜਾਬ ਪੁਲਿਸ ਨੂੰ ਤਨਜ ਕਸੇ ਜਾ ਰਹੇ ਨੇ ਤੇ ਕਿਹਾ ਜਾ ਰਿਹਾ ਹੈ ਕਿ ਇਹ ਟਰਾਲੀ ਚੋਰ ਤੇ ਲਾਸ਼ ਚੋਰ ਬਣ ਕੇ ਰਹਿ ਗਏ ਨੇ। ਗੱਲ ਗੱਲ 'ਤੇ ਖਿੜ ਖਿੜ ਹੱਸਣ ਵਾਲਾ ਮੁੱਖ ਮੰਤਰੀ ਸਾਜ਼ਿਸ਼ੀ ਚੁੱਪ ਦਾ ਮਖੌਟਾ ਪਹਿਨ ਕੇ ਟਾਈਮ ਟਪਾ ਰਿਹਾ ਹੈ। ਇਮਾਨਦਾਰ ਸੀ.ਐਮ. ਦੇ ਪੋਸਟਰ ਲਗਾਉਣ ਵਾਲਿਆਂ ਵਿਚੋਂ ਇਮਾਨਦਾਰੀ ਵਾਲੀ ਮਹਿਕ ਨਹੀਂ ਆਉਂਦੀ। ਇਸ ਸਾਰੀ ਸਥਿਤੀ ਦੇ ਵਿੱਚ ਇੱਕ ਦਮ ਬਦਲਾਓ ਉਦੋਂ ਆਉਂਦਾ ਜਦੋਂ ਹਾਕਮ ਸਰਕਾਰ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੰਦੀ ਹੈ ਤੇ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਜਿਨ੍ਹਾਂ ਦੀਆਂ ਟਿਕਟਾਂ ਕੱਟੀਆਂ ਜਾਂਦੀਆਂ ਨੇ ਉਨ੍ਹਾਂ ਦੀਆਂ ਜ਼ਮੀਰਾਂ ਜਾਗ ਪੈਂਦੀਆਂ ਨੇ। ਪੰਜਾਬ ਦਾ ਹੇਜ ਉਨ੍ਹਾਂ ਨੂੰ ਸਤਾਉਣ ਲੱਗਦਾ ਹੈ। ਪੰਜਾਬ ਦੇ ਵਿੱਚ ਨਸ਼ੇ ਦਾ ਉਨ੍ਹਾਂ ਨੂੰ ਦੁੱਖ ਹੋਣ ਲੱਗਦਾ ਹੈ ਤੇ ਪਰਵਿੰਦਰ ਸਿੰਘ ਝੋਟਾ ਉਨ੍ਹਾਂ ਦਾ ਵੀਰ ਬਣ ਜਾਂਦਾ ਹੈ ਪਰ ਸਵਾਲ ਇਹ ਹੈ ਕਿ ਜੇ ਟਿਕਟ ਇਨ੍ਹਾਂ ਨੂੰ ਮਿਲ ਜਾਂਦੀ ਕੀ ਇਨ੍ਹਾਂ ਦੀ ਬਿਆਨਬਾਜ਼ੀ ਏਹੀ ਰਹਿਣੀ ਸੀ ? ਸਮਝ ਨਹੀਂ ਆਉਂਦੀ ਕਿ ਇਹਨਾਂ ਦੀ ਵਫ਼ਾਦਾਰੀ ਵਿਚਾਰਧਾਰਾ ਨਾਲ ਸੀ ਜਾਂ ਸਿਰਫ਼ ਚੋਣ ਲੜਨ ਦੇ ਮੌਕੇ ਨਾਲ। ਜਿਸ ਤਰੀਕੇ ਦੇ ਨਾਲ ਪਾਰਟੀ ਦੀਆਂ ਨਿੱਜੀ ਪਰਤਾਂ ਫਰੋਲੀਆਂ ਗਈਆਂ ਕੀ ਇਹ ਪੰਜਾਬ ਦੇ ਹਿੱਤ ਲਈ ਬੋਲ ਰਹੇ ਸੀ ਜਾਂ ਸਿਆਸੀ ਹਿੱਤ ਲਈ। ਰਾਤੋਂ ਰਾਤ ਦਸਤਾਰਾਂ ਦੇ ਰੰਗ ਬਦਲ ਗਏ। ਇਹ ਤਾਂ ਉਹ ਗੱਲ ਹੋਈ "ਯਾਰੀ ਲੱਗੀ 'ਤੇ ਲਵਾਤੇ ਤਖ਼ਤੇ, ਟੁੱਟੀ 'ਤੇ ਚੁਗਾਠ ਪੁੱਟ ਲਈ।" ਸਮਝ ਨਹੀਂ ਆ ਰਹੀ ਕਿ ਪੰਜਾਬ ਦੀ ਸਿਆਸਤ ਦੇ ਵਿੱਚ ਇਹੋ ਜਿਹੇ ਲੋਕਾਂ ਦੇ ਲਈ ਸਿੱਧਾਂਤ ਵੱਡੇ ਨੇ ਕਿ ਕੁਰਸੀ ? ਪਾਰਟੀ ਵੱਡੀ ਹੈ ਜਾਂ ਨਿੱਜੀ ਸਵਾਰਥ ਪਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਹੱਥਾਂ ਦੀਆਂ ਦਿੱਤੀਆਂ ਗੰਢਾਂ ਮੂੰਹ ਨਾਲ ਖੋਹਲੀਆਣਾਂ ਪੈਂਦੀਆਂ ਨੇ।

ਸ਼ਬਦੀ ਜੰਗ ਫਿਰ ਸ਼ੁਰੂ ਹੋ ਗਈ ਹੈ। ਇੱਕ ਪਾਸੇ ਪੰਜਾਬ ਦੇ ਮੋਰਚਰੀ ਵਿੱਚ ਨੌਜਵਾਨਾਂ ਦੀਆਂ ਲਾਸ਼ਾਂ ਪਈਆਂ ਸਨ ਤੇ ਦੂਜੇ ਪਾਸੇ ਸਾਡੇ ਸੀ.ਐਮ. ਸਾਹਿਬ ਕਰਵਾ ਚੌਥ 'ਤੇ ਖੜਖਿੱਲੀ ਪਾ ਰਹੇ ਸਨ ਅਖੇ ਮੇਰੀ ਘਰਵਾਲੀ ਕਹਿੰਦੀ ਹੈ ਕਿ ਚੰਨ ਚੜ੍ਹਨ ਤੋਂ ਪਹਿਲਾਂ ਆ ਜਾਵੀਂ। ਇਹ ਤਾਂ ਉਹ ਗੱਲ ਹੋਈ ਕਿ "ਕੋਈ ਮਰੇ ਕੋਈ ਜੀਵੇ , ਸੁਥਰਾ ਘੋਲ ਪਤਾਸੇ ਪੀਵੇ।" ਇਸ ਸਮੇਂ ਪੰਜਾਬ ਦੇ ਵਿੱਚ ਤਿੱਖੀ ਬਹਿਸ ਤੇ ਸ਼ਬਦੀ ਹਮਲੇ ਜ਼ੋਰਾਂ 'ਤੇ ਹਨ ਪਰ ਸਾਡੇ ਸਿਆਸਤਦਾਨਾਂ ਨੂੰ ਇੱਕ ਬੁਨਿਆਦੀ ਫਰਕ ਸਮਝਣਾ ਪਵੇਗਾ ਕਿ ਸਿਆਸੀ ਤਨਜ ਉਦੋਂ ਤੱਕ ਲੋਕਤੰਤਰੀ ਵਿਅੰਗ ਹੈ ਜਦੋਂ ਤੱਕ ਉਹ ਵਿਚਾਰਾਂ, ਨੀਤੀਆਂ ਤੇ ਕਾਰਗੁਜ਼ਾਰੀ ਨੂੰ ਨਿਸ਼ਾਨਾ ਬਣਾਉਂਦਾ ਹੈ। ਜਦੋਂ ਉਹ ਨਿੱਜੀ ਅਪਮਾਨ ਤੇ ਬਦਜ਼ਬਾਨੀ ਵਿੱਚ ਬਦਲ ਜਾਵੇ ਤਾਂ ਸਿਆਸੀ ਬਹਿਸ ਆਪਣਾ ਮਿਆਰ ਗੁਆਉਣ ਲੱਗਦੀ ਹੈ।

ਮੈਂ ਪੰਜਾਬ ਦਾ ਵਫ਼ਾਦਾਰ, ਮੈਂ ਇਮਾਨਦਾਰ, ਮੈਨੂੰ ਪੰਜਾਬ ਦਾ ਦਰਦ ਹੈ, ਦੂਜਿਆਂ ਨੇ ਪੰਜਾਬ ਨੂੰ ਲੁੱਟ ਕੇ ਖਾ ਲਿਆ, ਇਹ ਪੰਜਾਬ ਨੂੰ ਵੇਚਣਾ ਚਾਹੁੰਦੇ ਨੇ, ਇਹੋ ਜਿਹੇ ਬਿਆਨ ਅੱਜ-ਕੱਲ੍ਹ ਹਰ ਪਾਰਟੀ ਦਾ ਆਗੂ ਦੇ ਕੇ ਆਪ ਸੁਰਖ਼ਰੂ ਤੇ ਦੂਜੀ ਧਿਰ ਉੱਤੇ ਚਿੱਕੜ ਸੁੱਟ ਰਿਹਾ ਹੈ। ਪੰਜਾਬ ਦੇ ਬੁਨਿਆਦੀ ਮਸਲਿਆਂ ਦੇ ਉੱਤੇ ਸਾਰੀਆਂ ਪਾਰਟੀਆਂ ਨੇ ਤੱਪੜ ਪਾ ਦਿੱਤਾ ਹੈ। ਲੋਕ ਖਾਮੋਸ਼ ਨੇ, ਪਰ ਮੂੰਹੋਂ ਮੂੰਹੀਂ ਇਹ ਵੀ ਕਹਿ ਰਹੇ ਨੇ ਸਾਡੇ ਪਿੰਡਾਂ ਵੱਲ ਕਦੀ ਗੇੜਾ ਮਾਰਿਓ। ਅਸਲੀ ਸਿਆਸਤ ਤੁਹਾਨੂੰ ਅਸੀਂ ਸਿਖਾਵਾਂਗੇ। ਇਸ ਵਾਰੀ ਚੋਣਾਂ ਵਿੱਚ ਸਿਰਫ਼ ਵੋਟਾਂ ਦੀ ਜੰਗ ਨਹੀਂ ਹੋਵੇਗੀ। ਸਗੋਂ ਲਗਦਾ ਹੈ ਕਿ ਹਰ ਇੱਕ ਦੇ ਅਕਸ, ਬਿਰਤਾਂਤ ਤੇ ਡਿਜੀਟਲ ਪ੍ਰਚਾਰ ਦੀ ਵੀ ਇੱਕ ਤਿੱਖੀ ਜੰਗ ਹੋਵੇਗੀ। ਸਵਾਲ ਪੁੱਛਣ ਵਾਲੇ ਭਾਵ ਮੀਡੀਆ ਵਾਲੇ ਤਿੱਖੇ ਸਵਾਲ ਤਾਂ ਕੀ ਪੁੱਛਣੇ ਨੇ ਸਗੋਂ ਪ੍ਰੈੱਸ ਕਾਨਫ਼ਰੰਸਾਂ ਵਿੱਚ ਜਾ ਕੇ ਵੀ ਸ਼ੁਗਲ ਮੇਲਾ ਹੀ ਕਰਦੇ ਨੇ। ਇੱਥੋਂ ਤੱਕ ਕਿ ਭਗਵੰਤ ਮਾਨ ਦੇ ਫੁੱਫੜ ਨੂੰ ਵੀ ਆਪਣਾ ਫੁੱਫੜ ਬਣਾ ਲਿਆ। ਕਦੇ ਕੈਪਟਨ- ਬਾਦਲ ਦੇ ਸਿਆਸੀ ਦੌਰ ਵਿੱਚ ਅਖ਼ਬਾਰਾਂ ਦੇ ਪੰਨਿਆਂ 'ਤੇ ਛਪਣ ਵਾਲੇ ਕਾਰਟੂਨ ਸਿਆਸਤ ਦੇ ਵੱਡੇ ਵੱਡੇ ਕਿਰਦਾਰਾਂ ਨੂੰ ਇੱਕ ਲਕੀਰ ਵਿੱਚ ਬਿਆਨ ਕਰ ਦਿੰਦੇ ਸਨ। ਕਾਰਟੂਨ ਬਣਾਉਣ ਵਾਲਿਆਂ ਦੀ ਕਲਮ ਵਿੱਚ ਅਜਿਹੀ ਧਾਰ ਹੁੰਦੀ ਸੀ ਕਿ ਉਹ ਬਿਨਾਂ ਲੰਬੀ ਤਕਰੀਰ ਕੀਤਿਆਂ ਸੱਤਾ ਦੇ ਗਲਿਆਰਿਆਂ ਵਿੱਚ ਪਹੁੰਚ ਜਾਂਦੀ ਸੀ। ਇਹ ਵਿਅੰਗ ਇਸ ਤਰ੍ਹਾਂ ਦੇ ਹੁੰਦੇ ਸਨ ਕਿ ਹਸਾਉਂਦੇ ਵੀ ਸਨ ਤੇ ਸਿਆਸੀ ਸੋਚ, ਨੀਤੀਆਂ ਤੇ ਸੱਤਾ ਦੇ ਹੰਕਾਰ ਨੂੰ ਸਵਾਲਾਂ ਦੇ ਕਟਹਿਰੇ ਵਿੱਚ ਖੜ੍ਹਾ ਵੀ ਕਰ ਦਿੰਦੇ ਸੀ। ਤੇ ਸਿਆਸਤ ਦਾਨ ਅੱਜ ਵਾਂਗੂੰ ਸਟੇਜਾਂ ਦੇ ਉੱਤੇ ਖਲੋ ਕੇ ਇੱਕ ਦੂਜੇ ਦੀ ਕੁੱਕੜ ਖੇਹ ਨਹੀਂ ਸੀ ਉਡਾਉਂਦੇ। ਜੇ ਤਨਜ ਕਸਦੇ ਸੀ ਤਾਂ ਉਸ ਦੇ ਵਿੱਚ ਵੀ ਮਰਿਆਦਾ ਦੀ ਇੱਕ ਲਕੀਰ ਹੁੰਦੀ ਸੀ।

ਪਰ ਸਮੇਂ ਨੇ ਸਿਆਸੀ ਪ੍ਰਚਾਰ ਤੇ ਬਿਆਨਬਾਜ਼ੀ ਦੀ ਤਸਵੀਰ ਹੀ ਬਦਲ ਦਿੱਤੀ ਹੈ। ਹੁਣ ਅਖ਼ਬਾਰਾਂ ਦੇ ਕਾਰਟੂਨ ਡਿਜੀਟਲ ਮੀਮਸ, ਰੀਲਾਂ ਤੇ ਵਾਇਰਲ ਵੀਡੀਓ ਵਿੱਚ ਤਬਦੀਲ ਹੋ ਚੁੱਕੇ ਨੇ ਤੇ ਸਾਡੇ ਸਿਆਸਤਦਾਨ ਵੀ ਰੀਲਾਂ ਦੇ ਜਵਾਬ ਵਿੱਚ ਰੀਲਾਂ ਬਣਾ ਕੇ ਦੇ ਰਹੇ ਨੇ। ਪਹਿਲਾਂ ਇੱਕ ਕਾਰਟੂਨ ਬਣਾਉਣ ਵਾਲੇ ਦੀ ਕਲਮ ਸਿਆਸੀ ਤਨਜ ਨੂੰ ਜਨਮ ਦਿੰਦੀ ਸੀ ਅੱਜ ਸਮਾਰਟ ਫੋਨ ਹੀ ਪ੍ਰਚਾਰ ਦਾ ਸਟੂਡੀਓ ਬਣ ਗਿਆ। ਕੋਈ ਬਿਆਨ ਆਉਂਦਾ ਹੈ ਤੇ ਕੋਈ ਵੀਡੀਓ ਸਾਹਮਣੇ ਆਉਂਦੀ ਹੈ ਤਾਂ ਕੁਝ ਮਿੰਟਾਂ ਵਿੱਚ ਹੀ ਉਸ ਦੀਆਂ ਸੈਂਕੜੇ ਡਿਜੀਟਲ ਰੂਪ ਲੋਕਾਂ ਦੇ ਮੋਬਾਇਲਾਂ ਤੱਕ ਪਹੁੰਚ ਜਾਂਦੇ ਹਨ। ਇਸ ਨੂੰ ਪ੍ਰਚਾਰ ਦੀ ਰਣਨੀਤੀ ਵੀ ਕਿਹਾ ਜਾਂਦਾ ਹੈ ਪਰ ਹੁਣ ਮੁਕਾਬਲਾ ਸਿਰਫ਼ ਚੋਣ ਮੈਦਾਨ ਵਿੱਚ ਨਹੀਂ ਸਗੋਂ ਲੋਕਾਂ ਦੇ ਮਨਾਂ ਵਿੱਚ ਆਪਣਾ ਬਿਰਤਾਂਤ ਸਥਾਪਿਤ ਕਰਨ ਲਈ ਵੀ ਹੈ। ਸਿਆਸੀ ਪਾਰਟੀਆਂ ਦੇ ਡਿਜੀਟਲ ਸੰਕਟ, ਸੋਸ਼ਲ ਮੀਡੀਆ ਮੁਹਿੰਮ ਤੇ ਮੀਮਸ ਦੀ ਦੁਨੀਆ ਨੇ ਪ੍ਰਚਾਰ ਨੂੰ ਅਜਿਹੀ ਰਫ਼ਤਾਰ ਦੇ ਦਿੱਤੀ ਹੈ ਜਿੱਥੇ ਇੱਕ ਤਸਵੀਰ ਜਾਂ ਵੀਡੀਓ ਕਈ ਵਾਰ ਹਜ਼ਾਰਾਂ ਸ਼ਬਦਾਂ 'ਤੇ ਭਾਰੀ ਪੈ ਜਾਂਦੀ ਹੈ।

ਇੱਕ ਸਵਾਲ ਅਜੇ ਵੀ ਆਪਣੀ ਥਾਂ ਕਾਇਮ ਹੈ ਕੀ ਚੋਣਾਂ ਲੋਕਾਂ ਦੇ ਮੁੱਦਿਆਂ, ਵਿਕਾਸ, ਰੁਜ਼ਗਾਰ ਤੇ ਜਵਾਬਦੇਹੀ 'ਤੇ ਲੜੀਆਂ ਜਾਣਗੀਆਂ ਜਾਂ ਫਿਰ ਮੀਮਸ, ਮਖੌਲ ਤੇ ਡਿਜੀਟਲ ਪ੍ਰਚਾਰ ਦਾ ਸ਼ੋਰ ਅਸਲ ਸਵਾਲਾਂ ਨੂੰ ਨਿਗਲ਼ ਜਾਵੇਗਾ ? ਲੋਕਤੰਤਰ ਵਿੱਚ ਸੱਤਾ 'ਤੇ ਤਨਜ ਕਰਨ ਦਾ ਹੱਕ ਜ਼ਰੂਰੀ ਹੈ ਪਰ ਤਨਜ ਨੂੰ ਤੱਥਾਂ ਦੀ ਕਸੌਟੀ 'ਤੇ ਪਰਖਣਾ ਵੀ ਓਨਾ ਹੀ ਜ਼ਰੂਰੀ ਹੈ ਕਿਉਂਕਿ ਕਾਰਟੂਨ ਹੋਵੇ ਜਾਂ ਮੀਮਸ। ਵਿਅੰਗ ਦੀ ਅਸਲ ਤਾਕਤ ਕਿਸੇ ਦਾ ਅਕਸ ਵਿਗਾੜਨ ਲਈ ਨਹੀਂ ਸਗੋਂ ਸਿਆਸਤ ਦਾ ਅਸਲ ਚਿਹਰਾ ਦਿਖਾਉਣ ਵਿੱਚ ਹੁੰਦੀ ਹੈ। ਅੱਜ ਜੋ ਹਾਲ 'ਆਪ' ਪਾਰਟੀ ਦਾ ਹੋ ਰਿਹਾ ਹੈ ਜਾਂ ਜਿਸ ਤਰ੍ਹਾਂ ਬੈਕ ਫੁੱਟ 'ਤੇ ਇਹ ਸਰਕਾਰ ਆ ਈ ਹੈ, ਜਿਸ ਦੀ ਤਾਜ਼ਾ ਉਦਾਹਰਣ ਸਰਕਾਰੀ ਮੁਲਾਜ਼ਮਾਂ ਨੂੰ ਤਿੰਨ ਫ਼ੀਸਦੀ ਡੀ.ਏ. ਦੇਣ ਦਾ ਐਲਾਨ ਕੀਤਾ ਹੈ। ਨਸ਼ੇ ਦੇ ਮੁੱਦੇ 'ਤੇ ਉੱਠੇ ਸਵਾਲਾਂ 'ਤੇ ਸਰਕਾਰ ਦੀ ਮੀਸਣੀ ਚੁੱਪ ਲੋਕਾਂ ਦੇ ਧੜੇ ਨੂੰ ਬਲ ਦੇ ਰਹੀ ਹੈ ਤੇ ਦੂਜੀਆਂ ਪਾਰਟੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਜੇ ਕਿਸੇ ਨੂੰ ਸਿਰ ਮੱਥੇ ਬੈਠਾਉਂਦੇ ਨੇ ਤਾਂ ਨਿਕੰਮਾ ਨਿਕਲਣ 'ਤੇ ਉਹ ਸਰਕਾਰਾਂ ਨੂੰ ਕੰਡ ਪਰਨੇ ਵੀ ਸੁੱਟ ਦਿੰਦੇ ਨੇ। ਤੇ ਪੰਜਾਬ ਦੀ ਜਨਤਾ ਨੂੰ ਬੇਨਤੀ ਹੈ ਕਿ ਕਿਸੇ ਵੀ ਸਿਆਸੀ ਧਿਰ ਦੀ ਚਾਲ ਦਾ ਸ਼ਿਕਾਰ ਨਾ ਹੋਵੋ। ਕਿਸੇ ਵੀ ਪਾਰਟੀ ਦੀ ਧਿਰ ਬਣ ਕੇ ਆਪਣਾ ਭਾਈਚਾਰਾ ਖਰਾਬ ਨਾ ਕਰੋ ਕਿਉਂਕਿ ਇਹ ਸਿਆਸਤਦਾਨ ਆਪਸ ਦੇ ਵਿੱਚ ਘਿਓ ਖਿਚੜੀ ਨੇ, ਜਿਸ ਦੀ ਉਦਾਹਰਣ ਮਨਪ੍ਰੀਤ ਬਾਦਲ ਦੀ ਬੇਟੀ ਦੇ ਵਿਆਹ ਸਮਾਗਮ ਵਿੱਚ ਸ਼ਾਮਲ ਹੋਏ ਵਿਰੋਧੀ ਸਿਆਸੀ ਆਗੂਆਂ ਤੋਂ ਮਿਲ ਜਾਂਦੀ ਹੈ। ਪੰਜਾਬ ਵਾਸੀਓ ਤੁਹਾਡੀ ਏਕਤਾ ਸਾਰੀਆਂ ਸਰਕਾਰਾਂ ਦੇ ਲਈ ਸਿਰਦਰਦੀ ਹੈ ਪਰ ਤੁਹਾਡਾ ਬਚਾਅ ਏਕਤਾ ਵਿੱਚ ਹੈ। ਬਾਕੀ ਪੰਜਾਬ ਨੂੰ ਤੁਹਾਡੀ ਏਕਤਾ ਕੁਝ ਨਹੀਂ ਹੋਣ ਦਿੰਦੀ। ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਹੈ.....

ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ 'ਚ ਸਰਕਾਰ ਤੇ ਐਕਸ਼ਨ ਕਮੇਟੀ ਵਿਚਾਲੇ ਸਮਝੌਤਾ

ਪਰਿਵਾਰ ਨੂੰ 2 ਕਰੋੜ ਰੁਪਏ ਦਾ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ ਦਾ ਵਾਅਦਾ

ਮਾਨਸਾ/ਏ.ਟੀ.ਨਿਊਜ਼ : ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਸੰਘਰਸ਼ ਦੇ 23ਵੇਂ ਦਿਨ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅਤੇ ਐਕਸ਼ਨ ਕਮੇਟੀ ਵਿਚਾਲੇ 5 ਘੰਟੇ ਚੱਲੀ ਮੀਟਿੰਗ ਵਿੱਚ ਲੱਖਾ ਸਿਧਾਣਾ, ਹੋਰ ਆਗੂਆਂ ਦੀ ਰਿਹਾਈ ਅਤੇ ਹੋਰਨਾਂ ਮੰਗਾਂ 'ਤੇ ਸਹਿਮਤੀ ਬਣ ਗਈ। ਆਗੂਆਂ ਦੀ ਰਿਹਾਈ ਮਗਰੋਂ ਹੀ ਪੋਸਟ-ਮਾਰਟਮ ਅਤੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਇਸ ਦੇ ਨਾਲ ਹੀ, 5 ਨਵੰਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਐਕਸ਼ਨ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਮੀਟਿੰਗ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਹੋਈ।

ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੀਟਿੰਗ ਦੌਰਾਨ ਜੇਲ੍ਹਾਂ ਵਿੱਚ ਬੰਦ ਲੱਖਾ ਸਿਧਾਣਾ ਅਤੇ ਹੋਰ ਆਗੂਆਂ ਦੀ ਰਿਹਾਈ ਦੇ ਮੁੱਦੇ 'ਤੇ ਕਈ ਘੰਟੇ ਪੇਚ ਅੜਿਆ ਰਿਹਾ। ਹੋਰ ਮੰਗਾਂ 'ਤੇ ਲਗਪਗ ਸਹਿਮਤੀ ਬਣਨ ਦੇ ਬਾਵਜੂਦ, ਐਕਸ਼ਨ ਕਮੇਟੀ ਆਗੂਆਂ ਦੀ ਰਿਹਾਈ ਤੋਂ ਬਿਨਾਂ ਪੋਸਟ-ਮਾਰਟਮ ਅਤੇ ਅੰਤਿਮ ਸੰਸਕਾਰ ਲਈ ਸਹਿਮਤ ਨਹੀਂ ਸੀ। ਸਿੱਧੂ ਅਨੁਸਾਰ ਮੀਟਿੰਗ ਵਿੱਚ ਖਿਆਲਾ ਕਲਾਂ ਵਿਖੇ ਝੋਟਾ ਦੇ ਨਾਂ 'ਤੇ ਟਰੌਮਾ ਸੈਂਟਰ ਬਣਾਉਣ ਲਈ ਇੱਕ ਹਫ਼ਤੇ ਵਿੱਚ ਮਨਜ਼ੂਰੀ ਦੇਣ 'ਤੇ ਸਹਿਮਤੀ ਬਣੀ। ਇਸ ਤੋਂ ਇਲਾਵਾ, ਸਬੰਧਤ ਪੁਲਿਸ ਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਸਮਾਂਬੱਧ ਉੱਚ-ਪੱਧਰੀ ਜਾਂਚ ਕਰਵਾਉਣ ਅਤੇ ਝੋਟਾ ਦੇ ਪਰਿਵਾਰ ਨੂੰ ਨੌਕਰੀ ਤੇ 2 ਕਰੋੜ ਰੁਪਏ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਗਿਆ। ਪਰਿਵਾਰ ਮੁਤਾਬਕ ਝੋਟਾ ਦੀ ਯਾਦ ਵਿੱਚ ਬੁੱਤ ਲਗਾਉਣ 'ਤੇ ਸਹਿਮਤੀ ਬਣ ਗਈ ਹੈ, ਪਰ ਘਟਨਾ ਵਾਲੀ ਥਾਂ 'ਤੇ ਬੁੱਤ ਲਗਾਉਣ ਬਾਰੇ ਸਹਿਮਤੀ ਨਹੀਂ ਬਣ ਸਕੀ। ਇਸ ਸਬੰਧੀ ਸਰਕਾਰ ਦੇ ਨੁਮਾਇੰਦਿਆਂ ਦਾ ਕਹਿਣਾ ਸੀ ਕਿ ਘਟਨਾ ਵਾਲੀ ਥਾਂ ਨਿੱਜੀ ਜਾਇਦਾਦ ਹੋਣ ਕਾਰਨ ਉੱਥੇ ਬੁੱਤ ਲਗਾਉਣ ਵਿੱਚ ਕਾਨੂੰਨੀ ਅੜਚਣ ਆ ਸਕਦੀ ਹੈ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਦਲਜੀਤ ਸਿੰਘ ਭੰਮੇ ਦੇ ਪਰਿਵਾਰ ਨੂੰ ਵੀ ਨੌਕਰੀ ਅਤੇ ਮੁਆਵਜ਼ੇ ਦਾ ਭਰੋਸਾ ਦਿੱਤਾ ਗਿਆ ਹੈ।



ਸਿੱਧ

ਸਿਆਸਤ, ਸੱਤਾ ਅਤੇ ਸਿਸਟਮ 'ਚ ਵੱਡੇ ਸੁਧਾਰ ਦੀ ਲੋੜ



ਬੋਲਣ ਲੱਗਿਆਂ ਰੱਖੀ ਜਾਵੇ ਭਾਸ਼ਾ ਦੀ ਮਰਿਆਦਾ

ਸਿਆਸੀ ਬਿਆਨਬਾਜ਼ੀ 'ਚ ਪਰਿਵਾਰ ਪ੍ਰਤੀ ਬੋਲਣਾ ਠੀਕ ਨਹੀਂ

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਆਮ ਲੋਕਾਂ ਵੱਲੋਂ ਸਰਕਾਰਾਂ ਦੀਆਂ ਨੀਤੀਆਂ ਨਾਲ ਸਹਿਮਤ ਨਾ ਹੋਣ ਕਾਰਨ ਅਕਸਰ ਵੋਟਾਂ ਪਾ ਕੇ ਸਰਕਾਰ ਨੂੰ ਬਦਲ ਦਿੱਤਾ ਜਾਂਦਾ ਹੈ ਪਰ ਜਿੰਨੀ ਦੇਰ ਸਰਕਾਰਾਂ ਬਦਲਣ ਦੀ ਗੱਲ ਨੂੰ ਛੱਡ ਕੇ ਕਿਸੇ ਵੀ ਸੱਤਾਵਾਦੀ ਨਿਜ਼ਾਮ ਦੁਆਰਾ ਬਣਾਏ ਲੋਕ ਵਿਰੋਧੀ ਸਿਸਟਮ 'ਚ ਬਦਲਾਅ ਨਹੀਂ ਲਿਆਂਦਾ ਜਾਂਦਾ ਅਤੇ ਇਸ ਨੂੰ ਮਨੁੱਖ ਦੇ ਮੇਚ ਦਾ ਬਣਾਉਣ ਲਈ ਲਗਾਤਾਰ ਸੰਘਰਸ਼ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸਰਕਾਰਾਂ ਦੇ ਨਿਰੰਕੁਸ਼ ਕੰਮਾਂ ਨੂੰ ਨੱਥ ਨਹੀਂ ਪਾਈ ਜਾ ਸਕਦੀ। ਇਸ ਸਮੇਂ ਸੱਤਾ, ਸਿਆਸਤ ਅਤੇ ਸਿਸਟਮ ਵਿੱਚ ਵੱਡੇ ਸੁਧਾਰ ਕਰਨ ਦੀ ਲੋੜ ਹੈ ਤਾਂ ਕਿ ਦੇਸ਼ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਦੀ ਸਥਾਪਨਾ ਕੀਤੀ ਜਾ ਸਕੇ।

ਅੰਮ੍ਰਿਤਸਰ ਟਾਈਮਜ਼ ਬਿਊਰੋ

ਭਾਰਤ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਮੰਨਿਆ ਜਾਂਦਾ ਹੈ। ਭਾਰਤੀ ਸਿਸਟਮ ਵਿੱਚ 'ਲੋਕਤੰਤਰੀ ਕਦਰਾਂ ਕੀਮਤਾਂ' ਮੌਜੂਦ ਹੋਣ ਕਾਰਨ ਪੂਰੀ ਦੁਨੀਆ ਵਿੱਚ ਭਾਰਤ ਦਾ ਉੱਚਾ ਸਥਾਨ ਹੈ। ਇੱਥੇ ਬਹੁਮਤ ਵਾਲੀ ਮਜ਼ਬੂਤ ਸਰਕਾਰ ਦੇ ਨਾਲ-ਨਾਲ ਸ਼ਕਤੀਸ਼ਾਲੀ ਵਿਰੋਧੀ ਧਿਰ ਦੀ ਹੋਂਦ ਲਈ ਵੀ ਲੋਕਤੰਤਰ ਦੇ ਦਰਵਾਜ਼ੇ ਖੁੱਲ੍ਹੇ ਹਨ। ਭਾਰਤੀ ਸੰਸਕ੍ਰਿਤੀ ਵਿੱਚ ਆਪਣੇ ਵਿਰੋਧੀ ਆਗੂਆਂ ਲਈ ਵੀ ਚੰਗੀ ਸ਼ਬਦਾਵਲੀ ਬੋਲਣ ਦਾ ਗੁਣ ਮੌਜੂਦ ਹੈ ਪਰ ਪਿਛਲੇ ਕੁਝ ਸਮੇਂ ਤੋਂ ਵੱਖ -ਵੱਖ ਥਾਂਵਾਂ 'ਤੇ ਹੁੰਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਸਰਕਾਰ ਦਾ ਵਿਰੋਧ ਕਰਨ ਲੱਗਿਆਂ ਅਨੇਕਾਂ ਲੋਕ ਭਾਸ਼ਾ ਦੀ ਮਰਿਆਦਾ ਭੁੱਲ ਜਾਂਦੇ ਹਨ। ਦਿੱਲੀ ਵਿੱਚ ਕੁਝ ਸਮਾਂ ਪਹਿਲਾਂ ਚੱਲੇ ਵਿਦਿਆਰਥੀ ਅਤੇ ਨੌਜਵਾਨ ਅੰਦੋਲਨ, ਜਿਸ ਨੂੰ 'ਜ਼ੈਨ ਜ਼ੀ ਅੰਦੋਲਨ' ਵੀ ਕਿਹਾ ਜਾਂਦਾ ਹੈ, ਦੌਰਾਨ ਕੁਝ ਨੌਜਵਾਨ ਮੁੰਡੇ ਕੁੜੀਆਂ ਵੱਲੋਂ ਅਜਿਹੇ ਸ਼ਬਦ ਮੀਡੀਆ ਸਾਹਮਣੇ ਬੋਲੇ ਗਏ ਅਤੇ ਅਜਿਹੇ ਬੈਨਰ ਪ੍ਰਦਰਸ਼ਿਤ ਕੀਤੇ ਗਏ, ਜਿਨ੍ਹਾਂ ਦਾ ਇੱਥੇ ਜ਼ਿਕਰ ਵੀ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਅਨੇਕਾਂ ਬੁਲਾਰਿਆਂ ਨੇ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀਆਂ ਬਾਰੇ ਅਸ਼ਲੀਲ ਟਿੱਪਣੀਆਂ ਵੀ ਕੀਤੀਆਂ ਗਈਆਂ। ਇਹ ਸਭ ਵੇਖ ਕੇ ਕੁਝ ਸਾਲ ਪਹਿਲਾਂ ਦਿੱਲੀ ਦੀਆਂ ਬਰੂੰਹਾਂ 'ਤੇ ਚੱਲੇ ਕਿਸਾਨ ਅੰਦੋਲਨ ਦੀ ਯਾਦ ਆ ਜਾਂਦੀ ਹੈ। ਉਸ ਸਮੇਂ ਦੇਸ਼ ਦੇ ਸੈਂਕੜੇ ਕਿਸਾਨਾਂ ਨੇ ਦਿੱਲੀ 'ਚ ਧਰਨਾ ਲਗਾਇਆ ਸੀ ਪਰ ਉਸ ਸਮੇਂ ਕਿਸਾਨ ਅਤੇ ਹੋਰ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਦੀ ਗੱਲ ਕਰਨ ਲੱਗਿਆ ਹਮੇਸ਼ਾ ਮਰਿਆਦਾ ਦਾ ਪਾਲਣ ਕੀਤਾ ਜਾਂਦਾ ਸੀ ਅਤੇ ਪ੍ਰਧਾਨ ਮੰਤਰੀ ਪ੍ਰਤੀ ਸਾਰੇ ਸ਼ਬਦ 'ਇੱਜ਼ਤ' ਨਾਲ ਬੋਲੇ ਜਾਂਦੇ ਸਨ। ਇਹਨਾਂ ਕਿਸਾਨ ਆਗੂਆਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਗਰਿਮਾ ਦਾ ਪੂਰਾ ਚੇਤਾ ਸੀ। ਇਸ ਧਰਨੇ ਦੌਰਾਨ ਕਦੇ ਵੀ ਪ੍ਰਧਾਨ ਮੰਤਰੀ ਜਾਂ ਕਿਸੇ ਕੈਬਨਿਟ ਮੰਤਰੀ ਵਿਰੁੱਧ ਅਸ਼ਲੀਲ ਟਿੱਪਣੀਆਂ ਨਹੀਂ ਸੀ ਕੀਤੀਆਂ ਗਈਆਂ। ਇੱਥੇ ਇਹ ਵੀ ਯਾਦ ਕਰਵਾਇਆ ਜਾ ਸਕਦਾ ਹੈ ਕਿ ਜਦੋਂ ਭਾਰਤ ਵਿੱਚ ਸ੍ਰ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਰਾਜ ਕਰ ਰਹੀ ਸੀ ਤੇ ਨਰਿੰਦਰ ਮੋਦੀ ਉਸ ਸਮੇਂ ਵਿਰੋਧੀ ਆਗੂ ਸਨ ਤਾਂ ਨਰਿੰਦਰ ਮੋਦੀ ਅਕਸਰ ਪ੍ਰਧਾਨ ਮੰਤਰੀ ਸ੍ਰ. ਮਨਮੋਹਨ ਸਿੰਘ ਬਾਰੇ ਕਿਹਾ ਕਰਦੇ ਸਨ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਰੇਨਕੋਟ ਪਾ ਕੇ ਨਹਾਉਂਦੇ ਹਨ। ਉਸ ਸਮੇਂ ਨਰਿੰਦਰ ਮੋਦੀ ਦੇ ਅਜਿਹੇ ਬਿਆਨਾਂ ਨੂੰ ਦੇਸ਼ ਵਾਸੀਆਂ ਵੱਲੋਂ ਚੰਗਾ ਨਹੀਂ ਸੀ ਸਮਝਿਆ ਗਿਆ। ਕਹਿਣ ਦਾ ਭਾਵ ਇਹ ਹੈ ਕਿ ਹਮਾਮ ਵਿੱਚ ਸਾਰੇ ਸਿਆਸੀ ਆਗੂ ਨੰਗੇ ਹਨ।

ਜੇ ਹੁਣ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਵੀ ਕਈ ਸਿਆਸੀ ਆਗੂ ਭਾਸ਼ਾ ਦੀ ਮਰਿਆਦਾ ਨੂੰ ਭੁੱਲਦੇ ਜਾ ਰਹੇ ਹਨ। ਪੰਜਾਬ ਵਿੱਚ ਇਸ ਸਮੇਂ ਚੱਲ ਰਹੇ ਵਿਧਾਨ ਸਭਾ ਸੈਸ਼ਨ ਦੌਰਾਨ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਸਦਨ ਵਿੱਚ ਮੰਦੀ ਸ਼ਬਦਾਵਲੀ ਬੋਲਣ ਦੇ ਦੋਸ਼ ਵਿੱਚ ਸੈਸ਼ਨ ਦੇ ਪੂਰੇ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ। ਗੱਲ ਸਿਰਫ਼ ਖਹਿਰਾ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਪੰਜਾਬ ਦੀ ਸੱਤਾਧਾਰੀ ਪਾਰਟੀ 'ਆਪ' ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂ ਵੀ ਅਕਸਰ ਬਿਆਨ ਦਿੰਦੇ ਸਮੇਂ ਭਾਸ਼ਾ ਦੀ ਮਰਿਆਦਾ ਭੁੱਲ ਜਾਂਦੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਿਆਸੀ ਰੈਲੀਆਂ ਦੌਰਾਨ ਅਕਸਰ ਚੁੱਟਕਲੇ ਸੁਣਾਉਣ ਲੱਗਦੇ ਹਨ। ਅਸਲ 'ਚ ਭਗਵੰਤ ਮਾਨ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਕਾਮੇਡੀਅਨ ਸਨ। ਇਸ ਕਰਕੇ ਉਹਨਾਂ ਦੇ ਹਰ ਭਾਸ਼ਣ ਵਿੱਚ ਕਾਮੇਡੀ ਦਾ ਅਸਰ ਦਿਖਾਈ ਦੇਣ ਲੱਗਦਾ ਹੈ। ਵਿਰੋਧੀ ਸਿਆਸੀ ਆਗੂ ਦੋਸ਼ ਲਗਾਉਂਦੇ ਹਨ ਕਿ ਮੁੱਖ ਮੰਤਰੀ ਮਾਨ ਅਕਸਰ ਗੰਭੀਰ ਮੁੱਦਿਆਂ ਨੂੰ ਵੀ ਚੁੱਟਕਲੇ ਸੁਣਾ ਕੇ ਅਣਸੁਣੇ ਕਰ ਦਿੰਦੇ ਹਨ।

ਦੂਜੇ ਪਾਸੇ ਵੱਖ- ਵੱਖ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂ ਵੀ ਅਕਸਰ ਮੁੱਖ ਮੰਤਰੀ ਮਾਨ ਬਾਰੇ ਬੋਲਣ ਲੱਗਿਆਂ ਮਰਿਆਦਾ ਭੁੱਲ ਜਾਂਦੇ ਹਨ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ, ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ ਅਤੇ ਹੋਰ ਆਗੂ ਅਕਸਰ ਹਰ ਦਿਨ ਮੁੱਖ ਮੰਤਰੀ ਮਾਨ ਨੂੰ ਕੋਸਦੇ ਰਹਿੰਦੇ ਹਨ ਅਤੇ ਮਾਨ ਦੇ ਅਸਤੀਫ਼ੇ ਦੀ ਮੰਗ ਕਰਦੇ ਹਨ। ਸੁਖਬੀਰ ਬਾਦਲ ਅਤੇ ਹੋਰ ਆਗੂ ਤਾਂ ਜਨਤਕ ਰੈਲੀਆਂ ਦੌਰਾਨ ਕਈ ਵਾਰ ਮੁੱਖ ਮੰਤਰੀ ਮਾਨ ਨੂੰ ਸ਼ਰਾਬੀ ਕਬਾਬੀ ਵੀ ਕਹਿ ਚੁੱਕੇ ਹਨ। ਲੰਘੇ ਦਿਨੀਂ ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਲੱਗੇ ਹੋਏ ਧਰਨੇ ਦੌਰਾਨ ਝੋਟੇ ਦੇ ਪਿਤਾ ਵੱਲੋਂ ਭਗਵੰਤ ਸਿੰਘ ਮਾਨ, ਮਾਨ ਵਜ਼ਾਰਤ ਦੇ ਕੁਝ ਮੰਤਰੀਆਂ ਦੀਆਂ ਧੀਆਂ ਭੈਣਾਂ ਬਾਰੇ ਕੁਬੋਲ ਬੋਲੇ ਗਏ। ਇਸ ਮੌਕੇ ਪਰਵਿੰਦਰ ਸਿੰਘ ਝੋਟੇ ਦੇ ਬਾਪੂ ਭੀਮ ਸਿੰਘ ਨੇ ਇੱਕ ਧਰਨਾਕਾਰੀ ਆਗੂ ਨੂੰ ਆਪਣਾ ਪੁੱਤਰ ਦੱਸਦਿਆਂ ਮੀਡੀਆ ਸਾਹਮਣੇ ਕਿਹਾ ਕਿ ਭਗਵੰਤ ਮਾਨ ਨੂੰ ਆਪਣੀ ਧੀ, ਮਾਮੇ ਅਤੇ ਭੂਆ ਦੀ ਧੀ ਦਾ ਵੀ ਇਸ ਆਗੂ ਨੂੰ ਰਿਸ਼ਤਾ ਕਰਨਾ ਚਾਹੀਦਾ ਹੈ ਅਤੇ ਇਸ ਕੰਮ ਵਿੱਚ ਉਹ ਵਿਚੋਲਾ ਬਣਨ ਲਈ ਤਿਆਰ ਹਨ। ਇਸ ਮੌਕੇ ਉਹਨਾਂ ਨੇ ਦੋ ਕੈਬਨਿਟ ਮੰਤਰੀਆਂ ਦੀਆਂ ਧੀਆਂ ਬਾਰੇ ਵੀ ਅਜਿਹੇ ਹੀ ਸ਼ਬਦ ਵਰਤੇ ਸਨ। ਪਰਵਿੰਦਰ ਝੋਟੇ ਦੇ ਪਿਤਾ ਭੀਮ ਸਿੰਘ ਵੱਲੋਂ ਇਸ ਤਰ੍ਹਾਂ ਦਾ ਬਿਆਨ ਦਿੰਦਿਆਂ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ, ਜਿਸ ਦਾ ਵੱਡੀ ਗਿਣਤੀ ਪੰਜਾਬੀਆਂ ਵੱਲੋਂ ਵਿਰੋਧ ਕੀਤਾ ਗਿਆ ਅਤੇ ਕਿਹਾ ਗਿਆ ਕਿ ਪਰਵਿੰਦਰ ਝੋਟੇ ਦੇ ਕਤਲ ਤੋਂ ਬਾਅਦ ਆਮ ਪੰਜਾਬੀਆਂ ਨੂੰ ਉਸ ਦੇ ਪਰਿਵਾਰ ਨਾਲ ਹਮਦਰਦੀ ਹੋ ਗਈ ਸੀ ਪਰ ਇਸ ਦਾ ਮਤਲਬ ਇਹ ਨਹੀਂ ਕਿ ਧਰਨੇ ਵਿੱਚ ਜਨਤਕ ਤੌਰ 'ਤੇ ਮੁੱਖ ਮੰਤਰੀ ਜਾਂ ਕਿਸੇ ਮੰਤਰੀ ਦੀਆਂ ਧੀਆਂ ਬਾਰੇ ਅਪਸ਼ਬਦ ਬੋਲੇ ਜਾਣ। ਇੱਥੇ ਹੀ ਬੱਸ ਨਹੀਂ ਸਗੋਂ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਨੇ ਮੀਡੀਆ ਸਾਹਮਣੇ ਇਹ ਬਿਆਨ ਦੇ ਦਿੱਤਾ ਕਿ ਪੰਜਾਬ ਦੀਆਂ ਧੀਆਂ ਭੈਣਾਂ ਨੂੰ ਪੰਜਾਬ ਦੀ 'ਆਪ' ਸਰਕਾਰ ਵੱਲੋਂ ਹਜ਼ਾਰ- ਹਜ਼ਾਰ ਰੁਪਇਆ ਦੇਣ ਦਾ ਮਤਲਬ ਇਹ ਨਹੀਂ ਕਿ ਆਮ ਆਦਮੀ ਪਾਰਟੀ ਦੇ ਆਗੂ ਇਹਨਾਂ ਧੀਆਂ ਭੈਣਾਂ ਦੀ ਇੱਜ਼ਤ ਲੁੱਟ ਲੈਣ। ਅਕਾਲੀ ਆਗੂ ਮਲੂਕਾ ਦੇ ਇਸ ਬਿਆਨ ਦਾ ਵੱਡੀ ਗਿਣਤੀ ਪੰਜਾਬੀਆਂ ਵੱਲੋਂ ਵਿਰੋਧ ਕੀਤਾ ਗਿਆ ਅਤੇ ਕਿਹਾ ਗਿਆ ਕਿ ਮਲੂਕਾ ਨੂੰ ਇਸ ਮਾਮਲੇ ਵਿੱਚ ਪੂਰੇ ਪੰਜਾਬੀਆਂ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਵੱਡੀ ਗਿਣਤੀ ਪੰਜਾਬੀ ਇਹ ਕਹਿ ਰਹੇ ਹਨ ਕਿ ਪਰਵਿੰਦਰ ਝੋਟੇ ਦੇ ਪਿਤਾ ਅਤੇ ਅਕਾਲੀ ਆਗੂ ਮਲੂਕਾ ਨੂੰ ਪੰਜਾਬ ਦੀਆਂ ਧੀਆਂ ਭੈਣਾਂ ਬਾਰੇ ਗਲਤ ਸ਼ਬਦ ਬੋਲਣ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਾਹਿਬ ਵੱਲੋਂ ਤਲਬ ਕੀਤਾ ਜਾਣਾ ਚਾਹੀਦਾ ਹੈ ਅਤੇ ਇਹਨਾਂ ਦੋਵੇਂ ਆਗੂਆਂ ਨੂੰ ਪੰਥ ਦੀ ਮਰਿਆਦਾ ਅਨੁਸਾਰ ਤਨਖਾਹ ਵੀ ਲਗਾਉਣੀ ਚਾਹੀਦੀ ਹੈ ਪਰ ਮਲੂਕਾ ਅਤੇ ਪਰਵਿੰਦਰ ਝੋਟੇ ਦੇ ਪਿਤਾ ਭੀਮ ਸਿੰਘ ਦੇ ਮੌਜੂਦਾ ਬਿਆਨਾਂ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਉਹਨਾਂ ਵੱਲੋਂ ਪੰਜਾਬ ਦੀਆਂ ਧੀਆਂ ਭੈਣਾਂ ਬਾਰੇ ਕਹੇ ਗਏ ਅਪਸ਼ਬਦਾਂ ਦਾ ਉਹਨਾਂ ਨੂੰ ਕੋਈ ਪਸ਼ਤਾਚਾਪ ਨਹੀਂ ਹੈ। ਵੱਡੀ ਗਿਣਤੀ ਪੰਜਾਬੀ ਕਹਿ ਰਹੇ ਹਨ ਕਿ ਉਹ ਸੱਤਾਧਾਰੀ ਆਮ ਆਦਮੀ ਪਾਰਟੀ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਬੋਲਬਾਣੀ ਨੂੰ ਪਰਖ ਰਹੇ ਹਨ ਅਤੇ ਆਪਣਾ ਫ਼ੈਸਲਾ ਸੁਣਾਉਣ ਲਈ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ। ਇਹਨਾਂ ਚੋਣਾਂ ਦੇ ਨਤੀਜਿਆਂ ਤੋਂ ਹੀ ਪਤਾ ਚੱਲੇਗਾ ਕਿ ਪੰਜਾਬ ਦੇ ਵੋਟਰ ਕੀ ਚਾਹੁੰਦੇ ਹਨ ? ਅਤੇ ਮੰਦੀ ਸ਼ਬਦਾਵਲੀ ਬੋਲਣ ਵਾਲੇ ਆਗੂਆਂ ਦੇ ਪੱਖ ਜਾਂ ਵਿਰੋਧ ਵਿੱਚ ਕਿੰਨਾ ਕੁ ਭੁਗਤਦੇ ਹਨ ?

ਜਨਤਾ ਨੂੰ ਹੋਵੇ ਨੁਮਾਇੰਦੇ ਵਾਪਸ ਬੁਲਾਉਣ ਦਾ ਹੱਕ

ਪੰਜਾਬ ਦੇ ਆਮ ਲੋਕ ਅਕਸਰ ਆਪਣੀਆਂ ਵੋਟਾਂ ਪਾ ਕੇ ਆਪਣੇ ਨੁਮਾਇੰਦੇ ਚੁਣਦੇ ਹਨ ਪਰ ਜਦੋਂ ਇਹ ਨੁਮਾਇੰਦੇ ਜਿੱਤਣ ਤੋਂ ਬਾਅਦ ਪਾਰਟੀ ਬਦਲ ਲੈਂਦੇ ਹਨ ਜਾਂ ਵੋਟਰਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨ ਦੀ ਥਾਂ ਅਗਲੀਆਂ ਚੋਣਾਂ ਤੱਕ ਆਮ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਜਾਂਦੇ ਹਨ ਤਾਂ ਵੋਟਰਾਂ ਨੂੰ ਆਪਣੇ ਨਾਲ ਸਿਆਸੀ ਠੱਗੀ ਹੋਣ ਦਾ ਅਹਿਸਾਸ ਹੁੰਦਾ ਹੈ। ਇਹੋ ਕਾਰਨ ਹੈ ਕਿ ਹੁਣ ਪੰਜਾਬ ਵਿੱਚ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਵੀ ਵੋਟਰਾਂ ਨੂੰ ਦੇਣ ਦੀ ਮੰਗ ਉੱਠ ਰਹੀ ਹੈ।

'ਆਪ' ਦੇ ਤਿੰਨ ਬਾਗ਼ੀ ਵਿਧਾਇਕਾਂ ਨੇ 'ਝਾੜੂ' ਛੱਡ ਫੜਿਆ 'ਕਮਲ' ਦਾ ਪੱਲਾ

ਚੰਡੀਗੜ੍ਹ/ਏ.ਟੀ.ਨਿਊਜ਼ਃ ਜਿਵੇਂ ਜਿਵੇਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰ ਹੀਆਂ ਹਨ, ਉਵੇਂ ਹੀ ਪੰਜਾਬ ਦੀ ਸਿਆਸਤ ਵਿੱਚ ਨਿੱਤ ਨਵੇਂ ਸਮੀਕਰਨ ਬਣ ਰਹੇ ਹਨ। ਇਸ ਦੇ ਨਾਲ ਹੀ ਸਿਆਸੀ ਆਗੂਆਂ ਵੱਲੋਂ ਦਲ ਬਦਲੀਆਂ ਕਰਨ ਦਾ ਰੁਝਾਨ ਵੀ ਸਾਹਮਣੇ ਆਉਣ ਲੱਗਿਆ ਹੈ। ਇਸ ਸਮੇਂ ਆਮ ਆਦਮੀ ਪਾਰਟੀ ਅਤੇ ਭਾਜਪਾ ਸੁਰਖ਼ੀਆਂ ਵਿੱਚ ਹਨ ਕਿਉਂਕਿ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਹੈ ਅਤੇ ਤਿੰਨੇ ਵਿਧਾਇਕ ਨਵੀਂ ਦਿੱਲੀ ਵਿਖੇ ਭਾਜਪਾ ਦੇ ਦਫ਼ਤਰ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਭਾਜਪਾ ਵਿੱਚ ਸ਼ਾਮਲ ਹੋਣ ਮੌਕੇ ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ ਅਤੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਅੱਜ ਭਗਵੇਂ ਰੰਗ ਦੀਆਂ ਪੱਗਾਂ ਬੰਨੀਆਂ ਹੋਈਆਂ ਸਨ। ਪਹਿਲਾਂ ਇਨ੍ਹਾਂ ਪੱਗਾਂ ਦਾ ਰੰਗ ਬਸੰਤੀ ਹੁੰਦਾ ਸੀ।



ਸਮਾਣਾ ਤੋਂ 'ਆਪ' ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ ਅਤੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਲੰਘੇ ਕੱਲ੍ਹ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਦੂਸਰੇ ਗੇੜ 'ਚ ਅੱਜ ਅੰਮ੍ਰਿਤਸਰ ਉੱਤਰੀ ਤੋਂ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਾਰਟੀ ਛੱਡਣ ਤੋਂ ਇਲਾਵਾ ਵਿਧਾਇਕੀ ਤੋਂ ਵੀ ਅਸਤੀਫ਼ਾ ਦੇ ਦਿੱਤਾ ਸੀ ।ਅੱਜ 'ਆਪ' ਵਿਧਾਇਕਾਂ ਦੀ ਇਸ ਤਿੱਕੜੀ ਨੇ ਦਿੱਲੀ ਵਿਖੇ ਭਾਜਪਾ ਦਫ਼ਤਰ 'ਚ ਭਾਜਪਾ 'ਚ ਸ਼ਮੂਲੀਅਤ ਕਰ ਲਈ ਹੈ। ਭਾਜਪਾ ਦੇ ਪੰਜਾਬ ਇਨਚਾਰਜ (ਬਾਕੀ ਸਫ਼ਾ 26 'ਤੇ)

ਹਲਕਾ ਸਮਾਣਾ, ਸਨੌਰ ਤੇ ਅੰਮ੍ਰਿਤਸਰ ਉੱਤਰੀ ਸੀਟਾਂ ਖਾਲੀ ਐਲਾਨੀਆਂ

ਚੰਡੀਗੜ੍ਹ/ ਏ.ਟੀ.ਨਿਊਜ਼ਃ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦਾ ਅਸਤੀਫ਼ਾ ਪ੍ਰਵਾਨ ਕੀਤੇ ਜਾਣ ਮਗਰੋਂ ਹਲਕਾ ਸਮਾਣਾ (116) ਦੀ ਸੀਟ ਨੂੰ 'ਖ਼ਾਲੀ' ਐਲਾਨ ਦਿੱਤਾ ਗਿਆ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਨੇ ਹਲਕਾ ਸਮਾਣਾ ਦੀ ਸੀਟ ਖ਼ਾਲੀ ਐਲਾਨ ਕੇ ਇਸ ਦੀ ਸੂਚਨਾ ਭਾਰਤੀ ਚੋਣ ਕਮਿਸ਼ਨ ਨੂੰ ਭੇਜ (ਬਾਕੀ ਸਫ਼ਾ 26 'ਤੇ)

ਕੀ ਵਿਸ਼ਵੀਕਰਨ ਦੀ ਤੇਜ਼ ਹਨੇਰੀ ਜਾਂ ਗਲੋਬਲ ਮੰਡੀ ਸਿੱਖ ਹੋਂਦ ਨੂੰ ਨਿਗਲ ਜਾਵੇਗੀ ?



ਬਲਵਿੰਦਰ ਪਾਲ ਸਿੰਘ
ਪ੍ਰੋਫੈਸਰ
9815700916



ਅੱਜ ਦੀ ਦੁਨੀਆ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਵਿਸ਼ਵੀਕਰਨ ਨੇ ਸਾਰੇ ਮੁਲਕਾਂ ਦੀਆਂ ਸਰਹੱਦਾਂ ਮਿਟਾ ਦਿੱਤੀਆਂ ਹਨ। ਦੁਨੀਆ ਇੱਕ ਵੱਡੇ ਪਿੰਡ ਅਤੇ ਖੁੱਲ੍ਹੀ ਮੰਡੀ ਵਿੱਚ ਤਬਦੀਲ ਹੋ ਚੁੱਕੀ ਹੈ। ਮੰਡੀ ਦਾ ਇੱਕੋ ਅਸੂਲ ਹੁੰਦਾ ਹੈ—ਮੁਨਾਫ਼ਾ ਕਮਾਉਣਾ ਅਤੇ ਹਰ ਚੀਜ਼ ਦਾ ਮੁੱਲ ਲਾਉਣਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੰਡੀ ਨੇ ਵੱਖ-ਵੱਖ ਕੌਮਾਂ ਦੀ ਬੋਲੀ, ਸੱਭਿਆਚਾਰ ਅਤੇ ਰਹਿਣੀ-ਬਹਿਣੀ ਉੱਤੇ ਡੂੰਘਾ ਅਸਰ ਪਾਇਆ ਹੈ। ਵਿਸ਼ਵੀਕਰਨ ਹਰ ਵਿਲੱਖਣ ਪਛਾਣ ਨੂੰ ਮਿਟਾ ਕੇ ਸਭ ਕੁਝ ਇੱਕੋ ਰੰਗ ਵਿੱਚ ਰੰਗਣਾ ਚਾਹੁੰਦਾ ਹੈ। ਇਹ ਚਾਹੁੰਦਾ ਹੈ ਕਿ ਸਾਰੀ ਦੁਨੀਆ ਇੱਕੋ ਜਿਹਾ ਸੋਚੇ, ਇੱਕੋ ਜਿਹਾ ਪਹਿਨੇ ਅਤੇ ਇੱਕੋ ਜਿਹਾ ਖਾਵੇ। ਅਜਿਹੇ ਨਾਜ਼ੁਕ ਦੌਰ ਵਿੱਚ ਇੱਕ ਵੱਡਾ ਸਵਾਲ ਸਾਹਮਣੇ ਖੜ੍ਹਾ ਹੁੰਦਾ ਹੈ। ਕੀ ਵਿਸ਼ਵੀਕਰਨ ਦੀ ਇਹ ਤੇਜ਼ ਹਨੇਰੀ ਸਿੱਖ ਹੋਂਦ ਅਤੇ ਦਸਤਾਰ ਦੀ ਵਿਲੱਖਣ ਪਛਾਣ ਨੂੰ ਨਿਗਲ ਲਵੇਗੀ ?

ਇਸ ਸਵਾਲ ਨੂੰ ਸਮਝਣ ਲਈ ਸਾਨੂੰ ਪਹਿਲਾਂ ਸਿੱਖ ਪਛਾਣ ਦੀ ਰੂਹ ਨੂੰ ਸਮਝਣਾ ਪਵੇਗਾ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਗੁਰੂ ਸਾਹਿਬ ਨੇ ਆਪਣੇ ਸਮੇਂ ਦੇ ਜ਼ੁਲਮ, ਜਾਤ-ਪਾਤ ਅਤੇ ਧਾਰਮਿਕ ਪਖੰਡਾਂ ਨੂੰ ਰੱਦ ਕੀਤਾ ਸੀ। ਉਨ੍ਹਾਂ ਨੇ ਸਭ ਮਨੁੱਖਾਂ ਨੂੰ ਇੱਕੋ ਰੱਬ ਦੀ ਸੰਤਾਨ ਦੱਸਿਆ। ਉਨ੍ਹਾਂ ਨੇ ਉੱਚ-ਨੀਚ ਅਤੇ ਅਮੀਰ-ਗ਼ਰੀਬ ਦਾ ਫ਼ਰਕ ਮਿਟਾ ਕੇ ਸਮੁੱਚੀ ਮਨੁੱਖਤਾ ਨੂੰ ਇੱਕ ਬਰਾਬਰ ਸਮਝਣ ਦਾ ਹੋਕਾ ਦਿੱਤਾ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖ਼ਾਲਸਾ ਪੰਥ ਸਾਜ ਕੇ ਇਸ ਵਿਚਾਰਧਾਰਾ ਨੂੰ ਸੰਪੂਰਨ ਸਰੂਪ ਬਖ਼ਸ਼ਿਆ। ਗੁਰੂ ਸਾਹਿਬ ਨੇ ਸਿੱਖਾਂ ਨੂੰ ਪੰਜ ਕਕਾਰ ਦਿੱਤੇ ਅਤੇ ਸੀਸ ਉੱਤੇ ਦਸਤਾਰ ਸਜਾਈ। ਪੁਰਾਣੇ ਸਮੇਂ ਵਿੱਚ ਦਸਤਾਰ ਸਿਰਫ਼ ਬਾਦਸ਼ਾਹ ਜਾਂ ਵੱਡੇ ਅਮੀਰ ਹੀ ਬੰਨ੍ਹ ਸਕਦੇ ਸਨ। ਗ਼ਰੀਬ ਅਤੇ ਆਮ ਲੋਕਾਂ ਨੂੰ ਸਿਰ ਢਕਣ ਦੀ ਇਜਾਜ਼ਤ ਨਹੀਂ ਸੀ। ਗੁਰੂ ਸਾਹਿਬ ਨੇ ਲਤਾੜੇ ਹੋਏ ਅਤੇ ਪਛੜੇ ਲੋਕਾਂ ਦੇ ਸਿਰਾਂ ਉੱਤੇ ਦਸਤਾਰ ਸਜਾ ਕੇ ਉਨ੍ਹਾਂ ਨੂੰ ਬਾਦਸ਼ਾਹੀ ਬਖ਼ਸ਼ਸ਼ ਦਿੱਤੀ। ਉਨ੍ਹਾਂ ਨੇ ਐਲਾਨ ਕੀਤਾ ਕਿ ਹਰ ਮਨੁੱਖ ਪ੍ਰਭੂਸੱਤਾ-ਸੰਪੰਨ ਅਤੇ ਬਰਾਬਰ ਹੈ।ਇਸੇ ਕਰਕੇ ਦਸਤਾਰ ਸਿਰਫ਼ ਸੱਤ ਗਜ਼ ਦਾ ਕੱਪੜਾ ਨਹੀਂ ਹੈ। ਇਹ ਸਿੱਖ ਦੇ ਸਿਰ ਉੱਤੇ ਗੁਰੂ ਵੱਲੋਂ ਰੱਖਿਆ ਹੋਇਆ ਤਾਜ ਹੈ। ਇਹ ਬਰਾਬਰੀ, ਆਜ਼ਾਦੀ, ਸਵੈ-ਮਾਣ ਅਤੇ ਜ਼ੁਲਮ ਖ਼ਿਲਾਫ਼ ਖੜ੍ਹੇ ਹੋਣ ਦਾ ਪ੍ਰਤੀਕ ਹੈ। ਇੱਕ ਸਿੱਖ ਲੱਖਾਂ ਦੀ ਭੀੜ ਵਿੱਚ ਇਸ ਲਈ ਵੱਖਰਾ ਦਿਸਦਾ ਹੈ । ਇਹ ਸਰੂਪ ਮਨੁੱਖਤਾ ਸੇਵਾ, ਨਿਮਰਤਾ, ਸਾਂਝੀਵਾਲਤਾ ਅਤੇ ਬਹਾਦਰੀ ਦਾ ਪ੍ਰਤੱਖ ਚਿੰਨ੍ਹ ਹੈ।

ਜਦੋਂ 1849 ਵਿੱਚ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕੀਤਾ, ਤਾਂ ਸਿੱਖਾਂ ਦੀ ਹਿਜਰਤ ਸ਼ੁਰੂ ਹੋਈ। ਸਿੱਖ ਰੋਜ਼ੀ-ਰੋਟੀ ਦੀ ਭਾਲ ਵਿੱਚ ਬਾਹਰਲੇ ਮੁਲਕਾਂ ਵੱਲ ਜਾਣ ਲੱਗੇ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, 1950ਵਿਆਂ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਬਰਤਾਨੀਆ ਪਹੁੰਚੇ। ਬਰਤਾਨੀਆ ਨੂੰ ਉਸ ਸਮੇਂ ਆਪਣੇ ਟੁੱਟੇ ਹੋਏ ਸ਼ਹਿਰਾਂ ਅਤੇ ਕਾਰਖ਼ਾਨਿਆਂ ਦੀ ਮੁੜ-ਉਸਾਰੀ ਲਈ ਮਿਹਨਤੀ ਕਾਮਿਆਂ ਦੀ ਸਖ਼ਤ ਲੋੜ ਸੀ। ਸਿੱਖਾਂ ਨੇ ਉੱਥੋਂ ਦੀਆਂ ਲੋਹੇ ਦੀਆਂ ਭੱਠੀਆਂ ਅਤੇ ਕੱਪੜਾ ਮਿੱਲਾਂ ਵਿੱਚ ਹੱਡ ਭੰਨਵੀਂ ਮਿਹਨਤ ਕੀਤੀ ਸੀ। ਉੱਥੇ ਗੋਰੇ ਸਮਾਜ ਵਿੱਚ ਭਾਰੀ ਨਸਲੀ ਵਿਤਕਰਾ ਫੈਲਿਆ ਹੋਇਆ ਸੀ। ਸਿੱਖਾਂ ਦੀ ਦਾੜ੍ਹੀ ਅਤੇ ਦਸਤਾਰ ਕਾਰਨ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਸਨ। ਉਨ੍ਹਾਂ ਨੂੰ ਦੁਕਾਨਾਂ ਅਤੇ ਬੱਸਾਂ ਵਿੱਚੋਂ ਕੱਢ ਦਿੱਤਾ ਜਾਂਦਾ ਸੀ। ਰੋਜ਼ੀ-ਰੋਟੀ ਕਮਾਉਣ ਲਈ ਕਈ ਸਿੱਖਾਂ ਉੱਤੇ ਆਪਣਾ ਸਰੂਪ ਬਦਲਣ ਦਾ ਭਾਰੀ ਦਬਾਅ ਪਾਇਆ ਗਿਆ। ਉਸ ਦੌਰ ਵਿੱਚ ਬਹੁਤ ਸਾਰੇ ਸਿੱਖਾਂ ਨੂੰ ਮਜਬੂਰੀਵੱਸ ਆਪਣੇ ਕੇਸ ਕਟਵਾਉਣੇ ਪਏ ਅਤੇ ਦਸਤਾਰਾਂ ਲਾਹੁਣੀਆਂ ਪਈਆਂ। ਅੱਜ ਵੀ ਬਜ਼ੁਰਗ ਸਿੱਖ ਜਦੋਂ ਉਸ ਦੌਰ ਨੂੰ ਯਾਦ ਕਰਦੇ ਹਨ, ਤਾਂ ਉਨ੍ਹਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ। ਆਪਣੀ ਹੋਂਦ ਅਤੇ ਗੁਰੂ ਦੇ ਸਰੂਪ ਤੋਂ ਵਿਛੜ ਜਾਣ ਦਾ ਇਹ ਦਰਦ ਸਾਰੀ ਉਮਰ ਰੂਹ ਨੂੰ ਚੀਰਦਾ ਰਹਿੰਦਾ ਹੈ। ਵਿਸ਼ਵੀਕਰਨ ਦੇ ਇਸ ਮੁਢਲੇ ਰੂਪ ਨੇ ਸਿੱਖ ਪਛਾਣ ਉੱਤੇ ਪਹਿਲਾ ਵੱਡਾ ਆਰਥਿਕ ਹਮਲਾ ਕੀਤਾ ਸੀ।

ਇੰਨੀਆਂ ਮੁਸੀਬਤਾਂ ਦੇ ਬਾਵਜੂਦ ਸਿੱਖ ਪੰਥ ਨੇ ਹਾਰ ਨਹੀਂ ਮੰਨੀ। ਸਿੱਖਾਂ ਨੇ ਆਪਣੀ ਪਛਾਣ ਬਚਾਉਣ ਲਈ ਬਰਤਾਨੀਆ ਦੀ ਧਰਤੀ ਉੱਤੇ ਲੰਮੇ ਕਾਨੂੰਨੀ ਅਤੇ ਸਮਾਜਿਕ ਸੰਘਰਸ਼ ਲੜੇ। ਟਰਾਂਸਪੋਰਟ ਕਾਮਿਆਂ ਨੇ ਬੱਸਾਂ ਚਲਾਉਂਦੇਸਮੇਂ ਦਸਤਾਰ ਬੰਨ੍ਹਣ ਦੇ ਹੱਕ ਲਈ ਮੋਰਚੇ ਲਾਏ। ਮੋਟਰਸਾਈਕਲ ਚਲਾਉਣ ਵੇਲੇ ਹੈਲਮੇਟ ਦੀ ਥਾਂ ਦਸਤਾਰ ਦੀ ਛੋਟ ਲੈਣ ਲਈ ਲੰਮੀ ਕਾਨੂੰਨੀ ਲੜਾਈ ਲੜਨੀ ਪਈ ਸੀ।

ਸਿੱਖਾਂ ਦੀ ਸਖ਼ਤ ਮਿਹਨਤ ਅਤੇ ਵਿਦਵਤਾ ਸਦਕਾ ਹਾਲਾਤ ਬਦਲਣ ਲੱਗੇ। ਅੱਜ ਬਰਤਾਨੀਆ ਵਿੱਚ ਲਗਭਗ ਸਾਢੇ ਪੰਜ ਲੱਖ ਤੋਂ ਵੱਧ ਸਿੱਖ ਵਸਦੇ ਹਨ। ਉਹ ਕਾਰੋਬਾਰ, ਰਾਜਨੀਤੀ, ਸਿੱਖਿਆ, ਕਾਨੂੰਨ ਅਤੇ ਮੈਡੀਕਲ ਖੇਤਰਾਂ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਪੁਲਿਸ ਅਤੇ ਫ਼ੌਜ ਦੀਆਂ ਵਰਦੀਆਂ ਵਿੱਚ ਦਸਤਾਰ ਨੂੰ ਮਿਲੀ ਮਾਨਤਾ ਇਸੇ ਲੰਮੇ ਸੰਘਰਸ਼ ਦੀ ਜਿੱਤ ਸੀ।

ਪਰ ਸਿੱਖਾਂ ਦੀ ਇਹ ਸ਼ਾਂਤੀ ਜ਼ਿਆਦਾ ਦੇਰ ਕਾਇਮ ਨਾ ਰਹਿ ਸਕੀ। 11 ਸਤੰਬਰ 2001 ਨੂੰ ਅਮਰੀਕਾ ਵਿੱਚ ਹੋਏ ਜਿਹਾਦੀ ਹਮਲਿਆਂ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਹਾਦਸੇ ਨੇ ਪੱਛਮੀ ਮੁਲਕਾਂ ਵਿੱਚ ਇੱਕ ਨਵੀਂ ਨਫ਼ਰਤ ਨੂੰ ਜਨਮ ਦਿੱਤਾ ਸੀ। ਪੱਛਮੀ ਮੀਡੀਆ ਨੇ ਅੱਤਵਾਦ ਦੇ ਚਿਹਰੇ ਵਜੋਂ ਦਾੜ੍ਹੀ ਅਤੇ ਪੱਗ ਵਾਲੇ ਆਦਮੀ ਦੀਆਂ ਤਸਵੀਰਾਂ ਦਿਖਾਈਆਂ ਸਨ।

ਅਮਰੀਕਾ ਅਤੇ ਬਰਤਾਨੀਆ ਦੇ ਆਮ ਲੋਕਾਂ ਵਿੱਚ ਜਾਣਕਾਰੀ ਦੀ ਭਾਰੀ ਘਾਟ ਸੀ। ਉਨ੍ਹਾਂ ਨੇ ਸਿੱਖਾਂ ਨੂੰ ਹੀ ਜਿਹਾਦੀ ਸਮਝ ਲਿਆ ਸੀ। ਇਸ ਸ਼ੱਕ ਕਾਰਣ ਸਿੱਖਾਂ ਉੱਤੇ ਨਫ਼ਰਤੀ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਬਲਬੀਰ ਸਿੰਘ ਸੋਢੀ ਵਰਗੇ ਨਿਰਦੋਸ਼ ਸਿੱਖਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਤੰਗ ਕੀਤਾ ਜਾਂਦਾ ਸੀ। ਉਨ੍ਹਾਂ ਦੇ ਪਟਕੇ ਉਤਾਰੇ ਜਾਂਦੇ ਸਨ। ਗਲੀਆਂ ਵਿੱਚ ਸਿੱਖਾਂ ਨੂੰ ਜਲੀਲ ਕੀਤਾ ਜਾਂਦਾ ਸੀ।ਇਸ ਦੌਰ ਵਿੱਚ ਪੱਛਮ ਦੇ ਵਿਸ਼ਵੀਕਰਨ ਦਾ ਅਸਲੀ ਚਿਹਰਾ ਸਾਹਮਣੇ ਆਇਆ। ਜੋ ਸਮਾਜ ਆਪਣੇ-ਆਪ ਨੂੰ ਸਭਿਅਕ ਅਤੇ ਖੁੱਲ੍ਹੇ ਵਿਚਾਰਾਂ ਵਾਲਾ ਕਹਿੰਦਾ ਸੀ, ਉਹ ਇੱਕ ਵੱਖਰੇ ਸਰੂਪ ਨੂੰ ਵੇਖ ਕੇ ਨਫ਼ਰਤ ਨਾਲ ਭਰ ਗਿਆ। ਸਿੱਖਾਂ ਉੱਤੇ ਇੱਕ ਅਣਦਿਸਦਾ ਮਨੋਵਿਗਿਆਨਕ ਦਬਾਅ ਬਣਾਇਆ ਗਿਆ। ਉਨ੍ਹਾਂ ਨੂੰ ਮਹਿਸੂਸ ਕਰਵਾਇਆ ਗਿਆ ਕਿ ਜੇਕਰ ਉਹ ਆਮ ਪੱਛਮੀ ਲੋਕਾਂ ਵਰਗੇ ਨਹੀਂ ਬਣਨਗੇ, ਤਾਂ ਉਹ ਹਮੇਸ਼ਾ ਸ਼ੱਕ ਦੇ ਘੇਰੇ ਵਿੱਚ ਰਹਿਣਗੇ।ਪਰ ਇਸ ਦੇ ਬਾਵਜੂਦ ਸਿੱਖਾਂ ਨੇ ਆਪਣੀ ਦਸਤਾਰ ਅਤੇ ਰਹਿਤ ਦੀ ਪਵਿੱਤਰਤਾ ਨਾਲ ਕੋਈ ਸਮਝੌਤਾ ਨਾ ਕੀਤਾ।

ਹੁਣ ਇੱਕੀਵੀਂ ਸਦੀ ਵਿੱਚ ਵਿਸ਼ਵੀਕਰਨ ਨੇ ਆਪਣਾ ਰੂਪ ਬਦਲ ਲਿਆ ਹੈ। ਹੁਣ ਸਿੱਖ ਪਛਾਣ ਉੱਤੇ ਡੰਡੇ ਜਾਂ ਕਾਨੂੰਨ ਨਾਲ ਸਿੱਧਾ ਹਮਲਾ ਨਹੀਂ ਕੀਤਾ ਜਾ ਰਿਹਾ। ਹੁਣ ਹਮਲਾ ਬਹੁਤ ਮਿੱਠਾ ਅਤੇ ਗੁੰਝਲਦਾਰ ਹੈ। ਇਹ ਹਮਲਾ ਹੈ ਬਾਜ਼ਾਰਵਾਦ ਦਾ।

ਲੂਈ ਵਿਤੋਂ, ਬਰਬਰੀ ਅਤੇ ਗੁਚੀ ਵਰਗੇ ਆਲਮੀ ਬ੍ਰਾਂਡਾਂ ਦੀ ਕੈਟਵਾਕ ਤੋਂ ਲੈ ਕੇ ਬਰਤਾਨਵੀ ਜਲ ਸੈਨਾ ਦੇ ਇਸ਼ਤਿਹਾਰਾਂ ਅਤੇ ਸੋਸ਼ਲ ਮੀਡੀਆ ਤੱਕ ਦਸਤਾਰਧਾਰੀ ਨੌਜਵਾਨਾਂ ਦੀ ਵਧਦੀ ਦਿੱਖ ਨੂੰ ਕਈ ਸਿੱਖ ਸਕਾਰਾਤਮਕ ਮੰਨ ਰਹੇ ਹਨ। ਉਨ੍ਹਾਂ ਮੁਤਾਬਕ ਮੁੱਖ ਧਾਰਾ ਦੇ ਮੀਡੀਆ ਵਿੱਚ ਇਹ ਪੇਸ਼ਕਾਰੀ 9/11 ਤੋਂ ਬਾਅਦ ਪੈਦਾ ਹੋਏ ਗੋਰੇ ਭਾਈਚਾਰੇ ਵਿਚ ਸਿੱਖਾਂ ਤੇ ਦਸਤਾਰ ਪ੍ਰਤੀ ਦਹਿਸ਼ਤ ਦੇ ਭਰਮ ਨੂੰ ਤੋੜਦੀ ਹੈ, ਨਵੀਂ ਸਿੱਖ ਪੀੜ੍ਹੀ ਵਿੱਚੋਂ ਹੀਣ-ਭਾਵਨਾ ਦੂਰ ਕਰਦੀ ਹੈ । ਉਹ ਮਾਣ ਨਾਲ ਸਿਰ ਉੱਚਾ ਕਰਕੇ ਦਸਤਾਰ ਬੰਨ੍ਹਣ ਲੱਗਦੇ ਹਨ।

ਗੰਭੀਰ ਸਿੱਖ ਚਿੰਤਕਾਂ ਦਾ ਮੰਨਣਾ ਹੈ ਕਿ ਕਾਰਪੋਰੇਟ ਮੰਡੀ ਵੱਲੋਂ ਦਸਤਾਰ ਦਾ ਵਪਾਰੀਕਰਨ ਬੇਹੱਦ ਖ਼ਤਰਨਾਕ ਰੁਝਾਨ ਹੈ। ਬਹੁ-ਕੌਮੀ ਬ੍ਰਾਂਡਾਂ ਦਾ ਮਕਸਦ ਸਿਰਫ਼ ਮੁਨਾਫ਼ਾ ਕਮਾਉਣਾ ਹੈ, ਜਿਨ੍ਹਾਂ ਨੂੰ ਸਿੱਖੀ ਦੀ ਰੂਹਾਨੀਅਤ ਜਾਂ ਸ਼ਹਾਦਤਾਂ ਦੇ ਵਿਰਸੇ ਨਾਲ ਕੋਈ ਸਰੋਕਾਰ ਨਹੀਂ। ਜਦੋਂ ਦਸਤਾਰ ਨੂੰ ਮਹਿਜ਼ ਇੱਕ ਫੈਸ਼ਨ ਸਹਾਇਕ ਵਸਤੂ ਵਜੋਂ ਪੇਸ਼ ਕੀਤਾ ਜਾਂਦਾ ਹੈ, ਤਾਂ ਇਸ ਦੀ ਪਵਿੱਤਰਤਾ ਰੁਲ ਜਾਂਦੀ ਹੈ। ਫੈਸ਼ਨ ਸਦਾ ਨਹੀਂ ਰਹਿੰਦਾ; ਸਮੇਂ ਨਾਲ ਪੁਰਾਣਾ ਹੋ ਕੇ ਖਤਮ ਜਾਂਦਾ ਹੈ। ਜੇ ਨਵੀਂ ਪੀੜ੍ਹੀ ਨੇ ਦਸਤਾਰ ਨੂੰ ਕੇਵਲ ਬਾਹਰੀ ਦਿਖਾਵਾ ਸਮਝ ਲਿਆ, ਤਾਂ ਰੁਝਾਨ ਬਦਲਦਿਆਂ ਹੀ ਇਹ ਸਿਰਾਂ ਤੋਂ ਲਹਿ ਜਾਵੇਗੀ। ਮੰਡੀ ਬਾਹਰੀ ਚਮਕ ਤਾਂ ਸਾਂਭ ਲਵੇਗੀ, ਪਰ ਇਸ ਦੀ ਦਾਰਸ਼ਨਿਕ ਤੇ ਇਤਿਹਾਸਕ ਪਛਾਣ ਤੇਮੁਲ ਨੂੰ ਨਿਗਲ ਜਾਵੇਗੀ। ਦਸਤਾਰ ਕੋਈ ਫੈਸ਼ਨ ਨਹੀਂ, ਇਹ ਤਾਂ ਭਾਈ ਤਾਰੂ ਸਿੰਘ ਜੀ ਵਰਗੇ ਅਣਗਿਣਤ ਸਿੱਖ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਕੀਮਤੀ ਦਾਤ ਹੈ, ਜਿਸ ਦੀ ਹੋਂਦ ਬਾਜ਼ਾਰੂ ਟਰੈਂਡਾਂ ਦੀ ਮੁਥਾਜ ਨਹੀਂ ਹੋ ਸਕਦੀ। (ਬਾਕੀ ਸਫ਼ਾ 27 'ਤੇ)

ਟਰੇਨਾਂ 'ਚੋਂ ਕੱਢ ਕੇ ਮਾਰੇ ਗਏ ਸਨ ਸਿੱਖ ਫ਼ੌਜੀ, ਚਾਰ ਦਹਾਕਿਆਂ ਬਾਅਦ ਵੀ ਇਨਸਾਫ਼ ਅਧੂਰਾ

ਸੈਨਾ ਦੀ ਰਸਮੀ ਪੁਸ਼ਟੀ ਤੋਂ ਕਿਤੇ ਵੱਧ ਸਨ 1984 ਵਿੱਚ ਜਾਨ ਗੁਆਉਣ ਵਾਲੇ ਸਿੱਖ ਜਵਾਨ

ਚੰਡੀਗੜ੍ਹ/ਏ .ਟੀ .ਨਿਊਜ਼ः ਅਕਤੂਬਰ 1984 ਦੇ ਆਖ਼ਰੀ ਦਿਨਾਂ ਵਿੱਚ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੇਸ਼ ਭਰ ਵਿੱਚ ਭਿਆਨਕ ਸਿੱਖ ਵਿਰੋਧੀ ਹਿੰਸਾ ਭੜਕ ਉੱਠੀ ਸੀ। ਤਿੰਨ ਦਿਨਾਂ ਤੱਕ ਚੱਲੇ ਇਸ ਨਸਲਕੁਸ਼ੀ ਅਤੇ ਹਿੰਸਾ ਦੌਰਾਨ ਹਜ਼ਾਰਾਂ ਬੇਕਸੂਰ ਸਿੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਇਸ ਤ੍ਰਾਸਦੀ ਵਿੱਚ ਸਿਰਫ਼ ਆਮ ਨਾਗਰਿਕ ਹੀ ਨਹੀਂ, ਸਗੋਂ ਭਾਰਤੀ ਸੈਨਾ ਅਤੇ ਹੋਰ ਹਥਿਆਰਬੰਦ ਬਲਾਂ ਦੇ ਸੇਵਾਵਾਂ ਨਿਭਾ ਰਹੇ ਸਿੱਖ ਅਧਿਕਾਰੀ ਤੇ ਜਵਾਨ ਵੀ ਸ਼ਿਕਾਰ ਹੋਏ ਸਨ। ਹਾਲਾਂਕਿ ਘਟਨਾ ਨੂੰ ਚਾਰ ਦਹਾਕਿਆਂ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ, ਪਰ ਅੱਜ ਵੀ ਇਹ ਸਵਾਲ ਬਣਿਆ ਹੋਇਆ ਹੈ ਕਿ ਆਖਿਰ ਉਸ ਦੌਰਾਨ ਕਿੰਨੇ ਸਿੱਖ ਫ਼ੌਜੀ ਮਾਰੇ ਗਏ ਸਨ। ਇਸ ਸਬੰਧੀ ਅੱਜ ਵੀ ਕੋਈ ਪੱਕਾ ਅਤੇ ਅਧਿਕਾਰਤ ਅੰਕੜਾ ਮੌਜੂਦ ਨਹੀਂ ਹੈ।

ਭਾਰਤੀ ਸੈਨਾ ਦੀ ਰਸਮੀ ਪੁਸ਼ਟੀ ਅਤੇ ਲੰਬੀ ਚੁੱਪ

ਸਾਲ 2008 ਵਿੱਚ 'ਦਿ ਇੰਡੀਅਨ ਐਕਸਪ੍ਰੈੱਸ' ਵਿੱਚ ਛਪੀ ਇੱਕ ਰਿਪੋਰਟ ਤੋਂ ਬਾਅਦ ਪਹਿਲੀ ਵਾਰ ਭਾਰਤੀ ਸੈਨਾ ਦੇ ਸੈਰੇਮੋਨਿਅਲ ਐਂਡ ਵੈਲਫੇਅਰ ਡਾਇਰੈਕਟੋਰੇਟ ਨੇ ਰਸਮੀ ਤੌਰ 'ਤੇ ਮੰਨਿਆ ਸੀ ਕਿ 1984 ਦੇ ਦੰਗਿਆਂ ਵਿੱਚ ਸੈਨਾ ਦੇ 34 ਕਰਮਚਾਰੀ (ਜਿਨ੍ਹਾਂ ਵਿੱਚ ਇੱਕ ਸਾਬਕਾ ਸੈਨਿਕ ਵੀ ਸ਼ਾਮਲ ਸੀ) ਮਾਰੇ ਗਏ ਸਨ। ਇਸ ਖੁਲਾਸੇ ਤੋਂ ਬਾਅਦ ਸੈਨਾ ਨੇ ਵੱਖ-ਵੱਖ ਕਮਾਂਡਾਂ ਅਤੇ ਰੈਜਮੈਂਟਾਂ ਨੂੰ ਪੀੜਤਾਂ ਦੀਆਂ ਸਹੀ ਜਾਣਕਾਰੀ ਇਕੱਠੀ ਕਰਨ ਅਤੇ ਜਨਵਰੀ 2006 ਵਿੱਚ ਐਲਾਨੇ ਗਏ ਕੇਂਦਰੀ ਪੁਨਰਵਾਸ ਪੈਕੇਜ ਤਹਿਤ ਮੁਆਵਜ਼ੇ ਦੇ ਕੇਸਾਂ ਨੂੰ ਜਲਦੀ ਨਿਪਟਾਉਣ ਲਈ ਹੁਕਮ ਜਾਰੀ ਕੀਤੇ ਸਨ।

ਇਸ ਤੋਂ ਪਹਿਲਾਂ, ਕਈ ਸਾਲਾਂ ਤੱਕ ਇਸ ਮਾਮਲੇ 'ਤੇ ਸਰਕਾਰੀ ਤੌਰ 'ਤੇ ਖ਼ਾਮੋਸ਼ੀ ਛਾਈ ਰਹੀ ਸੀ। ਸਾਲ 1991 ਵਿੱਚ ਰਾਜ ਸਭਾ ਵਿੱਚ 1971 ਦੀ ਭਾਰਤ-ਪਾਕਿਸਤਾਨ ਜੰਗ ਦੇ ਪੂਰਬੀ ਸੈਨਾ ਕਮਾਂਡਰ ਰਹੇ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ (ਸੇਵਾਮੁਕਤ) ਵੱਲੋਂ ਪੁੱਛੇ ਗਏ ਇੱਕ ਸਵਾਲ ਵਿੱਚ ਕਤਲੇਆਮ ਦੌਰਾਨ ਮਾਰੇ ਗਏ ਸਿੱਖ ਅਧਿਕਾਰੀਆਂ ਬਾਰੇ ਜਾਣਕਾਰੀ ਮੰਗੀ ਗਈ ਸੀ, ਪਰ ਉਸ ਸਮੇਂ ਵੀ ਪੂਰਬੀ ਅਤੇ ਸਪੱਸ਼ਟ ਵੇਰਵੇ ਸਾਹਮਣੇ ਨਹੀਂ ਆਏ ਸਨ।

ਰੇਲਵੇ ਸਟੇਸ਼ਨਾਂ ਅਤੇ ਟਰੇਨਾਂ ਵਿੱਚ ਯੋਜਨਾਬੱਧ ਹਿੰਸਾ



1 ਨਵੰਬਰ 1984 ਨੂੰ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਭੀੜ ਵੱਲੋਂ ਟਰੇਨਾਂ ਨੂੰ ਯੋਜਨਾਬੱਧ ਤਰੀਕੇ ਨਾਲ ਰੋਕਿਆ ਗਿਆ ਅਤੇ ਸਿੱਖ ਯਾਤਰੀਆਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਗਿਆ ਸੀ। ਤੁਗਲਕਾਬਾਦ ਅਤੇ ਨੰਗਲੋਈ ਵਰਗੇ ਰੇਲਵੇ ਸਟੇਸ਼ਨਾਂ 'ਤੇ ਸਭ ਤੋਂ ਵੱਧ ਖ਼ੂਨ-ਖ਼ਰਾਬਾ ਹੋਇਆ ਸੀ। ਰੇਲਵੇ ਦੇ ਰਿਕਾਰਡ ਦੱਸਦੇ ਹਨ ਕਿ 1 ਅਤੇ 2 ਨਵੰਬਰ ਨੂੰ ਦਿੱਲੀ ਆਉਣ ਅਤੇ ਜਾਣ ਵਾਲੀਆਂ ਗੱਡੀਆਂ ਨੂੰ ਜਬਰੀ ਰੋਕਿਆ ਗਿਆ ਸੀ ਅਤੇ ਕਰੀਬ 160 ਸਿੱਖ ਯਾਤਰੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਇਕੱਲੇ ਤੁਗਲਕਾਬਾਦ ਸਟੇਸ਼ਨ 'ਤੇ 15 ਤੋਂ ਵੱਧ ਟਰੇਨਾਂ ਰੋਕੀਆਂ ਗਈਆਂ ਸਨ ਅਤੇ ਯਾ

ਪਾਣੀਆਂ ਦੇ ਮੁੱਦੇ 'ਤੇ ਪੰਜਾਬ ਸਰਕਾਰ ਦਾ ਵੱਡਾ ਕਦਮ

1.44 ਲੱਖ ਕਰੋੜ ਰਾਇਲਟੀ ਅਤੇ ਯਮੁਨਾ ਦੇ ਪਾਣੀ ਦੀ ਮੰਗ

ਪੰਜਾਬ ਦੇ 60 ਸਾਲ: ਦਰਿਆਈ ਪਾਣੀਆਂ ਅਤੇ ਰਾਇਲਟੀ ਦੀ ਮੰਗ ਨੇ ਫਿਰ ਫੜਿਆ ਜ਼ੋਰ

ਕੀ ਪੰਜਾਬ ਨੂੰ ਮਿਲ ਸਕੇਗਾ ਯਮੁਨਾ ਅਤੇ ਰਾਵੀ-ਬਿਆਸ ਦਾ ਹੱਕ ? ਕੀ ਹੈ ਪੂਰਾ ਵਿਵਾਦ ਅਤੇ ਕਾਨੂੰਨੀ ਅੜਿੱਕੇ

ਪੰਜਾਬ ਆਪਣੇ ਗਠਨ ਦੇ 60 ਸਾਲ ਪੂਰੇ ਕਰ ਚੁੱਕਾ ਹੈ। ਇਸ ਇਤਿਹਾਸਕ ਪੜਾਅ 'ਤੇ ਜਿੱਥੇ ਸੂਬਾ ਆਪਣੀ ਸਥਾਪਨਾ ਦਾ ਜਸ਼ਨ ਮਨਾ ਰਿਹਾ ਹੈ, ਉੱਥੇ ਹੀ ਦਹਾਕਿਆਂ ਪੁਰਾਣੇ ਦਰਿਆਈ ਪਾਣੀਆਂ ਦੇ ਵਿਵਾਦ ਨੇ ਇੱਕ ਵਾਰ ਫਿਰ ਸੂਬੇ ਦੀ ਸਿਆਸਤ ਨੂੰ ਗਰਮਾ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨਾਂ ਵਿੱਚ ਚੁੱਕੇ ਗਏ ਕਦਮਾਂ ਅਤੇ ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਮਤਿਆਂ ਨੇ ਇਸ ਗੰਭੀਰ ਮੁੱਦੇ ਨੂੰ ਮੁੜ ਤੋਂ ਰਾਸ਼ਟਰੀ ਅਤੇ ਸੂਬਾਈ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ।

ਇਸ ਪੂਰੇ ਘਟਨਾਕ੍ਰਮ ਨੂੰ ਉਸ ਵੇਲੇ ਨਵੀਂ ਹਵਾ ਮਿਲੀ ਜਦੋਂ ਪੰਜਾਬ ਵਿਧਾਨ ਸਭਾ ਵਿੱਚ ਪੰਜ ਅਹਿਮ ਮਤੇ ਸਰਬ-ਸੰਮਤੀ ਨਾਲ ਪਾਸ ਕੀਤੇ ਗਏ। ਇਹ ਕਦਮ ਅਸਲ ਵਿੱਚ ਸਤੰਬਰ ਮਹੀਨੇ ਦੌਰਾਨ ਚੰਡੀਗੜ੍ਹ ਨੇੜੇ ਲੰਮੇ ਸਮੇਂ ਤੱਕ ਚੱਲੇ ਕਿਸਾਨੀ ਧਰਨੇ ਤੋਂ ਬਾਅਦ ਸਰਕਾਰ ਵੱਲੋਂ ਦਿੱਤੇ ਗਏ ਲਿਖਤੀ ਭਰੋਸੇ ਦਾ ਨਤੀਜਾ ਸੀ। ਸਰਕਾਰ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਪਾਣੀਆਂ ਦੇ ਮੁੱਦੇ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਏਗੀ।

ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਇਹ ਪੰਜ ਮਤੇ ਪੰਜਾਬ ਦੇ ਅਧਿਕਾਰਾਂ ਅਤੇ ਹਿੱਸਿਆਂ ਦੀ ਸੁਰੱਖਿਆ ਨਾਲ ਜੁੜੇ ਹੋਏ ਹਨ।

ਪੰਜਾਬ ਨੇ ਮੰਗ ਕੀਤੀ ਹੈ ਕਿ ਯਮੁਨਾ ਦੇ ਪਾਣੀ ਵਿੱਚ ਸੂਬੇ ਨੂੰ ਬਣਦਾ ਬਰਾਬਰ ਦਾ ਹਿੱਸਾ ਮਿਲਣਾ ਚਾਹੀਦਾ ਹੈ।

ਸਤਲੁਜ, ਰਾਵੀ ਅਤੇ ਬਿਆਸ ਦੇ ਪਾਣੀ ਦੀ ਵਰਤੋਂ ਬਦਲੇ ਰਾਜਸਥਾਨ ਸਰਕਾਰ ਤੋਂ 1.44 ਲੱਖ ਕਰੋੜ ਰੁਪਏ ਦੀ ਭਾਰੀ ਰਾਇਲਟੀ ਦੀ ਮੰਗ ਕੀਤੀ ਗਈ ਹੈ।



ਪੰਜਾਬ ਦਾ ਤਰਕ ਹੈ ਕਿ ਜਦੋਂ ਦਰਿਆ ਅਤੇ ਉਨ੍ਹਾਂ ਦਾ ਬੁਨਿਆਦੀ ਢਾਂਚਾ ਸੂਬੇ ਦੀ ਭੂਗੋਲਿਕ ਸੀਮਾ ਅੰਦਰ ਹੈ, ਤਾਂ ਇਨ੍ਹਾਂ ਦੇ ਮੁੱਖ ਹੈੱਡਵਰਕਸ (ਜਿਵੇਂ ਕਿ ਭਾਖੜਾ ਅਤੇ ਪੌਂਗ ਡੈਮ ਨਾਲ ਜੁੜੇ ਕੰਟਰੋਲ) ਦਾ ਪ੍ਰਬੰਧਨ ਵੀ ਸੂਬੇ ਕੋਲ ਹੀ ਹੋਣਾ ਚਾਹੀਦਾ ਹੈ। ਮੌਜੂਦਾ ਸਮੇਂ ਵਿੱਚ ਇਨ੍ਹਾਂ ਦਾ ਕੰਟਰੋਲ ਕੇਂਦਰੀ ਬੋਰਡਾਂ (ਜਿਵੇਂ ਕਿ ਭਾਖੜਾ ਬਿਆਸ ਪ੍ਰਬੰਧ ਬੋਰਡ ਕੋਲ ਹੋਣ ਕਾਰਨ ਪੰਜਾਬ ਮਹਿਸੂਸ ਕਰਦਾ ਹੈ ਕਿ ਉਸ ਦੇ ਆਪਣੇ ਹੀ ਕੁਦਰਤੀ ਸਾਧਨਾਂ 'ਤੇ ਉਸ ਦਾ ਪ੍ਰਸ਼ਾਸਕੀ ਅਧਿਕਾਰ ਘਟਾ ਦਿੱਤਾ ਗਿਆ ਹੈ। ਇਹ ਮੰਗ ਸੂਬੇ ਦੀ ਪ੍ਰਭੁਤਾ ਅਤੇ ਆਪਣੇ ਜਲ ਸਰੋਤਾਂ 'ਤੇ ਸਵੈ-ਨਿਰਭਰਤਾ ਨੂੰ ਬਹਾਲ ਕਰਨ ਦੀ ਕੋਸ਼ਿਸ਼ ਹੈ। ਪਾਕਿਸਤਾਨ ਵੱਲ ਅਜਾਈਂ ਜਾ ਰਹੇ ਰਾਵੀ ਦੇ ਪਾਣੀ ਨੂੰ ਰੋਕ ਕੇ ਉਸ ਦੀ ਸੁਚੱਜੀ ਵਰਤੋਂ ਲਈ ਨਵੇਂ ਪ੍ਰੋਜੈਕਟ ਸਿਰਜੇ ਜਾਣ।

ਇਸ ਪੂਰੇ ਵਿਵਾਦ ਦੀ ਜੜ੍ਹ ਅਣਵੰਡੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਹੈ। ਜਨਵਰੀ 1955 ਵਿੱਚ, ਉਸ ਸਮੇਂ ਦੇ ਕੁੱਲ 15.85 ਮਿਲੀਅਨ ਏਕੜ ਫੁੱਟ ਸਰਪਲੱਸ ਰਾਵੀ-ਬਿਆਸ ਦੇ ਪਾਣੀ ਦੀ ਵੰਡ ਕੀਤੀ ਗਈ ਸੀ। ਇਸ ਵੰਡ ਤਹਿਤ ਰਾਜਸਥਾਨ ਨੂੰ 8 ਮਿਲੀਅਨ ਏਕੜ ਫੁੱਟ, ਅਣਵੰਡੇ ਪੰਜਾਬ (ਜਿਸ ਵਿੱਚ ਪੈਪਸੂ ਵੀ ਸ਼ਾਮਲ ਸੀ) ਨੂੰ 7.2 ਮਿਲੀਅਨ ਏਕੜ ਫੁੱਟ ਅਤੇ ਜੰਮੂ-ਕਸ਼ਮੀਰ ਨੂੰ 0.65 ਮਿਲੀਅਨ ਏਕੜ ਫੁੱਟ ਪਾਣੀ ਅਲਾਟ ਕੀਤਾ ਗਿਆ ਸੀ।

ਮਾਹਿਰਾਂ ਮੁਤਾਬਕ, ਉਸ ਸਮੇਂ ਇਹ ਵੰਡ ਕੇਂਦਰ ਸਰਕਾਰ ਦੇ ਉਸ ਯਤਨ ਦਾ ਹਿੱਸਾ ਸੀ ਜਿਸ ਰਾਹੀਂ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਤੋਂ ਪਹਿਲਾਂ ਭਾਰਤ ਦੇ ਪਾਣੀ ਦੀ ਵਰਤੋਂ ਦੇ ਦਾਅਵਿਆਂ ਨੂੰ ਮਜ਼ਬੂਤ ਕਰਨਾ ਸੀ। ਰਾਸ਼ਟਰੀ ਹਿੱਤਾਂ ਨੂੰ ਮੁੱਖ ਰੱਖਦਿਆਂ ਰਾਜਸਥਾਨ ਨੂੰ ਵੱਡਾ ਹਿੱਸਾ ਦਿੱਤਾ ਗਿਆ ਸੀ। ਜਦੋਂ ਕਿ ਬੇਸਿਨ ਭੂਗੋਲ ਮੁਤਾਬਕ ਸਿੰਧੂ ਡਰੇਨੇਜ ਖੇਤਰ ਦਾ 16% ਹਿੱਸਾ ਪੰਜਾਬ ਵਿੱਚ ਆਉਂਦਾ ਹੈ, ਜਦੋਂ ਕਿ ਹਰਿਆਣਾ ਵਿੱਚ 3% ਅਤੇ ਰਾਜਸਥਾਨ ਵਿੱਚ 5% ਹੈ। ਪੰਜਾਬ ਦਾ ਤਰਕ ਰਿਹਾ ਹੈ ਕਿ ਬੇਸਿਨ ਦੇ ਹਿਸਾਬ ਨਾਲ ਉਸ ਨੂੰ ਵੱਡਾ ਹਿੱਸਾ ਮਿਲਣਾ ਚਾਹੀਦਾ ਸੀ।

ਇਥੇ ਜ਼ਿਕਰਯੋਗ ਹੈ ਕਿ 1 ਨਵੰਬਰ 1966 ਨੂੰ ਪੰਜਾਬ ਦਾ ਪੁਨਰਗਠਨ ਹੋਇਆ ਸੀ ਅਤੇ ਹਰਿਆਣਾ (ਬਾਕੀ ਸਫ਼ਾ 27 'ਤੇ)

ਬੇਚੈਨ ਜਵਾਨੀ ਦੇ ਸਰਕਾਰੀ ਨੀਤੀਆਂ ਖ਼ਿਲਾਫ਼ ਤਿੱਖੇ ਤੇਵਰ

ਆਲਮੀ ਨੀਤੀਆਂ ਦੀ ਅਸਫ਼ਲਤਾ ਖ਼ਿਲਾਫ਼ ਯੂਥ ਵੱਲੋਂ ਸੱਤਾ ਨੂੰ ਸੜਕਾਂ ਤੋਂ ਸਿੱਧੀ ਚੁਣੌਤੀ

ਅੱਜ ਦੁਨੀਆ ਦੇ ਵੱਖ-ਵੱਖ ਮਹਾਂਦੀਪਾਂ ਤੋਂ ਇੱਕੋ ਜਿਹੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਹੱਥਾਂ ਵਿੱਚ ਤਖ਼ਤੀਆਂ ਫੜੀ ਨੌਜਵਾਨ ਮੁੰਡੇ-ਕੁੜੀਆਂ, ਚੌਰਾਹਿਆਂ 'ਤੇ ਲੱਗੇ ਧਰਨੇ, ਜ਼ੋਰਦਾਰ ਨਾਅਰੇਬਾਜ਼ੀ ਅਤੇ ਪੁਲਿਸ ਨਾਲ ਹੁੰਦੀਆਂ ਝੜਪਾਂ ਹੁਣ ਆਮ ਵਰਤਾਰਾ ਬਣ ਚੁੱਕੀਆਂ ਹਨ। ਇਹ ਦ੍ਰਿਸ਼ ਕਿਸੇ ਇੱਕ ਖ਼ਾਸ ਖ਼ਿੱਤੇ ਜਾਂ ਇੱਕ ਮੁਲਕ ਤੱਕ ਸੀਮਤ ਨਹੀਂ ਰਹੇ। ਏਸ਼ੀਆ ਦੇ ਇੰਡੋਨੇਸ਼ੀਆ ਤੋਂ ਲੈ ਕੇ ਯੂਰੋਪ ਦੇ ਫਰਾਂਸ, ਬੈਲਜੀਅਮ, ਗ੍ਰੀਸ, ਇਟਲੀ, ਸਪੇਨ, ਪੁਰਤਗਾਲ ਅਤੇ ਅਫ਼ਰੀਕਾ ਦੇ ਟਿਊਨੀਸ਼ੀਆ ਤੋਂ ਲੈ ਕੇ ਲਾਤੀਨੀ ਅਮਰੀਕਾ ਦੇ ਅਰਜਨਟੀਨਾ ਤੱਕ ਨਵੀਂ ਪੀੜ੍ਹੀ ਸੜਕਾਂ 'ਤੇ ਡਟੀ ਹੋਈ ਹੈ। ਇਹ ਕੋਈ ਆਮ ਮੁਜ਼ਾਹਰੇ ਨਹੀਂ ਹਨ, ਸਗੋਂ ਇਹ ਮੌਜੂਦਾ ਆਰਥਿਕ, ਸਮਾਜਿਕ ਅਤੇ ਸਿਆਸੀ ਪ੍ਰਣਾਲੀ ਵਿਰੁੱਧ ਪੈਦਾ ਹੋਇਆ ਉਹ ਸਮੂਹਿਕ ਰੋਸ ਹੈ, ਜੋ ਹੁਣ ਸਹਾਰਦਾਂ ਪਾਰ ਕਰ ਚੁੱਕਾ ਹੈ। ਜਦੋਂ ਸਿਆਸੀ ਧਿਰਾਂ ਲਈ ਰੋਜ਼ੀ-ਰੋਟੀ, ਸਿੱਖਿਆ ਅਤੇ ਸਿਹਤ ਵਰਗੇ ਮੂਲ ਮੁੱਦੇ ਅਹਿਮ ਨਹੀਂ ਰਹਿੰਦੇ, ਤਾਂ ਨੌਜਵਾਨਾਂ ਕੋਲ ਸੜਕਾਂ 'ਤੇ ਉੱਤਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ।



ਹਾਲ ਹੀ ਦੇ ਦਿਨਾਂ ਵਿੱਚ ਇੰਡੋਨੇਸ਼ੀਆ ਇਸ ਲੜੀ ਦਾ ਸਭ ਤੋਂ ਨਵਾਂ ਕੇਂਦਰ ਬਣ ਕੇ ਉੱਭਰਿਆ ਹੈ। ਉੱਥੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਮਹਿੰਗਾਈ ਨੇ ਆਮ ਪਰਿਵਾਰਾਂ ਦਾ ਲੱਕ ਤੋੜ ਦਿੱਤਾ ਹੈ ਅਤੇ ਕਾਲਜਾਂ ਦੇ ਵਿਦਿਆਰਥੀ ਸਭ ਤੋਂ ਅੱਗੇ ਹੋ ਕੇ ਸਰਕਾਰੀ ਨੀਤੀਆਂ ਦਾ ਵਿਰੋਧ ਕਰ ਰਹੇ ਹਨ। ਦੂਜੇ ਪਾਸੇ ਯੂਰਪ ਦੇ ਅਮੀਰ ਅਤੇ ਵਿਕਸਿਤ ਮੰਨੇ ਜਾਂਦੇ ਦੇਸ਼ਾਂ ਵਿੱਚ ਵੀ ਸਥਿਤੀ ਕੋਈ ਵੱਖਰੀ ਨਹੀਂ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਲੋਕਤੰਤਰੀ ਸੰਸਥਾਵਾਂ ਤੋਂ ਨੌਜਵਾਨਾਂ ਦਾ ਟੁੱਟਦਾ ਭਰੋਸਾ ਇਸ ਸੰਕਟ ਦਾ ਦੂਜਾ ਵੱਡਾ ਪਹਿਲੂ ਹੈ। ਅੱਜ ਦੀ ਸਿਆਸਤ ਵਿੱਚ ਅਸਲ ਲੋਕ-ਮੁੱਦੇ ਚੋਣ ਮੁਹਿੰਮਾਂ ਦੇ ਕੇਂਦਰ ਵਿੱਚੋਂ ਬਾਹਰ ਹੋ ਰਹੇ ਹਨ ਅਤੇ ਚੋਣਾਂ ਸਿਰਫ਼ ਸੱਤਾ ਹਾਸਲ ਕਰਨ ਦਾ ਸਾਧਨ ਬਣ ਕੇ ਰਹਿ ਗਈਆਂ ਹਨ। ਜਦੋਂ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਨਹੀਂ ਦਿੰਦੇ ਅਤੇ ਸਰਕਾਰੀ ਦਫ਼ਤਰਾਂ ਵਿੱਚ ਨੌਜਵਾਨਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ, ਤਾਂ ਨਵੀਂ ਪੀੜ੍ਹੀ ਨੂੰ ਆਪਣੇ ਹੱਕ ਜਤਾਉਣ ਲਈ ਅੰਦੋਲਨ ਹੀ ਇੱਕੋ-ਇੱਕ ਰਸਤਾ ਜਾਪਦੇ ਹਨ।

ਹਕੂਮਤਾਂ ਇਸ ਸਥਿਤੀ ਨੂੰ ਗੱਲਬਾਤ ਰਾਹੀਂ ਹੱਲ ਕਰਨ ਦੀ ਬਜਾਏ ਹਮੇਸ਼ਾ ਪੁਲਿਸ ਅਤੇ ਪ੍ਰਸ਼ਾਸਨਿਕ ਤਾਕਤ ਦੀ ਵਰਤੋਂ ਕਰਦੀ ਹੈ। ਸ਼ਾਂਤਮਈ ਵਿਦਿਆਰਥੀਆਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਜਾਂਦੇ ਹਨ, ਪਾਣੀ ਦੀਆਂ ਤੇਜ਼ ਬੁਛਾੜਾਂ ਨਾਲ ਉਨ੍ਹਾਂ ਨੂੰ ਖਿੰਡਾਇਆ ਜਾਂਦਾ ਹੈ ਅਤੇ ਝੂਠੇ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਹੈ। ਅਜਿਹਾ ਤਸ਼ੱਦਦ ਸਿਰਫ਼ ਬੇਚੈਨੀ ਨੂੰ ਹੋਰ ਭੜਕਾਉਂਦਾ ਹੈ। ਜਦੋਂ ਕਿਸੇ ਨੌਜਵਾਨ ਨੂੰ ਆਪਣਾ ਭਵਿੱਖ ਪੂਰੀ ਤਰ੍ਹਾਂ ਹਨੇਰੇ ਵਿੱਚ ਦਿਸਦਾ ਹੋਵੇ, ਤਾਂ ਲਾਠੀ ਜਾਂ ਜੇਲ੍ਹ ਦਾ ਡਰ ਉਸ ਨੂੰ ਜ਼ਿਆਦਾ ਦੇਰ ਰੋਕ ਨਹੀਂ ਸਕਦਾ।

ਜਦੋਂ ਇਹ ਪੜ੍ਹੇ-ਲਿਖੇ ਨੌਜਵਾਨ ਆਪਣੇ ਹੱਕਾਂ, ਪੱਕੇ ਰੁਜ਼ਗਾਰ ਅਤੇ ਪ੍ਰੀਖਿਆਵਾਂ ਵਿੱਚ ਪਾਰਦਰਸ਼ਤਾ ਲਈ ਸੜਕਾਂ 'ਤੇ ਉੱਤਰਦੇ ਹਨ, ਤਾਂ ਸਰਕਾਰਾਂ ਉਨ੍ਹਾਂ ਦੀ ਗੱਲ ਸੁਣਨ ਦੀ ਬਜਾਏ ਲਾਠੀਚਾਰਜ, ਵਾਟਰ ਕੈਨਨ ਅਤੇ ਗ੍ਰਿਫ਼ਤਾਰੀਆਂ ਰਾਹੀਂ ਉਨ੍ਹਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਜਿਸ ਕਾਰਨ ਭਾਰਤੀ ਨੌਜਵਾਨੀ ਵਿੱਚ ਮੌਜੂਦਾ ਸਿਆਸੀ ਤੇ ਪ੍ਰਸ਼ਾਸਨਿਕ ਢਾਂਚੇ ਪ੍ਰਤੀ ਬੇਭਰੋਸਗੀ ਦਿਨੋ-ਦਿਨ ਗਹਿਰੀ ਹੁੰਦੀ ਜਾ ਰਹੀ ਹੈ।

ਆਪਣੇ ਹੀ ਬਿਆਨਾਂ 'ਚ ਘਿਰੀ ਆਰ.ਐਸ.ਐਸ.

ਕਦੇ ਨੌਜਵਾਨਾਂ ਨੂੰ ਦੇਸ਼ਭਗਤ ਦੱਸਿਆ, ਹੁਣ ਹੱਕ ਮੰਗਣ 'ਤੇ ਲਾਏ ਦੇਸ਼-ਵਿਰੋਧੀ ਹੋਣ ਦੇ ਦੋਸ਼

ਰਾਸ਼ਟਰੀ ਸਵੈਮ-ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਵੱਲੋਂ ਸੰਘ ਦੇ ਸ਼ਤਾਬਦੀ ਵਰ੍ਹੇ ਦੇ ਸਮਾਪਨ ਸਮਾਰੋਹ ਦੌਰਾਨ ਦਿੱਤੇ ਗਏ ਤਾਜ਼ਾ ਭਾਸ਼ਣ ਨੇ ਇੱਕ ਨਵੀਂ ਸਿਆਸੀ ਚਰਚਾ ਛੇੜ ਦਿੱਤੀ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਦੋ ਗੱਲਾਂ 'ਤੇ ਖ਼ਾਸ ਜ਼ੋਰ ਦਿੱਤਾ— ਪਹਿਲੀ ਇਹ ਕਿ ਦੇਸ਼ ਵਿੱਚ ਹੋ ਰਹੇ ਪ੍ਰਦਰਸ਼ਨ ਵਿਦੇਸ਼ੀ ਤੇ ਦੇਸ਼-ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਹਨ, ਅਤੇ ਦੂਜੀ ਇਹ ਕਿ ਦੁਨੀਆ ਦੇ ਕਈ ਮੁਲਕ ਭਾਰਤ ਦੀ ਵਧਦੀ ਤਾਕਤ ਤੇ ਤਰੱਕੀ ਤੋਂ ਸੜਦੇ ਹਨ, ਇਸ ਲਈ ਇੱਥੋਂ ਦਾ ਮਾਹੌਲ ਖ਼ਰਾਬ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਹਾਲਾਂ ਕਿ, ਇਹ ਕੋਈ ਨਵਾਂ ਦਾਅਵਾ ਨਹੀਂ ਹੈ, ਸਗੋਂ ਆਪਣੀਆਂ ਨਾਕਾਮੀਆਂ ਛੁਪਾਉਣ ਅਤੇ ਲੋਕਾਂ ਦਾ ਧਿਆਨ ਭਟਕਾਉਣ ਲਈ ਹਰ ਦੌਰ ਦੀਆਂ ਸਰਕਾਰਾਂ ਇਸ ਪੁਰਾਣੇ ਸਿਆਸੀ ਹੱਥਕੰਡੇ ਦੀ ਵਰਤੋਂ ਕਰਦੀਆਂ ਆਈਆਂ ਹਨ ਸ਼ੰਘ ਅਤੇ ਸੱਤਾ ਧਿਰ ਦਾ ਪਰਦਾਫਾਸ਼ ਸਭ ਤੋਂ ਪਹਿਲਾਂ ਉਨ੍ਹਾਂ ਦੇ ਆਪਣੇ ਦਾਅਵਿਆਂ ਦੇ ਆਪਸੀ ਵਿਰੋਧਾਭਾਸ ਕਾਰਨ ਹੁੰਦਾ ਹੈ। ਇੱਕ ਪਾਸੇ ਸਰਕਾਰ ਅਤੇ ਸੰਘ ਦਾ ਪ੍ਰਚਾਰ ਹੈ ਕਿ ਭਾਰਤ ਹੁਣ 'ਵਿਸ਼ਵ



ਗੁਰੂ' ਬਣ ਚੁੱਕਾ ਹੈ ਅਤੇ ਦੁਨੀਆ ਦਾ ਕੋਈ ਵੀ ਵੱਡਾ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਲਾਹ ਤੋਂ ਬਿਨਾਂ ਨਹੀਂ ਹੁੰਦਾ, ਪਰ ਦੂਜੇ ਪਾਸੇ ਇਹ ਰੋਣਾ ਰੋਇਆ ਜਾ ਰਿਹਾ ਹੈ ਕਿ ਦੂਜੇ ਦੇਸ਼ ਭਾਰਤ ਖ਼ਿਲਾਫ਼ ਸਾਜ਼ਿਸ਼ਾਂ ਰਚ ਰਹੇ ਹਨ। ਜੇਕਰ ਦੇਸ਼ ਅਸਲ ਵਿੱਚ ਇੰਨਾ ਮਜ਼ਬੂਤ ਤੇ ਪ੍ਰਭਾਵਸ਼ਾਲੀ ਹੋ ਚੁੱਕਾ ਹੈ, ਤਾਂ ਸਰਕਾਰ ਇਨ੍ਹਾਂ ਸਾਜ਼ਿਸ਼ਾਂ ਅੱਗੇ ਬੇਵੱਸ ਕਿਉਂ ਜਾਪਦੀ ਹੈ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਬਿਆਨਬਾਜ਼ੀ ਦੀ ਅਸਲ ਪੋਲ ਉਸ ਵੇਲੇ ਖੁੱਲ੍ਹਦੀ ਹੈ ਜਦੋਂ ਹਰ ਲੋਕਤੰਤਰੀ ਅਸਹਿਮਤੀ ਨੂੰ ਸਾਜ਼ਿਸ਼ ਕਰਾਰ ਦੇ ਕੇ ਰੱਦ ਕਰ ਦਿੱਤਾ ਜਾਂਦਾ ਹੈ। ਕਿਸਾਨਾਂ ਤੋਂ ਲੈ ਕੇ ਮਹਿਲਾ ਪਹਿਲਵਾਨਾਂ ਅਤੇ ਨੌਜਵਾਨਾਂ ਤੱਕ—ਹੱਕ ਮੰਗਣ ਵਾਲੇ ਹਰ ਤਬਕੇ ਨੂੰ ਦੇਸ਼-ਵਿਰੋਧੀ ਤਾਕਤਾਂ ਦੇ ਇਸ਼ਾਰੇ 'ਤੇ ਨੱਚਣ ਵਾਲਾ ਕਹਿਣਾ ਸੰਘ ਦੀ ਸਿਆਸੀ ਮਜਬੂਰੀ ਬਣ ਚੁੱਕਾ ਹੈ। ਇਤਿਹਾਸ ਗਵਾਹ ਹੈ ਕਿ ਕਾਂਗਰਸੀ ਦੌਰ ਵਿੱਚ ਜੇਪੀ ਅੰਦੋਲਨ ਨੂੰ ਸੀ.ਆਈ.ਏ. ਦੀ ਸਾਜ਼ਿਸ਼ ਦੱਸੇ ਜਾਣ ਦਾ ਵਿਰੋਧ ਕਰਨ ਵਾਲਾ ਸੰਘ, ਅੱਜ ਖ਼ੁਦ ਇੰਦਰਾ ਗਾਂਧੀ ਵਾਲੀ ਉਸੇ ਨੀਤੀ 'ਤੇ ਉੱਤਰ ਆਇਆ ਹੈ। (ਬਾਕੀ ਸਫ਼ਾ 27 'ਤੇ)

ਗੁਰੂਆਂ ਦੇ ਮਾਰਗ 'ਤੇ ਪੰਜਾਬ

ਪੰਜਾਬੀਆਂ ਨੇ ਮਸੀਤਾਂ ਲਈ ਜ਼ਮੀਨਾਂ ਦਾਨ ਕਰਕੇ ਦਿੱਤਾ ਇਨਸਾਨੀਅਤ ਦਾ ਹੋਕਾ

ਜਿੱਥੇ ਈਦ ਤੇ ਗੁਰਪੁਰਬ ਅੱਜ ਵੀ ਇਕੱਠੇ ਮਨਾਏ ਜਾਂਦੇ ਨੇ

ਨਫ਼ਰਤ ਦੇ ਦੌਰ 'ਚ ਪਿਆਰ ਵੰਡਦੇ ਪੰਜਾਬ ਦੇ ਪਿੰਡ


• ਪਿੰਡ ਦੇ ਬਜ਼ੁਰਗ, ਕਮਿਊਨਿਟੀ ਚਰਚਾ


• ਮਸਜਿਦ ਕੋਲ ਖੜ੍ਹਾ ਸਿੱਖ ਭਾਈਚਾਰਾ

ਪੰਜਾਬ ਦਰਿਆਵਾਂ ਦੀ ਧਰਤੀ ਹੈ। ਇਹ ਪੀਰਾਂ, ਫ਼ਕੀਰਾਂ ਅਤੇ ਗੁਰੂਆਂ ਦੀ ਧਰਤੀ ਹੈ। ਇਸ ਧਰਤੀ ਨੇ ਬਹੁਤ ਦਰਦ ਵੇਖਿਆ ਹੈ। ਸੰਨ 1947 ਦੀ ਵੰਡ ਨੇ ਇਸ ਨੂੰ ਡੂੰਘੇ ਜ਼ਖ਼ਮ ਦਿੱਤੇ ਸਨ। ਲੱਖਾਂ ਲੋਕ ਬੇਘਰ ਹੋਏ ਸਨ। ਹਜ਼ਾਰਾਂ ਬੇਗੁਨਾਹ ਮਾਰੇ ਗਏ ਸਨ। ਇਬਾਦਤ ਦੀਆਂ ਥਾਵਾਂ ਢਹਿ-ਢੇਰੀ ਹੋ ਗਈਆਂ ਸਨ। ਕਈ ਥਾਵਾਂ 'ਤੇ ਪਸ਼ੂ ਬੰਨ੍ਹੇ ਜਾਣ ਲੱਗੇ ਸਨ ਪਰ ਪੰਜਾਬ ਦੀ ਜ਼ਮੀਰ ਕਦੇ ਨਹੀਂ ਮਰੀ। ਅੱਜ ਪੰਜਾਬ ਦੇ ਪਿੰਡਾਂ ਵਿੱਚੋਂ ਇੱਕ ਨਵੀਂ ਰੌਸ਼ਨੀ ਪਿਆਰ, ਸਾਂਝ ਅਤੇ ਮਨੁੱਖਤਾ ਦੀ ਚਾਨਣ ਪਸਾਰ ਰਹੀ ਹੈ।

ਪਿੰਡ ਵਿੱਚ ਬਣ ਰਹੀ ਅਧੂਰੀ ਮਸਜਿਦ ਦੇ ਸਾਹਮਣੇ ਰਹਿੰਦੇ 87 ਸਾਲਾਂ ਦੇ ਬਜ਼ੁਰਗ ਗੱਜੂ ਖ਼ਾਨ ਦੇ ਚਿਹਰੇ 'ਤੇ ਅੱਜ ਖ਼ਾਸ ਸਕੂਨ ਹੈ। ਗੱਜੂ ਖ਼ਾਨ ਮਹਿਜ਼ ਅੱਠ ਸਾਲ ਦੇ ਸਨ ਜਦੋਂ ਦੇਸ਼ ਦੀ ਵੰਡ ਹੋਈ ਸੀ। ਚੰਡੀਗੜ੍ਹ ਨੇੜਲੇ ਪਿੰਡ ਵਿੱਚ ਉਨ੍ਹਾਂ ਦੇ ਮਾਪਿਆਂ ਦਾ ਕਤਲ ਹੋ ਗਿਆ ਸੀ। ਜਾਨ ਬਚਾਉਣ ਲਈ ਉਹ ਜੱਖੀਵਾਲ ਪਹੁੰਚੇ ਸਨ, ਜਿੱਥੇ ਸਿੱਖ ਗੁਆਂਢੀਆਂ ਨੇ ਉਨ੍ਹਾਂ ਨੂੰ ਹਥਿਆਰਬੰਦ ਕਾਤਲਾਂ ਤੋਂ ਲੁਕਾ ਕੇ ਬਚਾਇਆ ਸੀ। ਜਾਨ ਤਾਂ ਬਚ ਗਈ, ਪਰ ਪਿੰਡ ਵਿਚੋਂ ਅਜ਼ਾਨ ਤੇ ਨਮਾਜ਼ ਦੀ ਆਵਾਜ਼ ਮੁੱਕ ਗਈ ਸੀ। ਹੁਣ ਅੱਠ ਦਹਾਕਿਆਂ ਬਾਅਦ, 18 ਮੁਸਲਿਮ ਪਰਿਵਾਰਾਂ ਦੀ ਇਬਾਦਤ ਲਈ ਇੱਕ ਸਿੱਖ ਬਜ਼ੁਰਗ ਬੀਬੀ ਰਜਿੰਦਰ ਕੌਰ ਨੇ ਆਪਣੀ ਜ਼ਮੀਨ ਦਾਨ ਕੀਤੀ ਹੈ। ਬੀਬੀ ਰਜਿੰਦਰ ਕੌਰ ਅਨੁਸਾਰ, 'ਰੱਬ ਦੇ ਘਰ ਲਈ ਥਾਂ ਦੇਣ ਤੋਂ ਵੱਡਾ ਕੋਈ ਪੁੰਨ ਨਹੀਂ। ਇਸ ਜ਼ਮੀਨ ਨੇ ਜੋ ਖ਼ੂਨ-ਖ਼ਰਾਬਾ ਵੇਖਿਆ ਸੀ, ਉਸ ਨੂੰ ਧੋਣ ਲਈ ਇਹ ਬਹੁਤ ਜ਼ਰੂਰੀ ਸੀ।' ਇਸ ਮਸਜਿਦ ਦੀ ਉਸਾਰੀ ਵਿੱਚ ਪਿੰਡ ਦੇ ਹਿੰਦੂ ਅਤੇ ਸਿੱਖ ਖੁੱਲ੍ਹੇ ਦਿਲ ਨਾਲ ਮਾਇਕ ਤੇ ਸਮੱਗਰੀ ਦਾ ਸਹਿਯੋਗ ਦੇ ਕੇ ਆਪਸੀ ਭਾਈਚਾਰਕ ਸਾਂਝ ਦੀ ਮਿਸਾਲ ਕਾਇਮ ਕਰ ਰਹੇ ਹਨ।

ਇਹ ਕਹਾਣੀ ਇਕੱਲੇ ਜੱਖੀਵਾਲ ਦੀ ਨਹੀਂ ਹੈ। ਸੰਗਰੂਰ ਜ਼ਿਲ੍ਹੇ ਦੇ ਪਿੰਡ ਪੁਨਾਵਾਲ ਵੱਲ ਝਾਤ ਮਾਰੋ। ਉੱਥੇ ਜਸਪਾਲ ਸ਼ਰਮਾ ਰਹਿੰਦੇ ਹਨ ਜੋ ਕਿ ਹਿੰਦੂ ਪੁਰੋਹਿਤ ਪਰਿਵਾਰ ਵਿੱਚੋਂ ਹਨ। ਪਿੰਡ ਵਿੱਚ 550 ਪਰਿਵਾਰ ਵੱਸਦੇ ਹਨ। ਮੁਸਲਮਾਨਾਂ ਦੇ ਗਿਣਤੀ ਦੇ ਘਰ ਹਨ। ਜਸਪਾਲ ਸ਼ਰਮਾ ਨੇ ਆਪਣੇ ਘਰ ਦੇ ਬਿਲਕੁਲ ਸਾਹਮਣੇ ਆਪਣੀ ਨਿੱਜੀ ਜ਼ਮੀਨ ਮਸਜਿਦ ਲਈ ਦਾਨ ਕੀਤੀ ਸੀ।

ਮਾਲੇਰਕੋਟਲਾ ਦੇ ਪਿੰਡ ਉਮਰਪੁਰਾ ਵਿੱਚ ਵੀ ਇਹੀ ਸਾਂਝੀਵਾਲਤਾ ਦਾ ਕਲਚਰ ਦਿਸਦਾ ਹੈ। ਸੁਖਜਿੰਦਰ ਸਿੰਘ ਪੰਧੇਰ ਅਤੇ ਉਨ੍ਹਾਂ ਦੇ ਭਰਾ ਨੇ ਪੁਰਾਣੀ ਇਬਾਦਤਗਾਹ ਨੂੰ ਮੁੜ ਸਥਾਪਤ ਕੀਤਾ। ਉਨ੍ਹਾਂ ਦੇ ਦਾਦਾ ਜੀ ਵੰਡ ਵੇਲੇ ਪਾਕਿਸਤਾਨ ਤੋਂ ਸਭ ਕੁਝ ਛੱਡ ਕੇ ਇੱਧਰ ਆਏ ਸਨ। ਉਹ ਜਾਣਦੇ ਸਨ ਕਿ ਉੱਜੜਨ ਦਾ ਦਰਦ ਕੀ ਹੁੰਦਾ ਹੈ। ਅੱਜ ਪੰਧੇਰ ਭਰਾ ਮਸਜਿਦ ਦੇ ਫ਼ਰਸ਼ 'ਤੇ ਬੈਠ ਕੇ ਮੁਸਲਿਮ ਭਰਾਵਾਂ ਨਾਲ ਚਾਹ ਪੀਂਦੇ ਹਨ। ਉਹ ਈਦ ਅਤੇ ਗੁਰਪੁਰਬ ਰਲ-ਮਿਲ ਕੇ ਮਨਾਉਂਦੇ ਹਨ। ਸੁਖਜਿੰਦਰ ਸਿੰਘ ਆਖਦੇ ਹਨ ਕਿ ਪੰਜਾਬ ਦੀ ਜ਼ਮੀਰ ਕਿਸੇ 'ਤੇ ਜ਼ੁਲਮ ਬਰਦਾਸ਼ਤ ਨਹੀਂ ਕਰ ਸਕਦੀ। ਭਾਵੇਂ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਜੋ ਮਰਜ਼ੀ ਹੋਵੇ, ਪੰਜਾਬ ਹਮੇਸ਼ਾ ਪਿਆਰ ਅਤੇ ਏਕੇ ਦਾ ਹੋਕਾ ਦੇਵੇਗਾ।

ਪੰਜਾਬ ਦੀ ਮਿੱਟੀ ਵਿੱਚ ਇਹ ਸਾਂਝ ਕੋਈ ਅਚਾਨਕ ਨਹੀਂ ਆਈ। ਇਹ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਵਾਲੀ ਫਿਲਾਸਫੀ ਦੀ ਦੇਣ ਹੈ। ਇਹ ਇਤਹਾਸਕ ਸੱਚ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਜੀ ਨੇ ਰੱਖੀ ਸੀ। ਬਾਬਾ ਫ਼ਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਾਈ ਮਰਦਾਨਾ ਜੀ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦੇ ਅੰਗ-ਸੰਗ ਰਹੇ। ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਹਾਅ ਦਾ ਨਾਅਰਾ ਮਾਰਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਸਨ, ਜਿਨ੍ਹਾਂ ਖਾਲਸਾ ਰਾਜ ਦੀ ਸਥਾਪਨਾ ਵਿੱਚ ਇਤਹਾਸਕ ਭੂਮਿਕਾ ਨਿਭਾਈ। ਇਹ ਇਤਿਹਾਸ ਪੰਜਾਬੀਆਂ ਦੇ ਲਹੂ ਵਿੱਚ ਦੌੜਦਾ ਹੈ। ਇਸੇ ਲਈ ਇੱਥੇ ਨਫ਼ਰਤ ਦੀਆਂ ਜੜ੍ਹਾਂ ਕਦੇ ਪੱਕੀਆਂ ਨਹੀਂ ਹੋ ਸਕਦੀਆਂ।

ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਗ਼ੈਰ-ਮੁਸਲਿਮ ਲੋਕਾਂ ਨੇ 165 ਤੋਂ ਵੱਧ ਮਸਜਿਦਾਂ ਬਣਾਉਣ ਜਾਂ ਸੰਭਾਲਣ ਵਿੱਚ ਮਦਦ ਕੀਤੀ ਸੀ। ਪੰਜਾਬ ਦੇ ਮੌਜੂਦਾ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਸੱਚ ਆਖਦੇ ਹਨ। ਉਹ ਕਹਿੰਦੇ ਹਨ ਕਿ ਪੰਜਾਬ ਸਾਂਝੀਵਾਲਤਾ ਦੀ ਵਿਰਾਸਤ ਹੈ। ਅੱਜ ਇੰਟਰਨੈੱਟ ਅਤੇ ਸੋਸ਼ਲ ਮੀਡੀਆ 'ਤੇ ਨਫ਼ਰਤ ਫੈਲਾਈ ਜਾਂਦੀ ਹੈ। ਧਰਮ ਦੇ ਨਾਂਅ 'ਤੇ ਲੋਕਾਂ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਟੀਵੀ ਚੈਨਲਾਂ 'ਤੇ ਜ਼ਹਿਰ ਉਗਲਿਆ ਜਾਂਦਾ ਹੈ ਪਰ ਪੰਜਾਬ ਦੇ ਪਿੰਡਾਂ ਦੀ ਹਕੀਕਤ ਬਿਲਕੁਲ ਵੱਖਰੀ ਹੈ। ਇੱਥੋਂ ਦਾ ਆਮ ਆਦਮੀ ਅੱਜ ਵੀ ਆਪਣੇ ਗੁਆਂਢੀ ਦੀ ਰਾਖੀ ਕਰਨ ਲਈ ਵਚਨਬਧ ਹੈ। ਉਹ ਇੱਕ-ਦੂਜੇ ਦੇ ਦੁੱਖ-ਸੁੱਖ ਵਿਚ ਭਾਈਵਾਲ ਹਨ।ਮਸਜਿਦਾਂ ਦੀ ਇਹ ਮੁੜ-ਉਸਾਰੀ ਸੰਨ 1947 ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦੀ ਕੋਸ਼ਿਸ਼ ਹੈ। ਜਦੋਂ ਇੱਕ ਹਿੰਦੂ ਜ਼ਮੀਨ ਦਿੰਦਾ ਹੈ, ਸਿੱਖ ਉਸਾਰੀ ਕਰਵਾਉਂਦਾ ਹੈ ਅਤੇ ਮੁਸਲਮਾਨ ਉੱਥੇ ਸਿਜਦਾ ਕਰਦਾ ਹੈ, ਤਾਂ ਰੱਬ ਵੀ ਮੁਸਕਰਾਉਂਦਾ ਹੋਵੇਗਾ। ਇਹ ਵਰਤਾਰਾ ਸਾਬਤ ਕਰਦਾ ਹੈ ਕਿ ਰੱਬ ਕਿਸੇ ਇੱਕ ਧਰਮ ਦਾ ਨਹੀਂ, ਸਭ ਦਾ ਸਾਂਝਾ ਹੈ।

ਅੱਜ ਪੂਰੇ ਮੁਲਕ ਨੂੰ ਪੰਜਾਬ ਤੋਂ ਸਿੱਖਣ ਦੀ ਲੋੜ ਹੈ। ਜਦੋਂ ਫਿਰਕਾਪ੍ਰਸਤੀ ਫੈਲਾਈ ਜਾ ਰਹੀ ਹੋਵੇ, ਤਾਂ ਪੰਜਾਬ ਵਣਜਾਰਾ ਬਣਕੇ ਸਾਂਝੀਵਾਲਤਾ ਦਾ ਹੋਕਾ ਦੇ ਰਿਹਾ ਹੈ। ਇਹ ਆਮ ਕਿਸਾਨਾਂ, ਕਿਰਤੀਆਂ, ਮਜ਼ਦੂਰਾਂ ਦਾ ਪੰਜਾਬ ਹੈ। ਇਨ੍ਹਾਂ ਕੋਲ ਕੋਈ ਵੱਡੀਆਂ ਡਿਗਰੀਆਂ ਨਹੀਂ ਹਨ। ਪਰ ਇਨ੍ਹਾਂ ਦੇ ਦਿਲ ਬਹੁਤ ਵੱਡੇ ਹਨ। ਇਹ ਜਾਣਦੇ ਹਨ ਕਿ ਧਰਮ ਇਨਸਾਨੀਅਤ ਸਿਖਾਉਂਦਾ ਹੈ, ਵੰਡੀਆਂ ਪਾਉਣਾ ਨਹੀਂ।

ਗੱਜੂ ਖ਼ਾਨ ਦਾ ਚਿਹਰਾ ਅੱਜ ਖਿੜਿਆ ਹੋਇਆ ਹੈ। ਉਹ ਉਡੀਕ ਰਹੇ ਹਨ ਕਿ ਕਦੋਂ ਮਿਨਾਰ ਤੋਂ ਅੱਲ੍ਹਾ-ਹੂ-ਅਕਬਰ ਦੀ ਆਵਾਜ਼ ਆਵੇਗੀ। ਉਹ ਆਵਾਜ਼ ਸਿਰਫ਼ ਨਮਾਜ਼ ਦਾ ਸੱਦਾ ਨਹੀਂ ਹੋਵੇਗੀ। ਉਹ ਆਵਾਜ਼ ਪੰਜਾਬ ਦੀ ਜਿੱਤ ਦਾ ਐਲਾਨ ਹੋਵੇਗੀ। ਉਹ ਆਵਾਜ਼ ਦੱਸੇਗੀ ਕਿ ਪੰਜਾਬ ਵਿੱਚ ਪਿਆਰ ਅਜੇ ਜਿਊਂਦਾ ਹੈ। ਇਹ ਆਵਾਜ਼ ਆਉਣ ਵਾਲੀਆਂ ਪੀੜ੍ਹੀਆਂ ਨੂੰ ਰਸਤਾ ਵਿਖਾਏਗੀ। ਇਹ ਦੱਸੇਗੀ ਕਿ ਨਫ਼ਰਤ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਪਿਆਰ ਹਮੇਸ਼ਾ ਉਸ ਨੂੰ ਮਾਤ ਦੇ ਦਿੰਦਾ ਹੈ। ਪੰਜਾਬ ਦਾ ਇਹ ਚਾਨਣ ਸਦਾ ਕਾਇਮ ਰਹਿਣਾ ਚਾਹੀਦਾ ਹੈ,ਕਿਉਂਕਿ ਇਸ ਵਿੱਚ ਗੁਰੂ ਸਾਹਿਬਾਨ ਦੀ ਸ਼ਬਦ ਰੂਪੀ ਰੂਹ ਧੜਕਦੀ ਹੈ।

ਵੱਡੇ ਤਸਕਰ ਆਜ਼ਾਦ, ਨਸ਼ੇੜੀ ਜੇਲ੍ਹਾਂ 'ਚ

ਅਦਾਲਤਾਂ ਨੇ 13 ਹਜ਼ਾਰ ਕੇਸਾਂ 'ਚੋਂ ਇੱਕ ਵੀ ਮਰੀਜ਼ ਹਸਪਤਾਲ ਨਹੀਂ ਭੇਜਿਆ

ਪੰਜਾਬ 'ਚ ਐਨ.ਡੀ.ਪੀ.ਐਸ. ਐਕਟ ਨਸ਼ਾ ਰੋਕਣ ਵਿੱਚ ਨਾਕਾਮ, ਅਧਿਐਨ ਰਾਹੀਂ ਹੋਏ ਵੱਡੇ ਖ਼ੁਲਾਸੇ ?



ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਦਹਾਕਿਆਂ ਤੋਂ ਗੰਭੀਰ ਬਣੀ ਹੋਈ ਹੈ। ਹਰ ਚੋਣ ਵੇਲੇ ਸਿਆਸੀ ਪਾਰਟੀਆਂ ਵੱਡੇ-ਵੱਡੇ ਦਾਅਵੇ ਕਰਦੀਆਂ ਹਨ। ਪਰ ਧਰਾਤਲ ਉੱਤੇ ਹਕੀਕਤ ਬਿਲਕੁਲ ਉਲਟ ਦਿਖਾਈ ਦਿੰਦੀ ਹੈ। 'ਵਿਧੀ ਸੈਂਟਰ ਫਾਰ ਲੀਗਲ ਪਾਲਿਸੀ' ਦੀ ਇੱਕ ਤਾਜ਼ਾ ਖੋਜ ਰਿਪੋਰਟ ਨੇ ਪੰਜਾਬ ਦੇ ਹਾਲਾਤਾਂ ਉੱਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਰਿਪੋਰਟ ਦਾ ਸਿਰਲੇਖ ਹੈ: 'ਫਰੌਮ ਅਡਿਕਟ ਟੂ ਕਨਵਿਕਟ: ਦ ਵਰਕਿੰਗ ਆਫ਼ ਦ ਐਨ.ਡੀ.ਪੀ.ਐਸ. ਐਕਟ ਇਨ ਪੰਜਾਬ'।

ਇਸ ਅਧਿਐਨ ਮੁਤਾਬਕ ਸਖ਼ਤ ਕਾਨੂੰਨਾਂ ਦੇ ਬਾਵਜੂਦ ਨਸ਼ੇ ਦਾ ਕਾਰੋਬਾਰ ਘਟਿਆ ਨਹੀਂ ਹੈ। ਅਦਾਲਤਾਂ ਨੇ ਨਸ਼ੇੜੀਆਂ ਨੂੰ ਮਰੀਜ਼ ਸਮਝਣ ਦੀ ਬਜਾਏ ਅਪਰਾਧੀ ਮੰਨ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਹੈ। ਕਾਨੂੰਨ ਵੱਡੇ ਤਸਕਰਾਂ ਨੂੰ ਫੜਨ ਵਿੱਚ ਨਾਕਾਮ ਰਿਹਾ ਹੈ। ਪੁਲਿਸ ਨੇ ਸਿਰਫ਼ ਗ਼ਰੀਬ ਅਤੇ ਆਮ ਨਸ਼ਾ ਕਰਨ ਵਾਲਿਆਂ ਨੂੰ ਹੀ ਆਪਣਾ ਨਿਸ਼ਾਨਾ ਬਣਾਇਆ ਹੈ।

ਪੰਜਾਬ ਵਿੱਚ ਨਸ਼ਾ ਅਪਰਾਧਾਂ ਦਾ ਭਿਆਨਕ ਅੰਕੜਾ

ਰਿਪੋਰਟ ਦੱਸਦੀ ਹੈ ਕਿ ਸਾਲ 2013 ਵਿੱਚ ਪੂਰੇ ਭਾਰਤ ਵਿੱਚੋਂ ਪੰਜਾਬ ਨਸ਼ਾ ਅਪਰਾਧਾਂ ਵਿੱਚ ਸਭ ਤੋਂ ਅੱਗੇ ਸੀ। ਦੇਸ਼ ਭਰ ਵਿੱਚ ਐਨ.ਡੀ.ਪੀ.ਐਸ. ਐਕਟ ਅਧੀਨ 34,668 ਮਾਮਲੇ ਦਰਜ ਹੋਏ ਸਨ। ਇਹਨਾਂ ਵਿੱਚੋਂ ਇਕੱਲੇ ਪੰਜਾਬ ਵਿੱਚ 14,564 ਕੇਸ ਦਰਜ ਕੀਤੇ ਗਏ ਸਨ। ਇਹ ਕੁੱਲ ਮਾਮਲਿਆਂ ਦਾ ਲਗਭਗ 42.3 ਫ਼ੀਸਦੀ ਹਿੱਸਾ ਸੀ।

ਸਿਆਸੀ ਪਾਰਟੀਆਂ ਲਗਾਤਾਰ ਇੱਕ ਦੂਜੇ ਸਿਰ ਦੋਸ਼ ਮੜ੍ਹਦੀਆਂ ਰਹੀਆਂ ਹਨ। ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲਾਂ ਦੇ ਰਾਜ ਨੂੰ ਜ਼ਿੰਮੇਵਾਰ ਠਹਿਰਾਇਆ। ਆਮ ਆਦਮੀ ਪਾਰਟੀ ਨੇ ਨਸ਼ੇ ਦੇ ਮੁੱਦੇ ਉੱਤੇ ਹੀ ਸੂਬੇ ਵਿੱਚ ਆਪਣੀ ਪਛਾਣ ਬਣਾਈ ਸੀ। ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਨ ਤੋਂ ਬਾਅਦ ਇੱਕ ਮਹੀਨੇ ਵਿੱਚ ਨਸ਼ਾ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਪਰ ਸਰਕਾਰਾਂ ਬਦਲਦੀਆਂ ਰਹੀਆਂ ਅਤੇ ਜ਼ਮੀਨੀ ਹਕੀਕਤ ਉਹੀ ਰਹੀ। ਅੱਜ ਹਾਲਾਤ ਇਹ ਹਨ ਕਿ ਨੌਜਵਾਨਾਂ ਤੋਂ ਇਲਾਵਾ ਘਰੇਲੂ ਔਰਤਾਂ, ਮੁਲਾਜ਼ਮ ਅਤੇ ਸਿਆਸਤਦਾਨ ਤੱਕ ਇਸ ਦਲਦਲ ਵਿੱਚ ਫਸ ਚੁੱਕੇ ਹਨ।

13,350 ਮਾਮਲਿਆਂ ਦੀ ਪੜਤਾਲ: ਇੱਕ ਵੀ ਮਰੀਜ਼ ਹਸਪਤਾਲ ਨਹੀਂ ਭੇਜਿਆ

ਸਟੱਡੀ ਦੌਰਾਨ ਸਾਲ 2013 ਤੋਂ 2015 ਦਰਮਿਆਨ ਪੰਜਾਬ ਦੀਆਂ ਵਿਸ਼ੇਸ਼ ਅਦਾਲਤਾਂ ਦੇ 13,350 ਕੇਸਾਂ ਦੀ ਘੋਖ ਕੀਤੀ ਗਈ। ਇਸ ਦੇ ਨਤੀਜੇ ਹੈਰਾਨ ਕਰਨ ਵਾਲੇ ਸਾਹਮਣੇ ਆਏ ਸਨ। ਕਿਸੇ ਵੀ ਅਦਾਲਤ ਨੇ ਇੱਕ ਵੀ ਨਸ਼ੇੜੀ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰ ਨਹੀਂ ਭੇਜਿਆ। ਹਰ ਵਿਅਕਤੀ ਨੂੰ ਸਿੱਧਾ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ। ਐਨ.ਡੀ.ਪੀ.ਐਸ. ਐਕਟ ਵਿੱਚ ਧਾਰਾ 39 ਅਤੇ ਧਾਰਾ 64-ਏ ਮੌਜੂਦ ਹਨ। ਇਹ ਧਾਰਾਵਾਂ ਅਦਾਲਤ ਨੂੰ ਇਹ ਤਾਕਤ ਦਿੰਦੀਆਂ ਹਨ ਕਿ ਉਹ ਨਸ਼ੇ ਦੇ ਆਦੀ ਵਿਅਕਤੀ ਨੂੰ ਸਜ਼ਾ ਦੇਣ ਦੀ ਬਜਾਏ ਸੁਧਾਰ ਘਰ ਜਾਂ ਇਲਾਜ ਕੇਂਦਰ ਵਿੱਚ ਭੇਜ ਸਕੇ। ਪਰ ਪੁਲਿਸ, ਵਕੀਲਾਂ ਅਤੇ ਜੱਜਾਂ ਨੇ ਇਹਨਾਂ ਧਾਰਾਵਾਂ ਦੀ ਕਦੇ ਵਰਤੋਂ ਹੀ ਨਹੀਂ ਕੀਤੀ। ਸਿਸਟਮ ਨੇ ਨਸ਼ੇ ਨੂੰ ਸਿਹਤ ਸਮੱਸਿਆ ਮੰਨਣ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ।

ਵੱਡੇ ਤਸਕਰ ਆਜ਼ਾਦ, ਨਸ਼ਾ ਕਰਨ ਵਾਲੇ ਕੈਦ

ਐਨ.ਡੀ.ਪੀ.ਐਸ. ਐਕਟ ਨੂੰ ਨਸ਼ਾ ਤਸਕਰਾਂ ਵਿੱਚ ਡਰ ਪੈਦਾ ਕਰਨ ਲਈ ਬਣਾਇਆ ਗਿਆ ਸੀ। ਪਰ ਜ਼ਮੀਨ ਉੱਤੇ ਇਸ ਦਾ ਉਲਟ ਅਸਰ ਦਿਖਿਆ। ਅਦਾਲਤਾਂ ਵਿੱਚ ਆਏ ਕੁੱਲ ਮਾਮਲਿਆਂ ਵਿੱਚੋਂ 70 ਤੋਂ 90 ਫ਼ੀਸਦੀ ਕੇਸ 'ਦਰਮਿਆਨੀ ਮਾਤਰਾ' (ਇੰਟਰਮੀਡੀਏਟ ਕੁਆਂਟਿਟੀ) ਵਾਲੇ ਸਨ। ਵਪਾਰਕ ਪੱਧਰ ਦੀ ਵੱਡੀ ਮਾਤਰਾ (ਕਮਰਸ਼ੀਅਲ ਕੁਆਂਟਿਟੀ) ਵਾਲੇ ਕੇਸ ਸਿਰਫ਼ 6 ਫ਼ੀਸਦੀ ਸਨ ।ਦਰਮਿਆਨੀ ਮਾਤਰਾ ਵਾਲੇ ਜ਼ਿਆਦਾਤਰ ਮਾਮਲਿਆਂ ਵਿੱਚ ਵੀ ਨਸ਼ੇ ਦੀ ਮਾਤਰਾ ਬਹੁਤ ਘੱਟ ਸੀ। ਇਸ ਦਾ ਸਾਫ਼ ਮਤਲਬ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਲੋਕ ਵੱਡੇ ਸਮੱਗਲਰ ਨਹੀਂ ਸਨ। ਉਹ ਸਿਰਫ਼ ਆਪਣੀ ਰੋਜ਼ਾਨਾ ਵਰਤੋਂ ਲਈ ਨਸ਼ਾ ਰੱਖਣ ਵਾਲੇ ਆਮ ਲੋਕ ਸਨ। ਉਦਾਹਰਨ ਵਜੋਂ ਹੈਰੋਇਨ ਦੀ ਦਰਮਿਆਨੀ ਮਾਤਰਾ 5 ਗ੍ਰਾਮ ਤੋਂ ਲੈ ਕੇ 250 ਗ੍ਰਾਮ ਤੱਕ ਮੰਨੀ ਜਾਂਦੀ ਹੈ। ਇਸ ਮਾਤਰਾ ਦੇ ਮਾਮਲਿਆਂ ਵਿੱਚ ਜੱਜ ਕੋਲ ਸਜ਼ਾ ਦੇਣ ਦੇ ਵਿਸ਼ਾਲ ਅਧਿਕਾਰ ਹੁੰਦੇ ਹਨ। ਪਰ ਕੋਈ ਸਪੱਸ਼ਟ ਨਿਯਮ ਨਾ ਹੋਣ ਕਾਰਨ ਹਰ ਜੱਜ ਆਪਣੀ ਮਰਜ਼ੀ ਨਾਲ ਵੱਖੋ-ਵੱਖਰੀਆਂ ਸਜ਼ਾਵਾਂ ਦਿੰਦਾ ਰਿਹਾ। ਨਤੀਜੇ ਵਜੋਂ ਛੋਟੀ ਮਾਤਰਾ ਰੱਖਣ ਵਾਲੇ ਮਰੀਜ਼ਾਂ ਨੂੰ ਵੀ ਕਈ ਸਾਲਾਂ ਤੱਕ ਜੇਲ੍ਹ ਕੱਟਣੀ ਪਈ ਅਤੇ ਇਲਾਜ ਤੋਂ ਵਾਂਝਾ ਰੱਖਿਆ ਗਿਆ।

ਨੌਜਵਾਨ ਪੀੜ੍ਹੀ ਬਰਬਾਦ ਹੋਣ ਦੀ ਕਗਾਰ 'ਤੇ

ਅੰਕੜੇ ਦੱਸਦੇ ਹਨ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਪੇਸ਼ ਕੀਤੇ ਗਏ 71.4 ਫ਼ੀਸਦੀ ਮੁਲਜ਼ਮ 20 ਤੋਂ 40 ਸਾਲ ਦੀ ਉਮਰ ਦੇ ਸਨ। ਇਹਨਾਂ ਵਿੱਚੋਂ ਲਗਭਗ 40 ਫ਼ੀਸਦੀ ਨੌਜਵਾਨ ਸਿਰਫ਼ 20 ਤੋਂ 30 ਸਾਲ ਦੇ ਸਨ। ਕਾਨੂੰਨ ਅਨੁਸਾਰ ਛੋਟੀ ਉਮਰ ਦੇ ਇਨ੍ਹਾਂ ਨੌਜਵਾਨਾਂ ਨੂੰ ਮੁੜ ਵਸੇਬੇ ਦਾ ਮੌਕਾ ਮਿਲਣਾ ਚਾਹੀਦਾ ਸੀ। ਜੇਲ੍ਹ ਦੀ ਚਾਰਦੀਵਾਰੀ ਅੰਦਰ ਲੰਮਾ ਸਮਾਂ ਰਹਿਣ ਨਾਲ ਨੌਜਵਾਨ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ। ਉੱਥੇ ਰਹਿ ਕੇ ਉਹ ਪੇਸ਼ੇਵਰ ਅਪਰਾਧੀਆਂ ਦੇ ਸੰਪਰਕ ਵਿੱਚ ਆਉਂਦੇ ਹਨ। ਇਸ ਤਰ੍ਹਾਂ ਇੱਕ ਬਿਮਾਰ ਵਿਅਕਤੀ ਅਸਲ ਅਪਰਾਧੀ ਬਣ ਕੇ ਬਾਹਰ

ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ: ਗਿ. ਰਾਜਦੀਪ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਸਮੇਂ ਦੀ ਕਾਂਗਰਸ ਹਕੂਮਤ ਵੱਲੋਂ 1984 ਵਿੱਚ ਸਿੱਖ ਕੌਮ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਹਮਲੇ ਨੇ ਸਿੱਖ ਕੌਮ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ, ਜੋ ਸਿੱਖ ਕਦੇ ਵੀ ਭੁਲਾ ਨਹੀਂ ਸਕਦੇ- ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਕੀਤਾ। ਉਹ ਕੌਮੀ ਯੋਧੇ ਸ਼ਹੀਦ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ।



ਗਿਆਨੀ ਰਾਜਦੀਪ ਸਿੰਘ ਨੇ ਕਿਹਾ ਕਿ ਸਮੇਂ ਦੀ ਕਾਂਗਰਸ ਹਕੂਮਤ ਵੱਲੋਂ 1984 ਵਿੱਚ ਸਿੱਖ ਕੌਮ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਹਮਲੇ ਨੇ ਸਿੱਖ ਕੌਮ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ, ਜੋ ਸਿੱਖ ਕਦੇ ਵੀ ਭੁਲਾ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਮਗਰੋਂ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ ਹੈ ਅਤੇ ਹਮੇਸ਼ਾ ਰਹੇਗਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਪ੍ਰੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਸਰਵਣ ਕਰਵਾਇਆ। ਇਸੇ ਦੌਰਾਨ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 20 ਨਵੰਬਰ ਨੂੰ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 20 ਨਵੰਬਰ ਨੂੰ ਸੱਦਿਆ ਗਿਆ ਹੈ। ਇਸ ਤੋਂ ਇਲਾਵਾ ਪਰਵਿੰਦਰ ਸਿੰਘ ਝੋਟਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਫੈਸਲੇ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤੇ ਗਏ।

ਮੀਟਿੰਗ ਉਪਰੰਤ ਪ੍ਰਧਾਨ ਨੇ ਦੱਸਿਆ ਕਿ ਕਮੇਟੀ ਦਾ ਇਹ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਦੁਪਹਿਰ 12 ਵਜੇ ਹੋਵੇਗਾ, ਜਿਸ ਵਿੱਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਵੱਲੋਂ ਕਈ ਹੋਰ ਫੈਸਲੇ ਵੀ ਕੀਤੇ ਗਏ। ਪਾਸ ਕੀਤੇ ਮਤੇ ਰਾਹੀਂ ਨਸ਼ਿਆਂ ਵਿਰੁੱਧ ਸੰਘਰਸ਼ ਕਰਨ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮਤੇ ਵਿੱਚ ਕਿਹਾ ਗਿਆ ਕਿ ਪੰਜਾਬ ਵਿੱਚ ਵੱਧ ਰਿਹਾ ਨਸ਼ਿਆਂ ਦਾ ਵਰਤਾਰਾ ਵੱਡੀ ਚਿੰਤਾ ਵਾਲਾ ਹੈ।

ਅੰਤ੍ਰਿੰਗ ਕਮੇਟੀ ਨੇ ਮਾਨਸਾ ਵਿਖੇ ਨਸ਼ਿਆਂ ਵਿਰੁੱਧ ਚੱਲ ਰਹੇ ਸੰਘਰਸ਼ ਦੌਰਾਨ ਧਰਨੇ ਵਿੱਚ ਸ਼ਾਮਲ ਕਰੀਬ 40 ਨੌਜਵਾਨਾਂ ਵਿਰੁੱਧ ਪੁਲੀਸ ਵੱਲੋਂ ਦਰਜ ਕੇਸ ਤੁਰੰਤ ਰੱਦ ਕਰਨ, ਗ੍ਰਿਫ਼ਤਾਰ ਨੌਜਵਾਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਇਸੇ ਤਰ੍ਹਾਂ ਧਰਨੇ ਵਿੱਚ ਸ਼ਾਮਲ ਹੋਣ ਗਏ ਨੌਜਵਾਨ ਮਨਪ੍ਰੀਤ ਸਿੰਘ ਦੀ ਪੋਸਟਰ ਉਤਾਰਦੇ ਸਮੇਂ ਕਰੰਟ ਲੱਗਣ ਨਾਲ ਹੋਈ ਮੌਤ 'ਤੇ ਦੁੱਖ ਜ਼ਾਹਿਰ ਕਰਦਿਆਂ ਉਸ ਦੇ ਪਰਿਵਾਰ ਨੂੰ ਢਾਈ ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ 'ਚ ਜੂਨ 1984 ਵਿੱਚ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਹਰਿਮੰਦਰ ਸਾਹਿਬ 'ਤੇ ਕੀਤੇ ਹਮਲੇ ਦੇ ਰੋਸ ਵਜੋਂ ਬਗ਼ਾਵਤ ਕਰਨ ਵਾਲੇ 479 ਸਿੱਖ ਧਰਮੀ ਫ਼ੌਜੀਆਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ 3 ਫੀਸਦੀ ਮਹਿੰਗਾਈ ਭੱਤਾ ਦੇਣ ਦਾ ਵੀ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਤੇ ਅਧਿਕਾਰੀ ਤੇ ਹੋਰ ਸ਼ਾਮਲ ਸਨ।

ਧਰਮ ਹੀ ਸਾਨੂੰ ਚੰਗਾ ਇਨਸਾਨ ਬਣਾਉਂਦੈ: ਸਿੱਖ ਮਿਸ਼ਨ



ਕੁਰੂਕਸ਼ੇਤਰ/ਏ.ਟੀ.ਨਿਊਜ਼: ਸਿੱਖ ਮਿਸ਼ਨ ਦੇ ਇੰਚਾਰਜ ਸ. ਸੁਖਵਿੰਦਰ ਸਿੰਘ ਨੇ ਕਿਹਾ ਹੈ ਕਿ ਧਰਮ ਹੀ ਸਾਨੂੰ ਚੰਗਾ ਇਨਸਾਨ ਬਣਾਉਂਦਾ ਹੈ ਅਤੇ ਭਗਤ ਰਵਿਦਾਸ ਜੀ ਨੇ ਹਰ ਇਨਸਾਨ ਨਾਲ ਬਰਾਬਰੀ ਤੇ ਸਤਿਕਾਰ ਵਾਲਾ ਵਿਹਾਰ ਕਰਨ ਦੀ ਜਾਚ ਸਿਖਾਈ ਹੈ।

ਉਹ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸਿੱਖ ਮਿਸ਼ਨ ਹਰਿਆਣਾ, ਕੁਰੂਕਸ਼ੇਤਰ ਵੱਲੋਂ ਸ੍ਰੀ ਹਰਿਕ੍ਰਿਸ਼ਨ ਪਬਲਿਕ ਸਕੂਲ, ਝਾਂਸਾ (ਕੁਰੂਕਸ਼ੇਤਰ) ਵਿਖੇ ਇੱਕ ਰੋਜ਼ਾ ਵਿਸ਼ੇਸ਼ ਗੁਰਮਤਿ ਸੈਮੀਨਾਰ ਦੌਰਾਨ ਸੰਬੋਧਨ ਕਰ ਰਹੇ ਸਨ। ਇਹ ਸੈਮੀਨਾਰ ਭਗਤ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ, ਜਿਸ ਵਿੱਚ ਪ੍ਰਚਾਰਕ ਭਾਈ ਨਵਜੋਤ ਸਿੰਘ ਵੱਲੋਂ ਗੁਰਮੁਖੀ ਲਿਪੀ, ਗੁਰਬਾਣੀ ਸੰਥਿਆ, ਸਿੱਖ ਇਤਿਹਾਸ ਅਤੇ ਗੁਰਮਤਿ ਰਹਿਣੀ ਬਾਰੇ ਜਾਣਕਾਰੀ ਦਿੱਤੀ ਗਈ। ਸੈਮੀਨਾਰ ਦੌਰਾਨ ਲਗਭਗ 150 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਦੇ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਸਿੱਖ ਮਿਸ਼ਨ ਹਰਿਆਣਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਸਿੱਖ ਕੌਮ 1984 ਦੇ ਦਰਦਨਾਕ ਸਾਕੇ ਨੂੰ ਕਦੇ ਵੀ ਭੁਲਾ ਨਹੀਂ ਸਕਦੀ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਨਵੰਬਰ 1984 ਦੌਰਾਨ ਸਮੇਂ ਦੀ ਸਰਕਾਰ ਦੀ ਸ਼ਹਿ 'ਤੇ ਹੋਏ ਸਿੱਖ ਕਤਲੇਆਮ ਦੇ ਜ਼ਖ਼ਮ ਅਜੇ ਵੀ ਅੱਲੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਪੀੜਤ ਸਿੱਖ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਇਸ ਦੌਰਾਨ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਨੂੰ ਸਤਿਕਾਰ ਭੇਟ ਕੀਤਾ।ਐਡਵੋਕੇਟ ਧਾਮੀ ਨੇ ਕਿਹਾ ਕਿ ਨਵੰਬਰ 1984 'ਚ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਪਹਿਲੀ ਨਵੰਬਰ ਤੋਂ ਲੈ ਕੇ ਕਰੀਬ ਇੱਕ ਹਫਤੇ ਤੱਕ ਸਿੱਖਾਂ ਉੱਤੇ ਅਣਮਨੁੱਖੀ ਜ਼ੁਲਮ ਢਾਹਿਆ ਗਿਆ। ਇਹ ਮਾਨਵਤਾ ਵਿਰੁੱਧ ਅਜਿਹਾ ਕਾਰਾ ਸੀ, ਜਿਸ ਨੇ ਸਮੁੱਚੀ ਦੁਨੀਆ ਦੇ ਸੰਵੇਦਨਸ਼ੀਲ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਇਹ ਕਤਲੇਆਮ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਮੱਥੇ 'ਤੇ ਕਲੰਕ ਹੈ। ਉਨ੍ਹਾਂ ਕਿਹਾ ਕਿ ਇਸ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਸਨ, ਪਰ ਅਫ਼ਸੋਸ ਕਿ ਇਨਸਾਫ਼ ਦੇਣ ਦੀ ਬਜਾਏ ਕਾਂਗਰਸ ਨੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਗੂਆਂ ਦੀ ਹਮੇਸ਼ਾ ਪੁਸ਼ਤਪਨਾਹੀ ਕੀਤੀ ਅਤੇ ਉਨ੍ਹਾਂ ਨੂੰ ਉੱਚੇ ਸਿਆਸੀ ਅਹੁਦਿਆਂ ਨਾਲ ਨਿਵਾਜਿਆ।



ਉਨ੍ਹਾਂ ਕਿਹਾ ਕਿ ਨਵੰਬਰ ਮਹੀਨਾ ਆਉਂਦਿਆਂ ਹੀ ਕਤਲੇਆਮ ਦੇ ਪੀੜਤ ਪਰਿਵਾਰਾਂ ਅਤੇ ਸਮੁੱਚੀ ਸਿੱਖ ਕੌਮ ਦੇ ਪੁਰਾਣੇ ਜ਼ਖ਼ਮ ਮੁੜ ਹਰੇ ਹੋ ਜਾਂਦੇ ਹਨ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੀੜਤਾਂ ਨੂੰ ਇਨਸਾਫ਼ ਦਿਵਾਉਣ ਅਤੇ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦਿਵਾਉਣ ਲਈ ਠੋਸ ਕਦਮ ਚੁੱਕਣ। ਐਡਵੋਕੇਟ ਧਾਮੀ ਨੇ ਕਿਹਾ ਕਿ ਇਨਸਾਫ਼ ਦੀ ਇਹ ਲੜਾਈ ਸਿਰਫ਼ ਪੀੜਤ ਪਰਿਵਾਰਾਂ ਦੀ ਨਹੀਂ, ਸਗੋਂ ਮਨੁੱਖੀ ਅਧਿਕਾਰਾਂ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਨਿਆਂ ਪ੍ਰਣਾਲੀ ਵਿਚ ਭਰੋਸੇ ਦੀ ਵੀ ਲੜਾਈ ਹੈ।

ਜਦੋਂ ਤੱਕ ਦੋਸ਼ੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਨਹੀਂ ਮਿਲਦੀ, ਉਦੋਂ ਤੱਕ ਪੀੜਤ ਪਰਿਵਾਰਾਂ ਦੇ ਹਿਰਦੇ ਸ਼ਾਂਤ ਨਹੀਂ ਹੋਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਕੌਮ ਇਸ ਦਰਦਨਾਕ ਸਾਕੇ ਨੂੰ ਕਦੇ ਵੀ ਭੁਲਾ ਨਹੀਂ ਸਕਦੀ ਅਤੇ ਹਰ ਸਾਲ ਇਸ ਦੀ ਯਾਦ ਮਨਾਈ ਜਾਂਦੀ ਹੈ।

ਪੰਜਾਬ ਅੰਦਰ ਆਪਣੀਆਂ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਪੱਕੇ ਤੌਰ 'ਤੇ ਵਸਣ ਦਾ ਰੁਝਾਨ ਠੀਕ ਨਹੀਂ: ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਯੂ. ਕੇ. ਦੇ ਸਿੱਖ ਨੌਜਵਾਨਾਂ ਅਤੇ ਸੰਗਤ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਫ਼ਰਜ਼ੰਦ ਮਹਾਰਾਜਾ ਦਲੀਪ ਸਿੰਘ ਦੀ 133ਵੀਂ ਬਰਸੀ ਮੌਕੇ ਬੈਟਫੋਰਡ 'ਚ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਜਥੇਦਾਰ ਨੇ ਸੰਗਤ ਨੂੰ ਕਿਹਾ ਕਿ ਪੰਜਾਬ ਅੰਦਰ ਆਪਣੀਆਂ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਪੱਕੇ ਤੌਰ 'ਤੇ ਵਸਣ ਦਾ ਰੁਝਾਨ ਠੀਕ ਨਹੀਂ, ਇਸ ਦੇ ਭਵਿੱਖੀ ਨਤੀਜੇ ਬਹੁਤ ਗੰਭੀਰ ਹੋਣਗੇ। ਅੱਜ ਸਿੱਖਾਂ ਨੂੰ ਆਪਣੀ ਵਿਰਾਸਤ ਨੂੰ ਸੰਭਾਲਣ ਦੀ ਲੋੜ ਹੈ। ਜਾਣਕਾਰੀ ਅਨੁਸਾਰ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਿੱਖ ਸੰਗਤ ਨਾਲ ਬੈਟਫੋਰਡ ਸ਼ਹਿਰ ਵਿੱਚ ਸਥਿਤ ਮਹਾਰਾਜਾ ਦਲੀਪ ਸਿੰਘ ਦੀ ਉਸ ਯਾਦਗਾਰ 'ਤੇ ਗਏ ਜਿੱਥੇ ਉਨ੍ਹਾਂ ਦਾ ਬੁੱਤ ਸਥਾਪਤ ਹੈ ਅਤੇ ਜਥੇਦਾਰ ਨੇ ਕੁਝ ਦੂਰੀ 'ਤੇ ਸਥਿਤ ਪੁਰਾਤਨ ਘਰ (ਅਜਾਇਬ ਘਰ) ਵੀ ਦੇਖਿਆ। ਇਸ ਦੌਰਾਨ ਜਥੇਦਾਰ ਗੜਗੱਜ ਨੇ ਮਹਾਰਾਜਾ ਦਲੀਪ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਪੰਜ ਪੁੱਤਰਾਂ ਅਤੇ ਤਿੰਨ ਧੀਆਂ ਨਾਲ ਸਬੰਧਤ ਨਿਸ਼ਾਨੀਆਂ ਵੀ ਦੇਖੀਆਂ, ਜਿਨ੍ਹਾਂ



ਨੂੰ ਯੂ ਕੇ ਦੇ ਜੰਮਪਲ ਸਿੱਖ ਭੁਪਿੰਦਰ ਸਿੰਘ ਬੈਂਸ ਨੇ ਮਹਾਰਾਜਾ ਨਾਲ ਜੁੜੇ ਰਹੇ ਵੱਖ-ਵੱਖ ਪਰਿਵਾਰਾਂ ਪਾਸੋਂ ਇਕੱਤਰ ਕਰ ਕੇ ਇਸ ਘਰ ਵਿੱਚ ਸੁਰੱਖਿਅਤ ਸੰਭਾਲਿਆ ਹੈ। ਐਲਵੇਡਨ ਵਿੱਚ ਗੜਗੱਜ ਉਸ ਥਾਂ 'ਤੇ ਵੀ ਗਏ ਜਿੱਥੇ ਮਹਾਰਾਜਾ ਦਲੀਪ ਸਿੰਘ, ਉਨ੍ਹਾਂ ਦੀ ਪਤਨੀ ਮਹਾਰਾਣੀ ਬੰਬਾ ਦਲੀਪ ਸਿੰਘ ਤੇ ਸਭ ਤੋਂ ਛੋਟੇ ਪੁੱਤਰ ਪ੍ਰਿੰਸ ਐਡਵਰਡ ਐਲਬਰਟ ਦਲੀਪ ਸਿੰਘ ਨੂੰ ਦਫ਼ਨਾਇਆ ਹੋਇਆ ਹੈ। ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਦਾ ਸਿੱਖੀ ਅਤੇ ਪੰਜਾਬ ਪ੍ਰਤੀ ਪਿਆਰ ਅਤੇ ਸਿੱਖੀ ਵਿੱਚ ਵਾਪਸ ਆਉਣਾ ਇਹ ਪ੍ਰੇਰਣਾ ਦਿੰਦਾ ਹੈ ਕਿ ਸਿੱਖਾਂ ਨੇ ਆਪਣੀਆਂ ਸਿੱਖੀ ਰਵਾਇਤਾਂ ਤੇ ਪੰਜਾਬ ਨਾਲ ਹਮੇਸ਼ਾ ਜੁੜੇ ਰਹਿਣਾ ਹੈ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਕਾਰਜ ਕਰਨਾ ਹੈ। ਇਸ ਦੌਰਾਨ ਉਨ੍ਹਾਂ ਪੰਥਕ ਲਿਖਾਰੀਆਂ ਤੇ ਵਿਦਵਾਨਾਂ ਨੂੰ ਸੁਨੇਹਾ ਦਿੱਤਾ ਕਿ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਦਲੀਪ ਸਿੰਘ ਦੇ ਇਤਿਹਾਸ ਨਾਲ ਸਬੰਧਿਤ ਸੱਚੇ ਤੇ ਸਿੱਖੀ ਸੋਚ ਵਾਲੇ ਬਿਰਤਾਂਤ ਨੂੰ ਵਿਸ਼ਵ ਪੱਧਰ ਉੱਤੇ ਉਭਾਰਨ ਲਈ ਵਿਸ਼ੇਸ਼ ਉਪਰਾਲੇ ਤੇ ਕਾਰਜ ਕੀਤੇ ਜਾਣ।

ਜਥੇਦਾਰ ਨੇ ਕਿਹਾ ਕਿ ਬੈਟਫੋਰਡ ਵਿੱਚ ਸਥਿਤ ਮਹਾਰਾਜਾ ਦਲੀਪ ਸਿੰਘ ਦੇ ਬੁੱਤ ਅਤੇ ਉਸ ਦੇ ਆਲੇ-ਦੁਆਲੇ ਦੀ ਕੁਝ ਹੋਰ ਸਾਂਭ-ਸੰਭਾਲ ਤੇ ਬਿਹਤਰੀ ਦੀ ਲੋੜ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਪੰਜਾਬ ਦੀ ਸਿਆਸਤ ਦੇ ਬਦਲੇ ਸਮੀਕਰਨ

ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ 'ਮੌਸਮ' ਦੇ ਬਦਲਣ ਨਾਲ ਹੀ ਪੰਜਾਬ ਦੀ ਸਿਆਸਤ ਦੀ ਵੀ ਦਸ਼ਾ ਅਤੇ ਦਿਸ਼ਾ ਬਦਲ ਰਹੀ ਹੈ। ਲੰਘੇ ਦਿਨੀਂ ਸਮਾਣਾ ਤੋਂ 'ਆਪ' ਵਿਧਾਇਕ ਚੇਤਨ ਸਿੰਘ ਜੌੜਾ ਮਾਜਰਾ, ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ, ਅੰਮ੍ਰਿਤਸਰ ਉੱਤਰੀ ਤੋਂ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਾਰਟੀ ਛੱਡਣ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਹੋ ਕੇ ਸੂਬੇ ਦੀ ਸਿਆਸਤ 'ਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਚੇਤਨ ਸਿੰਘ ਜੌੜਾ ਮਾਜਰਾ ਅਤੇ ਹਰਮੀਤ ਸਿੰਘ ਪਠਾਨ ਮਾਜਰਾ ਨੇ ਤਾਂ ਰਾਤੋਂ ਰਾਤ ਆਪਣੀਆਂ 'ਦਸਤਾਰਾਂ ਦਾ ਰੰਗ' ਵੀ ਬਦਲ ਲਿਆ ਹੈ। ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਦੇ ਭਾਜਪਾ 'ਚ ਚਲੇ ਜਾਣ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਿਆ ਹੈ ਅਤੇ ਇਸ ਪਾਰਟੀ ਦੀ ਹਾਈ ਕਮਾਂਡ ਨੂੰ ਆਪਣੀ ਮੌਜੂਦਾ ਕਾਰਜ ਪ੍ਰਣਾਲੀ ਅਤੇ ਰਣਨੀਤੀ ਨੂੰ ਮੁੜ ਘੋਖਣ ਲਈ ਮਜਬੂਰ ਕਰ ਦਿੱਤਾ ਹੈ। ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਅਗਵਾਈ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਹੁਣ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਨੇ ਭਾਜਪਾ ਵਿੱਚ ਸ਼ਾਮਲ ਹੋ ਕੇ ਸੂਬੇ ਦੀ ਸਿਆਸਤ ਦੇ ਸਮੀਕਰਨ ਹੀ ਬਦਲ ਦਿੱਤੇ ਹਨ।

ਪੰਜਾਬ ਵਿੱਚ ਸਿਆਸੀ ਆਗੂਆਂ ਵੱਲੋਂ ਦਲ ਬਦਲੀਆਂ ਕਰਨ ਦਾ ਰੁਝਾਨ ਨਵਾਂ ਨਹੀਂ ਹੈ। ਦਲ ਬਦਲੀ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਅਤੇ ਡੂੰਘੀਆਂ ਹਨ। ਪੰਜਾਬ ਦੇ ਵੱਡੀ ਗਿਣਤੀ ਸਿਆਸੀ ਆਗੂਆਂ ਦੀ ਆਪਣੀਆਂ ਪਾਰਟੀਆਂ ਪ੍ਰਤੀ ਕਦੇ ਵੀ ਵਫ਼ਾਦਾਰੀ ਪੱਕੀ ਨਹੀਂ ਰਹੀ। ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਹਮੇਸ਼ਾ ਦਲ ਬਦਲ ਕੇ ਸਿਆਸੀ ਮੌਜਾਂ ਮਾਣਦੇ ਰਹੇ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਹਿਲੀ ਚੋਣ ਕਾਂਗਰਸ ਦੀ ਟਿਕਟ ਤੋਂ ਲੜੀ ਸੀ ਪਰ ਬਾਅਦ ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਅਤੇ ਲਗਾਤਾਰ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ। 1996 ਵਿੱਚ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਅਤੇ ਉਹ 10 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਭਾਜਪਾ ਦੇ ਆਗੂ ਹਨ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਤੋਂ ਤੋੜ ਵਿਛੋੜਾ ਕਰਨ ਵਾਲੇ ਮਨਪ੍ਰੀਤ ਸਿੰਘ ਬਾਦਲ ਵੀ ਪਹਿਲਾਂ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਪੰਜ ਸਾਲ ਤੱਕ ਖ਼ਜ਼ਾਨਾ ਮੰਤਰੀ ਦੀ ਕੁਰਸੀ ਸਾਂਭਣ ਦਾ ਮੌਕਾ ਮਿਲਿਆ। ਇਸ ਸਮੇਂ ਮਨਪ੍ਰੀਤ ਬਾਦਲ ਵੀ ਭਾਜਪਾ ਵਿੱਚ ਹਨ। ਬਲਵੰਤ ਸਿੰਘ ਰਾਮੂਵਾਲੀਆ ਵੀ ਦੋ ਵਾਰ ਦਲ ਬਦਲੀ ਕਰ ਕੇ ਪੰਜਾਬ ਅਤੇ ਯੂ.ਪੀ. ਵਿੱਚ ਮੰਤਰੀ ਦੀ ਕੁਰਸੀ ਹਾਸਲ ਕਰਨ ਵਿੱਚ ਸਫ਼ਲ ਰਹੇ। ਭਾਜਪਾ ਆਗੂ ਅਤੇ ਗਾਇਕ ਹੰਸ ਰਾਜ ਹੰਸ ਨੇ ਪਹਿਲਾਂ ਅਕਾਲੀ ਦਲ ਅਤੇ ਫਿਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਦੀ ਬਾਂਹ ਫੜੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਕਾਂਗਰਸ ਦੇ ਵੱਡੇ ਆਗੂ ਸਨ ਪਰ ਉਨ੍ਹਾਂ ਨੇ 2014 ਵਿੱਚ ਆਮ ਆਦਮੀ ਪਾਰਟੀ ਵਿੱਚ ਜਾਣ ਦਾ ਫੈਸਲਾ ਕਰ ਲਿਆ। ਉਹ ਦੋ ਵਾਰ ਵਿਧਾਇਕ ਚੁਣੇ ਗਏ ਅਤੇ ਇਸ ਵੇਲੇ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਨ। ਕੁਝ ਸਾਲ ਪਹਿਲਾਂ ਸੁਖਪਾਲ ਸਿੰਘ ਖਹਿਰਾ ਨੂੰ ਵੀ ਕਾਂਗਰਸ ਛੱਡਣੀ ਕਾਫ਼ੀ ਰਾਸ ਆਈ ਸੀ ਅਤੇ ਉਹ ਪਹਿਲੀ ਵਾਰ ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਬਣੇ। ਇਸ ਸਮੇਂ ਸੁਖਪਾਲ ਸਿੰਘ ਖਹਿਰਾ ਕਾਂਗਰਸ ਦੇ ਵਿਧਾਇਕ ਹਨ।


ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਅਤੇ ਨੈਸ਼ਨਲ ਇਲੈਕਸ਼ਨ ਵਾਚ ਵੱਲੋਂ ਕੁਝ ਸਮਾਂ ਪਹਿਲਾਂ ਕੀਤੇ ਗਏ ਇੱਕ ਵਿਸ਼ਲੇਸ਼ਣ ਅਨੁਸਾਰ 2022 ਤੋਂ ਲੈ ਕੇ ਹੁਣ ਤੱਕ ਮੌਜੂਦਾ ਲੋਕ ਸਭਾ, ਰਾਜ ਸਭਾ ਅਤੇ ਰਾਜ ਵਿਧਾਨ ਸਭਾਵਾਂ ਲਈ ਚੁਣੇ ਜਾਣ ਤੋਂ ਬਾਅਦ 111 ਤੋਂ ਵਧੇਰੇ ਮੌਜੂਦਾ ਸੰਸਦ ਮੈਂਬਰਾਂ (ਐਮ.ਪੀ.) ਅਤੇ ਵਿਧਾਇਕਾਂ (ਐਮ.ਐਲ.ਏ.) ਨੇ ਆਪਣੀਆਂ ਸਿਆਸੀ ਪਾਰਟੀਆਂ ਬਦਲੀਆਂ ਹਨ। ਇਨ੍ਹਾਂ ਵਿੱਚੋਂ 26 ਲੋਕ ਸਭਾ ਦੇ ਮੈਂਬਰ ਸਨ, ਸੱਤ ਰਾਜ ਸਭਾ ਦੇ ਸਨ ਅਤੇ 78 ਮੈਂਬਰ ਵਿਧਾਨ ਸਭਾਵਾਂ ਦੇ ਸਨ। ਜਿਹੜੇ 111 ਸੰਸਦ ਮੈਂਬਰਾਂ (ਐਮ.ਪੀ.) ਅਤੇ ਵਿਧਾਇਕਾਂ (ਐੱਮ.ਐੱਲ.ਏ.) ਨੇ ਆਪਣੀਆਂ ਪਾਰਟੀਆਂ ਛੱਡੀਆਂ ਹਨ, ਉਨ੍ਹਾਂ ਵਿੱਚੋਂ ਅੱਧੇ ਤੋਂ ਵੱਧ (ਭਾਵ 64 ਜਣੇ) ਸਿਰਫ਼ ਤਿੰਨ ਪਾਰਟੀਆਂ—ਐਨ.ਡੀ.ਪੀ.ਪੀ., ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ—ਨਾਲ ਸਬੰਧਿਤ ਸਨ। ਆਮ ਆਦਮੀ ਪਾਰਟੀ ਦੇ ਭਾਜਪਾ ਵਿੱਚ ਸ਼ਾਮਲ ਹੋਏ ਰਾਜ ਸਭਾ ਮੈਂਬਰਾਂ ਦੀ ਗਿਣਤੀ ਵੀ ਇਸ ਵਿੱਚ ਸ਼ਾਮਲ ਹੈ। ਇਸ ਗਿਣਤੀ 'ਚ ਹੁਣ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕ ਵੀ ਜੁੜ ਗਏ ਹਨ।

ਪੰਜਾਬ 'ਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜਣ ਤੋਂ ਪਹਿਲਾਂ ਹੀ ਸਿਆਸੀ ਆਗੂਆਂ ਦੇ ਦਲ-ਬਦਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਆਉਣ ਵਾਲੇ ਦਿਨਾਂ 'ਚ ਇਹ ਹੋਰ ਤੇਜ਼ ਹੋਵੇਗਾ। ਸਿਆਸੀ ਗਲਿਆਰਿਆਂ 'ਚ ਦਲ ਬਦਲੀ ਨੂੰ ਲੈ ਕੇ ਕਿਸੇ ਦੇ ਮੱਥੇ 'ਤੇ ਸ਼ਿਕਨ ਤੱਕ ਨਜ਼ਰ ਨਹੀਂ ਆਉਂਦੀ। ਸਿਆਸੀ ਪਾਰਟੀਆਂ ਤੇ ਆਗੂਆਂ ਦੀ ਸੱਤਾ ਦੀ ਲਾਲਸਾ ਹੁਣ ਇੱਕ ਘਾਤਕ ਬਿਮਾਰੀ ਬਣ ਕੇ ਲੋਕਤੰਤਰ ਨੂੰ ਖੋਖਲਾ ਕਰ ਰਹੀ ਹੈ। ਦਲ-ਬਦਲੀ ਦੀ ਵਧਦੀ ਬਿਮਾਰੀ ਲਈ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਪਰ ਇਸ ਤੋਂ ਸਿਆਸੀ ਲਾਹਾ ਲੈਣ ਤੋਂ ਵੀ ਕਿਸੇ ਨੇ ਗੁਰੇਜ਼ ਨਹੀਂ ਕੀਤਾ।

ਸੰਪਾਦਕੀ

ਰੁੱਤ ਦਲ-ਬਦਲੀ ਦੀ ਆਈ

ਰਾਜ ਕੁਮਾਰ ਸਿੰਘ



**ਐਸੋਸੀਏਸ਼ਨ ਫਾਰ ਡੈਮੋਕ੍ਰੈਟਿਕ ਰਿਫਾਰਮਜ਼ (ਏਡੀਆਰ) ਦੇ ਉਪਰੋਕਤ ਅੰਕੜੇ ਦੱਸਦੇ ਹਨ ਕਿ ਸਿਆਸੀ ਪਾਰਟੀਆਂ ਤੇ ਆਗੂਆਂ ਦੀ ਸੱਤਾ ਦੀ ਲਾਲਸਾ ਹੁਣ ਇੱਕ ਘਾਤਕ ਬਿਮਾਰੀ ਬਣ ਕੇ ਲੋਕਤੰਤਰ ਨੂੰ ਖੋਖਲਾ ਕਰ ਰਹੀ ਹੈ। ਦਲ-ਬਦਲੀ ਦੀ ਵਧਦੀ ਬਿਮਾਰੀ ਲਈ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਪਰ ਇਸ ਤੋਂ ਸਿਆਸੀ ਲਾਹਾ ਲੈਣ ਤੋਂ ਵੀ ਕਿਸੇ ਨੇ ਗੁਰੇਜ਼ ਨਹੀਂ ਕੀਤਾ। ਭਾਜਪਾ ਪਿਛਲੇ 12 ਸਾਲਾਂ ਤੋਂ ਕੇਂਦਰ 'ਚ ਸੱਤਾਧਾਰੀ ਹੈ। ਬਹੁਤੇ ਸੂਬਿਆਂ 'ਚ ਵੀ ਭਾਜਪਾ ਜਾਂ ਇਸ ਦੇ ਗੱਠਜੋੜ ਐੱਨ.ਡੀ.ਏ. ਦੀਆਂ ਸਰਕਾਰਾਂ ਹਨ। ਆਮ ਧਾਰਨਾ ਅਨੁਸਾਰ ਦਲ-ਬਦਲੀ ਦੀ ਇਸ ਖੇਡ ਤੋਂ ਸਭ ਤੋਂ ਵੱਧ ਲਾਭ ਭਾਜਪਾ ਨੂੰ ਹੋਣਾ ਚਾਹੀਦਾ ਹੈ, ਪਰ ਅੰਕੜੇ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ। ਅਨੁਪਾਤ ਦੇ ਪੱਖੋਂ ਪਿਛਲੇ ਚਾਰ ਸਾਲਾਂ ਦੌਰਾਨ ਦਲ-ਬਦਲੀ ਦੀ ਖੇਡ ਤੋਂ ਲਾਭ ਲੈਣ ਵਾਲੀਆਂ ਪਾਰਟੀਆਂ 'ਚ ਭਾਜਪਾ ਦੂਜੇ ਨੰਬਰ 'ਤੇ ਹੈ। ਇਸ ਦਾ ਸਭ ਤੋਂ ਵੱਧ ਲਾਭ ਨਾਗਾਲੈਂਡ 'ਚ ਸੱਤਾਧਾਰੀ ਨਾਗਾ ਪੀਪਲਜ਼ ਫਰੰਟ (ਐੱਨ.ਪੀ.ਐੱਫ.) ਨੂੰ ਮਿਲਿਆ, ਜਿਸ ਨੂੰ ਇਸ ਸਮੇਂ ਦੌਰਾਨ 32 ਵਿਧਾਇਕ ਮਿਲੇ। ਦੂਜੇ ਤੇ ਤੀਜੇ ਨੰਬਰ 'ਤੇ ਕ੍ਰਮਵਾਰ ਭਾਜਪਾ ਅਤੇ ਐੱਨ.ਸੀ.ਪੀ.ਆਈ. ਰਹੀਆਂ। ਨਾਗਾਲੈਂਡ 'ਚ ਇਹ ਖੇਡ ਐੱਨ.ਪੀ.ਐੱਫ. ਤੋਂ ਹੀ ਵੱਖ ਹੋ ਕੇ ਬਣੀ ਨੈਸ਼ਨਲਿਸਟ ਡੈਮੋਕ੍ਰੈਟਿਕ ਪ੍ਰੋਗਰੈਸਿਵ ਪਾਰਟੀ (ਐੱਨ.ਡੀ.ਪੀ.ਪੀ.) ਦੇ ਰਲੇਵੇਂ ਦੇ ਨਾਂਅ 'ਤੇ ਖੇਡੀ ਗਈ।

ਦਲ-ਬਦਲੀ ਦੇ ਮਾਮਲੇ 'ਚ ਪੱਛਮੀ ਬੰਗਾਲ ਦੂਜੇ ਸਥਾਨ 'ਤੇ ਹੈ, ਜਿੱਥੇ 20 ਸੰਸਦ ਮੈਂਬਰਾਂ ਨੇ ਦਲ ਬਦਲਿਆ। ਵਿਧਾਨ ਸਭਾ ਚੋਣਾਂ ਤੋਂ ਬਾਅਦ ਭਾਜਪਾ ਦੀ ਹੱਲਾਸ਼ੇਰੀ ਨਾਲ ਤ੍ਰਿਣਮੂਲ ਕਾਂਗਰਸ ਦੇ ਲੋਕ ਸਭਾ ਦੇ 28 'ਚੋਂ 20 ਮੈਂਬਰਾਂ ਨੇ ਵੀ ਆਪਣੀ ਪਾਰਟੀ ਤੋਂ ਕਿਨਾਰਾ ਕਰ ਲਿਆ। ਹਾਲਾਂਕਿ, ਉਨ੍ਹਾਂ ਨੇ ਸਿੱਧਾ 'ਕਮਲ' ਫੜਨ ਦੀ ਬਜਾਏ ਘੱਟ ਜਾਣੀ-ਪਛਾਣੀ ਐੱਨ.ਸੀ.ਪੀ.ਆਈ. ਵਰਗੀ ਪਾਰਟੀ ਦਾ ਬਦਲ ਚੁਣਿਆ। ਤ੍ਰਿਣਮੂਲ ਕਾਂਗਰਸ ਦੇ ਚਾਰ ਰਾਜ ਸਭਾ ਮੈਂਬਰਾਂ ਦਾ ਵੀ ਆਪਣੀ ਪਾਰਟੀ ਤੋਂ ਮੋਹ ਭੰਗ ਹੋ ਗਿਆ। ਤ੍ਰਿਪੁਰਾ 'ਚ ਵਿਧਾਨ ਸਭਾ ਚੋਣਾਂ ਲੜ ਕੇ ਇੱਕ ਵੀ ਸੀਟ ਨਾ ਜਿੱਤ ਸਕਣ ਵਾਲੀ ਐੱਨ.ਸੀ.ਪੀ.ਆਈ. ਨੂੰ ਅਚਾਨਕ ਲੋਕ ਸਭਾ ਦੇ 20 ਸੰਸਦ ਮੈਂਬਰ ਮਿਲ ਜਾਣਾ ਭਾਰਤੀ ਲੋਕਤੰਤਰ ਦਾ 'ਕਰਿਸ਼ਮਾ' ਹੀ ਕਿਹਾ ਜਾ ਸਕਦਾ ਹੈ। ਇਨ੍ਹਾਂ ਦਲ-ਬਦਲੂਆਂ 'ਤੇ ਅਯੋਗ ਕਰਾਰ ਦਿੱਤੇ ਜਾਣ ਦੀ ਤਲਵਾਰ ਲਟਕ ਰਹੀ ਹੈ ਪਰ ਪ੍ਰਬੰਧਕੀ ਵਿਡੰਬਨਾ ਦੇਖੋ ਕਿ ਸੁਪਰੀਮ ਕੋਰਟ ਦੇ ਨਿਰਦੇਸ਼ ਤੋਂ ਬਾਅਦ ਹੀ ਲੋਕ ਸਭਾ ਸਪੀਕਰ ਨੇ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ। ਕਈ ਮਹੀਨੇ ਪਹਿਲਾਂ ਦਲ-ਬਦਲੀ ਦੀ ਸੁਨਿਯੋਜਿਤ ਖੇਡ ਖੇਡ ਚੁੱਕੇ ਮਾਣਯੋਗ ਸੰਸਦ ਮੈਂਬਰਾਂ ਨੂੰ ਜਵਾਬ ਦੇਣ ਅਤੇ ਇਸ ਲਈ ਦਸਤਾਵੇਜ਼ ਇਕੱਠੇ ਕਰਨ ਵਾਸਤੇ ਵਾਧੂ ਸਮਾਂ ਦੇਣ ਦੀ 'ਦਰਿਆਦਿਲੀ' ਵੀ ਸਪੀਕਰ ਨੇ ਦਿਖਾਈ। ਕਈ ਵਾਰ ਤਾਂ ਅਜਿਹੇ ਮਾਮਲਿਆਂ 'ਚ ਅੰਤਿਮ ਫ਼ੈਸਲਾ ਸਬੰਧਤ ਸਦਨ ਦਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਆਉਂਦਾ ਹੈ। ਇਸੇ ਸਾਲ ਆਮ ਆਦਮੀ ਪਾਰਟੀ (ਆਪ) ਦੇ ਸੱਤ ਰਾਜ ਸਭਾ ਮੈਂਬਰ ਭਾਜਪਾ 'ਚ ਸ਼ਾਮਲ ਹੋ ਗਏ। 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਰੀਬੀ ਰਹੇ ਅਤੇ ਪੰਜਾਬ ਦੇ 'ਸੁਪਰ ਸੀਐੱਮ' ਕਹੇ ਜਾਣ ਵਾਲੇ ਰਾਘਵ ਚੱਢਾ ਕਾਫ਼ੀ ਸਮੇਂ ਤੋਂ ਬਦਲੇ-ਬਦਲੇ ਨਜ਼ਰ ਆ ਰਹੇ ਸਨ ਪਰ ਦਲ-ਬਦਲੀ ਲਈ ਦੋ-ਤਿਹਾਈ ਸੰਸਦ ਮੈਂਬਰਾਂ ਦੀ ਗਿਣਤੀ ਪੂਰੀ ਕਰਨ 'ਚ ਸਮਾਂ ਲੱਗ ਗਿਆ। ਉਂਜ, ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਹੀ ਨਹੀਂ, ਸਗੋਂ ਸਾਬਕਾ ਸੰਸਦ ਮੈਂਬਰਾਂ, ਸਾਬਕਾ ਵਿਧਾਇਕਾਂ ਜਾਂ ਵੱਡੇ ਆਗੂਆਂ ਦੇ ਮਨ ਬਦਲਣ ਦਾ ਪਤਾ ਵੀ ਉਦੋਂ ਹੀ ਲੱਗਦਾ ਹੈ, ਜਦੋਂ ਉਹ ਕਿਸੇ ਹੋਰ ਪਾਰਟੀ ਦਾ ਪਟਕਾ ਗਲ਼ 'ਚ ਪਾ ਲੈਂਦੇ ਹਨ। ਆਗੂ ਅਕਸਰ ਇਸ ਮੌਕਾਪ੍ਰਸਤੀ ਨੂੰ ਦੇਸ਼, ਸਮਾਜ ਤੇ ਲੋਕਤੰਤਰ ਦੇ ਹਿੱਤ 'ਚ 'ਜ਼ਰੂਰੀ' ਕਰਾਰ ਦਿੰਦੇ ਹਨ।

ਸਾਲ 2014 'ਚ ਕੇਂਦਰੀ ਸੱਤਾ ਤੋਂ ਬਾਹਰ ਹੋਣ ਤੇ ਚੋਣਾਂ 'ਚ ਇਤਿਹਾਸਕ ਹਾਰ ਤੋਂ ਬਾਅਦ ਕਾਂਗਰਸ ਛੱਡਣ ਵਾਲਿਆਂ ਦੀ ਗਿਣਤੀ ਪਾਰਟੀ ਦੇ ਕੌਮੀ ਪ੍ਰਧਾਨ ਮੱਲਿਕਾਰਜੁਨ ਖੜਗੇ ਹਜ਼ਾਰਾਂ 'ਚ ਦੱਸਦੇ ਹਨ। ਨਹਿਰੂ-ਗਾਂਧੀ ਪਰਿਵਾਰ ਦੇ ਕਰੀਬੀ ਮੰਨੇ ਜਾਣ ਵਾਲਿਆਂ ਨੇ ਵੀ ਔਖੇ ਸਮੇਂ 'ਚ 'ਹੱਥ' ਦਾ ਸਾਥ ਛੱਡਣ ਤੋਂ ਗੁਰੇਜ਼ ਨਹੀਂ ਕੀਤਾ। ਇਸ ਸੂਚੀ 'ਚ ਜਯੋਤਿਰਾਦਿੱਤਿਆ ਸਿੰਧੀਆ, ਜਿਤਿਨ ਪ੍ਰਸਾਦ ਤੇ ਆਰ.ਪੀ.ਐੱਨ. ਸਿੰਘ, ਮਿਲਿੰਦ ਦੇਵੜਾ, ਅਸ਼ੋਕ ਚਵਾਨ ਤੇ ਸੁਰੇਸ਼ ਪਚੌਰੀ ਵਰਗੇ ਨਾਂਅ ਸ਼ਾਮਲ ਹਨ। ਜਦੋਂ ਪੀੜ੍ਹੀਆਂ ਤੋਂ ਕਾਂਗਰਸੀ ਰਹੇ ਸਾਬਕਾ ਕੇਂਦਰੀ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਤੱਕ ਪਾਰਟੀ ਦਾ ਸਾਥ ਛੱਡਣ ਲੱਗ ਪੈਣ ਤਾਂ ਮੌਕਾਪ੍ਰਸਤੀ ਰਾਹੀਂ ਵਿਚਾਰਧਾਰਕ ਕੰਗਾਲੀ ਹੀ ਬੇਨਕਾਬ ਹੁੰਦੀ ਹੈ। ਜਿਸ ਪਾਰਟੀ 'ਚ ਇਹ ਆਗੂ ਗਏ, ਉਸ ਤੋਂ ਵੀ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ 'ਮੁਸਲਿਮ ਤੁਸ਼ਟੀਕਰਨ' ਦੀ ਰਾਜਨੀਤੀ ਕਰਨ ਵਾਲੇ ਇਹ 'ਭ੍ਰਿਸ਼ਟ' ਕਾਂਗਰਸੀ ਸਿਰਫ਼ ਪਟਕਾ ਬਦਲਣ ਨਾਲ ਹੀ 'ਰਾਸ਼ਟਰਵਾਦੀ' ਬਣ ਗਏ ਜਾਂ ਫਿਰ ਉਸ ਪਾਰਟੀ ਨੇ ਵੀ ਸੱਤਾ ਦੀ ਖ਼ਾਤਰ ਆਪਣੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ? ਜਦੋਂ ਵੀ ਕਿਸੇ ਵੱਡੇ ਆਗੂ ਨੇ ਪਾਰਟੀ ਛੱਡੀ ਤਾਂ ਕਾਂਗਰਸ ਨੇ ਦੱਸਿਆ ਕਿ ਉਸ ਨੂੰ ਕੀ-ਕੀ ਦਿੱਤਾ ਗਿਆ ਸੀ। ਪਰ ਇਹ ਸਵਾਲ ਅਜੇ ਵੀ ਅਣਸੁਲਝਿਆ ਹੈ ਕਿ ਜੋ ਕੁਝ ਉਨ੍ਹਾਂ ਨੂੰ ਦਿੱਤਾ ਗਿਆ, ਕੀ ਉਹ ਉਸ ਦੇ ਹੱਕਦਾਰ ਵੀ ਸਨ ਜਾਂ ਨਹੀਂ? ਇਹ ਸਵਾਲ ਉਦੋਂ ਹੋਰ ਵੀ ਅਹਿਮ ਹੋ ਜਾਂਦੇ ਹਨ, ਜਦੋਂ ਅੰਕੜੇ ਦੱਸਦੇ ਹਨ ਕਿ 2014 ਤੋਂ ਬਾਅਦ ਕਾਂਗਰਸ ਛੱਡਣ ਵਾਲਿਆਂ 'ਚੋਂ ਲਗਭਗ 35 ਫ਼ੀਸਦੀ ਸੰਸਦ ਮੈਂਬਰ ਅਤੇ ਵਿਧਾਇਕ ਸਨ। ਇਨ੍ਹਾਂ 'ਚੋਂ 35 ਫ਼ੀਸਦੀ ਵਿਧਾਇਕ ਭਾਜਪਾ ਵਿੱਚ ਗਏ। ਕਾਂਗਰਸ ਦੇ ਲਗਭਗ 20 ਫ਼ੀਸਦੀ ਚੋਣ ਉਮੀਦਵਾਰਾਂ ਨੇ ਵੀ ਪਾਰਟੀ ਛੱਡ ਦਿੱਤੀ। ਇਹ ਵੀ ਤੱਥ ਹੈ ਕਿ ਕਾਂਗਰਸ ਛੱਡਣ ਵਾਲੇ ਸਾਰੇ ਆਗੂ ਭਾਜਪਾ 'ਚ ਨਹੀਂ ਗਏ। ਮਹਿਲਾ ਕਾਂਗਰਸ ਦੀ ਕੌਮੀ ਪ੍ਰਧਾਨ ਰਹੀ ਸੁਸ਼ਮਿਤਾ ਦੇਵ ਅਤੇ ਫ਼ਿਲਮ ਅਦਾਕਾਰ ਤੋਂ ਸਿਆਸਤਦਾਨ ਬਣੇ ਸ਼ਤਰੂਘਨ ਸਿਨਹਾ ਨੇ ਤ੍ਰਿਣਮੂਲ ਕਾਂਗਰਸ ਨੂੰ ਚੁਣਿਆ। ਸ਼ਤਰੂਘਨ ਅਜੇ ਵੀ ਤ੍ਰਿਣਮੂਲ 'ਚ ਹਨ, ਪਰ ਸੁਸ਼ਮਿਤਾ ਦਾ ਨਵਾਂ ਟਿਕਾਣਾ ਐੱਨ.ਸੀ.ਪੀ.ਆਈ. ਹੈ। ਭਾਜਪਾ 'ਤੇ ਆਪਣੇ ਆਗੂਆਂ ਨੂੰ ਤੋੜਨ ਦੇ ਦੋਸ਼ ਲਾਉਣ ਵਾਲੀ ਕਾਂਗਰਸ ਵੀ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਨਾਲ ਜੋੜਦੀ ਰਹੀ ਹੈ। ਮਹਾਰਾਸ਼ਟਰ ਕਾਂਗਰਸ ਦੇ ਵੱਡੇ ਆਗੂ ਨਾਨਾ ਪਟੋਲੇ ਪਹਿਲਾਂ ਭਾਜਪਾ ਵਿੱਚ ਸਨ। ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਜਗਦੀਸ਼ ਸ਼ੈੱਟਰ, ਜੋ ਬਾਅਦ 'ਚ ਮੁੜ ਭਾਜਪਾ ਵਿੱਚ ਪਰਤ ਗਏ, ਨੂੰ ਵੀ ਕਾਂਗਰਸ ਨੇ ਵਿਧਾਨ ਸਭਾ ਚੋਣ ਲੜਵਾਈ ਸੀ।

ਅਸਲ 'ਚ ਸਿਆਸਤ 'ਚ ਸ

ਚੋਣ ਕਮਿਸ਼ਨ ਦੀ ਭਰੋਸੇਯੋਗਤਾ 'ਤੇ ਉੱਠਦੇ ਸਵਾਲ



ਤਰਲੋਚਨ ਸਿੰਘ ਭੱਟੀ

ਸੰਵਿਧਾਨ ਨੇ ਭਾਰਤ ਨੂੰ ਲੋਕਤੰਤਰੀ ਗਣਰਾਜ ਐਲਾਨਿਆਂ ਹੈ। ਇਸ ਨੂੰ ਚਲਾਉਣ ਤੇ ਮਜ਼ਬੂਤ ਬਨਾਉਣ ਲਈ ਚੋਣ ਕਮਿਸ਼ਨ, ਵੋਟਰ ਸੂਚੀਆਂ ਤੇ ਚੋਣਾਂ ਦੀ ਮੁੱਖ ਭੂਮਿਕਾ ਹੈ। ਇਹ ਤਿੰਨੇ ਮਿਲ ਕੇ ਲੋਕਾਂ ਦੁਆਰਾ, ਲੋਕਾਂ ਲਈ ਤੇ ਲੋਕਾਂ ਦੀ ਸਰਕਾਰ ਦੇ ਸਿਧਾਂਤ ਨੂੰ ਅਮਲੀ ਰੂਪ ਦਿੰਦੇ ਹਨ। ਭਾਰਤ ਦਾ ਚੋਣ ਕਮਿਸ਼ਨ ਇਕ ਸੰਵਿਧਾਨਿਕ ਅਥਾਰਿਟੀ ਹੈ, ਜੋ ਸੰਵਿਧਾਨ ਦੇ ਆਰਟੀਕਲ 324 ਅਧੀਨ ਲੋਕਸਭਾ, ਰਾਜਸਭਾ, ਰਾਜ ਵਿਧਾਨ ਸਭਾਵਾਂ, ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਵੱਲੋਂ ਵੋਟਾਂ ਪਵਾਉਣ, ਨਿਰਦੇਸ਼ਨ ਅਤੇ ਕੰਟਰੋਲ ਲਈ ਜ਼ੁੰਮੇਵਾਰ ਹੈ। ਇਸ ਦੀ ਮੁੱਖ ਭੂਮਿਕਾ ਭਾਰਤ 'ਚ ਆਜ਼ਾਦ, ਨਿਰਪੱਖ, ਪਾਰਦਰਸ਼ੀ ਤੇ ਸ਼ਾਤਮਈ ਵੋਟਾਂ ਨੂੰ ਯਕੀਨੀ ਬਨਾਉਣਾ, ਮਾਡਲ ਕੋਡ ਆਫ਼ ਕੰਡਕਟ ਨੂੰ ਲਾਗੂ ਕਰਨਾ, ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨਾ ਅਤੇ ਵੋਟਾਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਅਤੇ ਵੋਟਰ ਜਾਗਰੂਕਤਾ, ਸਵੀਪ ਪ੍ਰੋਗਰਾਮ (ਯੋਜਨਾਬੱਧ ਵੋਟਰ ਸਿੱਖਿਆ ਤੇ ਚੋਣ ਭਾਗੀਦਾਰੀ) ਰਾਹੀਂ ਵੋਟਰਾਂ ਦੀ ਚੋਣ 'ਚ ਭਾਗੀਦਾਰੀ ਨੂੰ ਵਧਾਉਣਾ ਹੈ। ਚੋਣ ਕਮਿਸ਼ਨ ਦੀ ਸੁਤੰਤਰਤਾ ਤੇ ਨਿਰਪਖਤਾ ਹੀ ਲੋਕਤੰਤਰ 'ਚ ਲੋਕਾਂ ਦਾ ਭਰੋਸਾ ਕਾਇਮ ਰੱਖਦੀ ਹੈ। ਵੋਟਰ ਸੂਚੀਆਂ, ਜਿਸ ਆਧਾਰ 'ਤੇ ਚੋਣ ਕਮਿਸ਼ਨ ਚੋਣਾਂ ਕਰਵਾਉਂਦਾ ਹੈ ਲੋਕਤੰਤਰ ਦੀ ਬੁਨਿਆਦ ਹਨ। ਸੰਵਿਧਾਨ ਦੇ ਅਰਟੀਕਲ 326 ਅਨੁਸਾਰ 21 ਸਾਲ ਅਤੇ 61ਵੀਂ ਸੰਵਿਧਾਨਿਕ ਸੋਧ 1989 ਤੋਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਯੋਗ ਭਾਰਤੀ ਨਾਗਰਿਕ ਵੋਟਰ ਵਜੋਂ ਰਜਿਸਟਰ ਹੋਣ ਦਾ ਹੱਕਦਾਰ ਹੈ। ਲੋਕ ਪ੍ਰਤੀਨਿਧਤਾ ਕਾਨੂੰਨ 1950 ਤੇ 1951 ਅਧੀਨ ਹਰੇਕ ਚੋਣ ਹਲਕੇ ਲਈ ਵੋਟਰ ਸੂਚੀ ਤਿਆਰ ਕੀਤੀ ਜਾਂਦੀ ਹੈ। ਇਹ ਇੱਕ ਨਾਗਰਿਕ-ਇੱਕ ਵੋਟ ਦੇ ਸਿਧਾਂਤ 'ਤੇ ਅਧਾਰਿਤ ਹੈ। ਵੋਟਰ ਸੂਚੀਆਂ ਦੀ ਮਹੱਤਤਾ ਇਸ ਅਸਲੂ 'ਤੇ ਅਧਾਰਿਤ ਹੈ ਕਿ ਹਰ ਯੋਗ ਨਾਗਰਿਕ ਨੂੰ ਵੋਟ ਦਾ ਅਧਿਕਾਰ ਮਿਲੇ ਤੇ ਕੋਈ ਅਯੋਗ ਵਿਅਕਤੀ ਵੋਟ ਨਾ ਪਾ ਸਕੇ। ਗ਼ਲਤ ਜਾਂ ਪੁਰਾਣੀ ਵੋਟਰ ਸੂਚੀਆਂ ਲੋਕਤੰਤਰ ਨੂੰ ਕਮਜ਼ੋਰ ਕਰਦੀਆਂ ਹਨ, ਜਦਕਿ ਸਾਫ਼ ਤੇ ਅਪਡੇਟ ਸੂਚੀਆਂ ਨਿਰਪੱਖ ਚੋਣਾਂ ਦੀ ਗਾਰੰਟੀ ਦਿੰਦੀਆਂ ਹਨ। ਲੋਕਤੰਤਰ ਨੂੰ ਮਜ਼ਬੂਤ ਬਨਾਉਣ 'ਚ ਜਿੱਥੇ ਵੋਟਰ ਸੂਚੀਆਂ ਦੀ ਸ਼ੁੱਧਤਾ ਅਤੇ ਮੁਕੰਮਲਤਾ ਜ਼ਰੂਰੀ ਹੈ, ਉੱਥੇ ਚੋਣਾਂ ਵੀ ਲੋਕਤੰਤਰੀ ਗਣਰਾਜ ਦਾ ਸਭ ਤੋਂ ਮਹੱਤਵਪੂਰਨ ਸਤੰਭ ਹਨ। ਇਹਨਾਂ ਰਾਹੀਂ ਲੋਕ (ਵੋਟਰ) ਆਪਣੇ ਨੁਮਾਉਂਦੇਚੁਣਦੇ ਹਨ, ਸਰਕਾਰ ਬਣਾਉਂਦੇ ਹਨ ਅਤੇ ਹਾਕਮਾਂ ਨੂੰ ਬਤੌਰ ਲੋਕਾਂ ਦੇ ਸੇਵਕ, ਲੋਕਾਂ ਪ੍ਰਤੀ ਜਵਾਬਦੇਹ ਵੀ ਬਣਾਉਂਦੇਹਨ। ਚੋਣਾਂ ਦੇ ਨਤੀਜਿਆਂ ਦੇ ਐਲਾਨ ਦੇ ਬਾਅਦ ਸ਼ਾਂਤੀਪੂਰਨ ਤੌਰ 'ਤੇ ਸੱਤਾ ਤਬਦੀਲੀ ਹੁੰਦੀ ਹੈ। ਲੋਕਾਂ ਦੀ ਇੱਛਾ ਤੇ ਚੋਣ ਸਰਕਾਰ ਦੀ ਨੀਤੀ 'ਚੋਂ ਝਲਕਣੀ ਜ਼ਰੂਰੀ ਹੈ। ਨਿਯਮਤ, ਨਿਰਪੱਖ ਤੇ ਭਾਗੀਦਾਰੀ ਵਾਲੀਆਂ ਚੋਣਾਂ ਲੋਕਤੰਤਰ ਨੂੰ ਜ਼ਿੰਦਾ ਰੱਖਦੀਆਂ ਹਨ। ਘੱਟ ਮਤਦਾਨ ਜਾਂ ਪ੍ਰਭਾਵਿਤ ਚੋਣਾਂ ਇਸ ਨੂੰ ਕਮਜ਼ੋਰ ਬਣਾ ਦਿੰਦੀਆਂ ਹਨ। ਚੋਣ ਕਮਿਸ਼ਨ ਵੱਲੋਂ ਨਿਰਪਖ ਚੋਣਾਂ ਦਾ ਸੰਚਾਲਨ



ਲੋਕਾਂ ਦੇ ਚੋਣ ਕਮਿਸ਼ਨ ਪ੍ਰਤੀ ਭਰੋਸੇ ਨੂੰ ਕਾਇਮ ਰੱਖਦਾ ਹੈ। ਚੋਣਾਂ ਲੋਕਾਂ ਦੀ ਇੱਛਾ ਦਾ ਪ੍ਰਗਟਾਵਾ ਹੁੰਦੀਆਂ ਹਨ, ਜਿਸ ਨਾਲ ਜਵਾਬਦੇਹ ਸਰਕਾਰ ਦੀ ਸਥਾਪਨਾ ਤੇ ਸ਼ਾਤੀਪੂਰਨ ਸੱਤਾ ਤਬਦੀਲੀ ਆਸਾਨ ਬਣ ਜਾਂਦੀ ਹੈ। 'ਮਤਦਾਤਾ ਦਾ ਸਨਮਾਨ, ਬਣਾਵੇ ਭਾਰਤ ਨੂੰ ਮਹਾਨ' ਇਕ ਵੋਟਰ ਜਾਗਰੂਕਤਾ ਨਾਲ ਜੁੜਿਆ ਨਾਹਰਾ ਹੈ, ਜਿਸ ਤੋਂ ਭਾਵ ਹੈ ਕਿ ਵੋਟਰ ਦਾ ਸਨਮਾਨ ਉਸ ਦੀ ਚੋਣਾਂ 'ਚ ਸਰਗਰਮ ਹਿੱਸੇਦਾਰੀ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਦੀ ਸਥਾਪਨਾ 25 ਜਨਵਰੀ 1950 ਨੂੰ ਹੋਈ ਹੈ, ਭਾਵ ਗਣਤੰਤਰ ਦਿਵਸ ਤੋਂ ਇੱਕ ਦਿਨ ਪਹਿਲਾਂ। ਸਾਲ 2011 ਤੋਂ ਇਸ ਦਿਨ ਨੂੰ ਕੌਮੀ ਵੋਟਰ ਦਿਵਸ ਦੇ ਤੌਰ 'ਤੇ ਮਨਾਇਆਂ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਨਵੇਂ ਵੋਟਰਾਂ ਨੂੰ ਵੋਟਰ ਸੂਚੀ 'ਚ ਸ਼ਾਮਲ ਕਰਨਾ, ਉਹਨਾਂ ਨੂੰ ਵੋਟ ਦੇ ਅਧਿਕਾਰ ਬਾਰੇ ਜਾਗਰਕ ਕਰਨਾ ਤੇ ਵੋਟ ਦਾ ਮਹੱਤਵ ਸਮਝਾਉਣਾ ਹੈ। ਚੋਣ ਕਮਿਸ਼ਨ ਵੱਲੋਂ ਆਪਣੇ ਫ਼ਲੈਗਸ਼ਿਪ ਪ੍ਰੋਗਰਾਮ ਸਵੀਪ (ਯੋਜਨਾਬੱਧ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ) ਨਾਲ ਵੋਟਰਾਂ ਨੂੰ ਵੋਟ ਦੇ ਮਹੱਤਵ ਤੇ ਚੋਣ ਪ੍ਰਕਿਰਿਆ 'ਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਹੈ। ਸਾਲ 2009 ਤੋਂ ਇਹ ਪ੍ਰੋਗਰਾਮ ਵੋਟਰ ਸਿੱਖਿਆ, ਜਾਗਰੂਕਤਾ ਅਤੇ ਭਾਗੀਦਾਰੀ ਵਧਾਉਣ ਲਈ ਚੱਲ ਰਿਹਾ ਹੈ। ਇਹ ਨਾਹਰਾ ਇਸ ਗੱਲ ਨੂੰ ਉਜ਼ਾਗਰ ਕਰਦਾ ਹੈ ਕਿ ਲੋਕਤੰਤਰ 'ਚ ਅਸਲ ਤਾਕਤ ਸੰਸਦ ਜਾਂ ਨੇਤਾਵਾਂ 'ਚ ਨਹੀਂ ਸਗੋਂ ਆਮ ਵੋਟਰਾਂ ਵੱਲੋਂ ਆਪਣੀ ਵੋਟ ਪ੍ਰਤੀ ਜ਼ਿੰਮੇਵਾਰੀ ਨੂੰ ਨਿਭਾਉਣ 'ਚ ਹੈ। ਹਰ ਵੋਟ ਦੇਸ਼ ਦੇ ਭੱਵਿਖ ਨੂੰ ਆਕਾਰ ਦਿੰਦੀ ਹੈ ਸਵੀਪ ਨੇ ਵੋਟਰ ਰਜਿਸਟ੍ਰੇਸ਼ਨ ਅਤੇ ਵੋਟ ਫ਼ੀਸਦ ਵਧਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਚੋਣ ਕਮਿਸ਼ਨ ਵੱਲੋਂ 1950 ਤੋਂ 2024 ਤੱਕ ਭਾਰਤ 'ਚ ਕੁੱਲ ਵੋਟਾਂ ਦੀ ਗਿਣਤੀ ਤੇ ਚੋਣਾਂ 'ਚ ਆਪਣੇ ਮਤਅਧਿਕਾਰ ਦੇ ਵਰਤੋਂ ਕਰਨ ਵਾਲੇ ਵੋਟਰਾਂ ਦੀ ਗਿਣਤੀ ਸਾਂਝੀ ਕੀਤੀ ਹੈ। ਜ਼ਾਰੀ ਅੰਕੜਿਆਂ ਅਨੁਸਾਰ ਭਾਰਤ 'ਚ ਸਾਲ 1951-52 'ਚ ਲੋਕਸਭਾ ਦੀ ਪਹਿਲੀ ਚੋਣ ਹੋਈ। ਜਿਸ 'ਚ 17 ਕਰੋੜ 32 ਲੱਖ ਵੋਟਰ ਸਨ, ਜਿਨ੍ਹਾਂ 'ਚੋਂ 46 ਫ਼ੀਸਦ ਵੋਟਰਾਂ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ। ਲੋਕਸਭਾ ਦੀ ਦੂਸਰੀ ਤੋਂ 14ਵੀਂ ਲੋਕਸਭਾ ਦੀਆਂ ਚੋਣਾਂ 'ਚ ਵੋਟਰਾਂ ਦੀ ਭਾਗੀਦਾਰੀ 48 ਫ਼ੀਸਦੀ ਤੋਂ 64 ਫ਼ੀਸਦੀ ਵਿਚਾਲੇ ਰਹੀ। ਪੰਦਰਵੀ ਲੋਕਸਭਾ (2009), ਸੋਲਵੀਂ (2014), ਸਤਾਰਵੀਂ (2019) ਅਤੇ ਅਠਾਰਵੀਂ (2024) 'ਚ ਵੋਟਰਾਂ ਦੀ ਭਾਗੀਦਾਰੀ 58 ਫ਼ੀਸਦ ਤੋਂ 67 ਫ਼ੀਸਦ ਵਿਚਾਲੇ ਰਹੀ ਹੈ। 18ਵੀਂ ਲੋਕਸਭਾ ਚੋਣਾਂ ਕੁੱਲ ਵੋਟਰ 97 ਕਰੋੜ 97 ਲੱਖ ਸਨ, ਜਿਨ੍ਹਾਂ 'ਚੋਂ 66 ਫ਼ੀਸਦ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ, ਜਦਕਿ 17ਵੀਂ ਲੋਕਸਭਾ (2014) 'ਚ ਵੋਟਰਾਂ ਦੀ ਹਿੱਸੇਦਾਰੀ 67.40 ਫ਼ੀਸਦ ਰਹੀ, ਜੋ ਹੁਣ ਤੱਕ ਲੋਕਸਭਾ ਦੀਆਂ ਹੋਈਆਂ ਚੋਣਾਂ 'ਚ ਸਭ ਤੋਂ ਵੱਧ ਹੈ। ਯਕੀਨਨ ਹੀ ਚੋਣ ਕਮਿਸ਼ਨ, ਵੋਟਰ ਸੂਚੀਆਂ ਤੇ ਚੋਣਾਂ ਤਿੰਨੇ ਮਿਲ ਕੇ ਦੁਨੀਆਂ ਦੇ ਸਭ ਤੋਂ ਵੱਡੇ ਅਤੇ ਜੀਵੰਤ ਲੋਕਤੰਤਰ ਬਣਾਉਂਦੇਹਨ। ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ ਕਿ ਉਹ ਵੋਟਰ ਸੂਚੀ 'ਚ ਸ਼ਾਮਲ ਹੋਵੇ, ਸੂਚਿਤ ਅਤੇ ਨੈਤਿਕ ਵੋਟ ਪਾਵੇ। ਭਾਰਤ 'ਚ ਚੋਣਾਂ ਦੀ ਪ੍ਰਕਿਰਿਆ ਬਹੁਤ ਹੀ ਯੋਜਨਾਬੰਦ, ਕੰਟਰੋਲ ਅਤੇ ਬਹੁ-ਪੜਾਵਾਂ ਵਾਲੀ ਹੈ, ਜਿਸਨੂੰ ਮੁੱਖ ਤੌਰ 'ਤੇ ਲੋਕ ਪ੍ਰਤੀਨਿਧਤਾ ਕਾਨੂੰਨ 1951 ਅਨੁਸਾਰ ਚਲਾਇਆ ਜਾਂਦਾ ਹੈ। ਲੋਕਸਭਾ ਅਤੇ ਰਾਜਾਂ ਦੀਆਂ ਵਿਧਾਨਸਭਾਵਾਂ ਦੀਆਂ ਚੋਣਾਂ ਦੀ ਪ੍ਰਕਿਰਿਆ ਲਗਭਗ ਇੱਕੋ ਜਿਹੀ ਹੈ। ਚੋਣਾਂ 'ਚ ਲੋਣ ਕਮਿਸ਼ਨ ਵੱਲੋਂ ਮਾਡਲ ਕੋਡ ਆਫ਼ ਕੰਡਕਟ/ਆਦਰਸ਼ ਮਾਰਗਦਰਸ਼ਕ ਨਿਯਮਾਵਲੀ ਜਾਰੀ ਕੀਤੀ ਜਾਂਦੀ ਹੈ। ਵੋਟਰਾਂ ਦੇ ਵਿਸ਼ਵਾਸ ਤੇ ਸਨਮਾਨ ਨਾਲ ਸਬੰਧਿਤ ਰਾਸ਼ਟਰੀ ਪਾਰਟੀਆਂ ਤੇ ਚੋਣ ਉਮੀਦਵਾਰਾਂ ਵੱਲੋਂ ਜਾਰੀ ਚੋਣ ਐਲਾਨ ਪੱਤਰ ਇੱਕ ਰਸਮੀ ਦਸਤਾਵੇਜ਼ ਹੁੰਦਾ ਹੈ ਜਿਸ 'ਚ ਰਾਜਨੀਤਿਕ ਪਾਰਟੀਆਂ ਚੋਣਾਂ ਤੋਂ ਪਹਿਲਾਂ ਆਪਣੀਆਂ ਨੀਤੀਆਂ, ਵਾਅਦਿਆਂ ਤੇ ਯੋਜਨਾਵਾਂ ਬਾਰੇ ਵੋਟਰਾਂ ਨੂੰ ਦੱਸਦੇ ਹਨ। ਇਹ ਰਾਜਸੀ ਪਾਰਟੀਆਂ ਦਾ ਵੋਟਰਾਂ ਨਾਲ ਕੀਤਾ ਲਿਖਤੀ ਵਾਅਦਾ ਮੰਨਿਆ ਜਾਂਦਾ ਹੈ, ਜੋ ਚੋਣ ਉਮੀਦਵਾਰਾਂ ਅਤੇ ਰਾਸ਼ਟਰੀ ਪਾਰਟੀਆਂ ਦੀ ਜਵਾਬਦੇਹੀ ਤਹਿ ਕਰ ਸਕਦਾ ਹੈ। ਵੋਟਰਾਂ ਦਾ ਸਨਮਾਨ ਚੋਣ ਕਮਿਸ਼ਨ ਦੀ ਨਿਯੁਕਤੀ ਦੀ ਪ੍ਰਕਿਰਿਆ, ਵੋਟਰ ਸੂਚੀਆਂ ਦੀ ਤਿਆਰੀ ਅਤੇ ਵਰਤੇ ਗਏ ਗ਼ੈਰ-ਕਾਨੂੰਨੀ ਤੌਰ-ਤਰੀਕੇ ਨੂੰ ਪੱਖਪਾਤੀ ਢੰਗ ਨਾਲ ਲਾਗੂ ਕਰਨਾ ਚੋਣਾਂ 'ਚ ਵਰਤੀਆਂ ਜਾਂਦੀਆਂ ਈ.ਵੀ.ਐੱਮ. ਦੀ ਵਰਤੋਂ 'ਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਦੀ ਘਾਟ ਐਸੇ ਮੁੱਦੇ ਹਨ ਜਿਨ੍ਹਾਂ ਉਤੇ ਚੋਣ ਕਮਿਸ਼ਨ ਦੀ ਲੋਕਾਂ ਪ੍ਰਤੀ ਜਵਾਬਦੇਹੀ ਅਤੇ ਭਰੋਸੇ ਯੋਗਤਾ ਟਿਕਦੀ ਹੈ। ਪਿਛਲੇ ਕਾਫ਼ੀ ਅਰਸੇ ਤੋਂ ਚੋਣ ਕਮਿਸ਼ਨ ਦੀ ਕਾਰਗੁਜਾਰੀ ਬੇ-ਵਿਸ਼ਵਾਸੀ ਦੇ ਘੇਰੇ 'ਚ ਰਹੀ ਹੈ ਪਰ ਮੌਜੂਦਾ ਚੋਣ ਕਮਿਸ਼ਨ ਨੇ ਆਪਣੀ ਪੱਖਪਾਤੀ ਕਾਰਗੁਜ਼ਾਰੀ, ਵੋਟਰ ਸੂਚੀਆਂ 'ਚ ਹੇਰਾਫੇਰੀ ਨੂੰ ਪਖਪਾਤੀ ਢੰਗ ਨਾਲ ਲਾਗੂ ਕਰਨਾ ਆਦਿ ਮੁਦਿਆਂ ਨੇ ਲੋਕਾਂ 'ਚ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਗੁਆ ਦਿੱਤੀ ਹੈ। ਨੌਜਵਾਨ ਵਰਗ, ਵਕੀਲ ਭਾਈਚਾਰਾਂ ਤੇ ਵਿਰੋਧੀ ਸਿਆਸੀ ਪਾਰਟੀਆਂ ਮੌਜੂਦਾ ਚੋਣ ਕਮਿਸ਼ਨ ਦੀ ਨਿਯੁਕਤੀ ਦੀ ਪ੍ਰਕਿਰਿਆ ਅਤੇ ਪੱਖਪਾਤੀ ਕਾਰਗੁਜਾਰੀ ਦਾ ਵਿਰੋਧ ਕਰ ਰਹੀਆਂ ਹਨ। ਚੋਣ ਕਮਿਸ਼ਨ ਵਿੱਰੁਧ ਸਮੂਚੇ ਭਾਰਤ 'ਚ ਵਿਰੋਧ-ਪ੍ਰਦਰਸ਼ਨ ਹੋ ਰਹੇ ਹਨ। ਉੱਚ ਅਦਾਲਤਾਂ ਤੇ ਭਾਰਤ ਦੀ ਸੁਪਰੀਮ ਕੋਰਟ 'ਚ ਚੋਣ ਕਮਿਸ਼ਨ ਵਿੱਰੁਧ ਪਟੀਸ਼ਨਾਂ ਵੀ ਚੱਲ ਰਹੀਆਂ ਹਨ। ਲੋਕਾਂ ਦਾ ਕਹਿਣਾ ਹੈ ਕਿ ਮੌਜੂਦਾ ਚੋਣ ਕਮਿਸ਼ਨ ਕੇਂਦਰ ਦੀ ਹਾਕਮ ਧਿਰ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਭਾਰਤ 'ਚ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਨੂੰ ਬਹਾਲ ਕਰਨ ਅਤੇ ਚੋਣ ਸੁਧਾਰਾਂ ਨੂੰ ਲਾਗੂ ਕਰਨ ਦੀ ਬੇਹੱਦ ਲੋੜ ਹੈ, ਜਿਸ ਨਾਲ ਵੋਟਰਾਂ ਦਾ ਸਨਮਾਨ ਵਧੇਗਾ ਅਤੇ ਭਾਰਤ ਦਾ ਲੋਕਤੰਤਰ ਮਜਬੂਤ ਹੋਵੇਗਾ।

(ਲੇਖਕ ਸਾਬਕਾ ਪੀ.ਸੀ.ਐੱਸ. ਅਧਿਕਾਰੀ ਹਨ।

ਮੋਦੀ ਸਰਕਾਰ ਵੱਲੋਂ ਸ਼ਾਂਤੀ ਦੇ ਨਾਂਅ ਹੇਠ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕਿਉਂ ?



ਪ੍ਰੋ .ਅਪੂਰਵਾਨੰਦ
ਦਿੱਲੀ ਯੂਨੀਵਰਸਿਟੀ

ਬੀਤੇ ਦਿਨੀਂ ਆਇਸਾ ਦੀ ਪ੍ਰਧਾਨ ਨੇਹਾ ਬੋਰਾ ਨੇ ਦਿੱਲੀ ਪੁਲਿਸ ਦਾ 'ਪੀਸ ਬਾਂਡ' ਭਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਫ਼ੈਸਲੇ ਨਾਲ ਲੋਕਤੰਤਰ, ਬੋਲਣ ਦੀ ਆਜ਼ਾਦੀ ਅਤੇ ਅਸਹਿਮਤੀ ਜਤਾਉਣ ਦੇ ਹੱਕ 'ਤੇ ਵੱਡੇ ਸਵਾਲ ਖੜ੍ਹੇ ਹੋਏ ਹਨ। ਨੇਹਾ ਨੇ ਇਸ ਸ਼ਾਂਤੀ ਬਾਂਡ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰਕੇ ਦੇਸ਼ ਦੇ ਲੋਕਾਂ 'ਤੇ ਵੱਡਾ ਉਪਕਾਰ ਕੀਤਾ ਹੈ। ਉਨ੍ਹਾਂ ਦੀ ਇਸ ਨਾਂਹ ਤੋਂ ਬਾਅਦ ਇਹ ਬਹਿਸ ਛਿੜ ਗਈ ਹੈ ਕਿ ਅਸਲ ਵਿੱਚ ਸ਼ਾਂਤੀ ਕਿਸ ਨੂੰ ਆਖਦੇ ਹਨ ਅਤੇ ਅਸਲ ਲੋਕਤੰਤਰ ਕੀ ਹੁੰਦਾ ਹੈ।

ਪੁਲਿਸ ਅਤੇ ਸਰਕਾਰ ਦੀ ਸ਼ਾਂਤੀ ਦੀ ਪਰਿਭਾਸ਼ਾ ਕੀ ਆਮ ਲੋਕਾਂ ਦੇ ਭਲੇ ਲਈ ਹੈ, ਜਾਂ ਸਰਕਾਰ ਸਿਰਫ਼ ਆਪਣੇ ਲਈ ਚੈਨ ਚਾਹੁੰਦੀ ਹੈ ? ਜਦੋਂ ਜਨਤਾ ਦਾ ਸੁੱਖ-ਚੈਨ ਖੁੱਸ ਜਾਵੇ ਅਤੇ ਨੀਂਦ ਉੱਡ ਜਾਵੇ, ਤਾਂ ਉਹ ਕੀ ਕਰੇ ? ਜਦੋਂ ਲੋਕਾਂ ਦੀ ਫ਼ਰਿਆਦ ਨਾ ਸੁਣੀ ਜਾਵੇ, ਤਾਂ ਕੀ ਉਹ ਰੋਸ ਵੀ ਜ਼ਾਹਿਰ ਨਾ ਕਰਨ ? ਕੀ ਉਹ ਇਹ ਵੀ ਨਾ ਕਹਿਣ ਕਿ ਉਹ ਸਰਕਾਰ ਦੀਆਂ ਨੀਤੀਆਂ ਅਤੇ ਫ਼ੈਸਲਿਆਂ ਕਾਰਨ ਬੇਚੈਨ ਹਨ ? ਸਰਕਾਰ ਜਾਣਦੀ ਹੈ ਕਿ ਜਨਤਾ ਦੁਖੀ ਕਿਉਂ ਹੈ। ਪਰ ਉਹ ਨਹੀਂ ਚਾਹੁੰਦੀ ਕਿ ਇਹ ਗੱਲ ਦੁਨੀਆ ਸਾਹਮਣੇ ਆਵੇ। ਸਰਕਾਰ ਆਪਣੇ ਕੰਮ ਵਿੱਚ ਕੋਈ ਰੁਕਾਵਟ ਨਹੀਂ ਚਾਹੁੰਦੀ।

ਕੀ ਸਰਕਾਰ ਦੇ ਸੁੱਖ ਲਈ ਜਨਤਾ ਆਪਣੇ ਬੁੱਲ੍ਹ ਸੀਅ ਲਵੇ ? ਕੀ ਲੋਕ ਆਪਣੇ ਅਧਿਕਾਰਾਂ ਦੀ ਮੰਗ ਨਾ ਕਰਨ ? ਕੀ ਲੋਕ ਇਸ ਲਈ ਆਵਾਜ਼ ਨਾ ਉਠਾਉਣ ,ਕਿਉਂਕਿ ਇਸ ਨਾਲ ਸਰਕਾਰ ਦੇ ਕੰਮ ਵਿੱਚ ਅੜਿੱਕਾ ਪੈਂਦਾ ਹੈ?

ਨੇਹਾ ਬੋਰਾ ਨੇ ਇਹ ਬੁਨਿਆਦੀ ਸਵਾਲ ਉਠਾਇਆ ਹੈ ਕਿ ਲੋਕਤੰਤਰ ਵਿੱਚ ਕਿਸ ਦੀ ਸ਼ਾਂਤੀ ਦਾ ਮੁੱਲ ਜ਼ਿਆਦਾ ਹੈ। ਜੇਕਰ ਜਨਤਾ ਅਸ਼ਾਂਤ ਹੈ, ਤਾਂ ਸਰਕਾਰ ਚੈਨ ਨਾਲ ਕਿਉਂ ਰਹੇ ? ਸਰਕਾਰ ਸੋਚਦੀ ਹੈ ਕਿ ਲੋਕਾਂ ਨੇ ਉਸਨੂੰ ਪੰਜ ਸਾਲਾਂ ਲਈ ਚੁਣ ਲਿਆ ਹੈ, ਇਸ ਲਈ ਉਹ ਚੁੱਪ ਰਹਿਣ। ਸਰਕਾਰ ਮੁਤਾਬਕ ਲੋਕਾਂ ਨੂੰ ਸਿਰਫ਼ ਵੋਟ ਪਾਉਣ ਵੇਲੇ ਬੋਲਣ ਦਾ ਹੱਕ ਹੈ ਪਰ ਵੋਟ ਪਾਉਣ ਦਾ ਮਤਲਬ ਇਹ ਨਹੀਂ ਕਿ ਜਨਤਾ ਬਿਲਕੁਲ ਨਾ ਬੋਲੇ। ਲੋਕਤੰਤਰ ਅਜਿਹਾ ਨਹੀਂ ਹੁੰਦਾ। ਲੋਕਤੰਤਰ ਲੋਕਾਂ ਦੀ ਜਾਗਰੂਕਤਾ ਨਾਲ ਜ਼ਿੰਦਾ ਰਹਿੰਦਾ ਹੈ। ਚੁਣੀ ਹੋਈ ਸਰਕਾਰ ਦੇ ਕੰਮਾਂ 'ਤੇ ਨਜ਼ਰ ਰੱਖਣਾ, ਉਸਨੂੰ ਪਰਖਣਾ, ਗ਼ਲਤ ਗੱਲ 'ਤੇ ਸਵਾਲ ਚੁੱਕਣਾ ਅਤੇ ਵਿਰੋਧ ਪ੍ਰਗਟਾਉਣਾ ਲੋਕਾਂ ਦਾ ਫ਼ਰਜ਼ ਹੈ। ਇਸ ਤਰ੍ਹਾਂ ਹੀ ਲੋਕਤੰਤਰ ਨੂੰ



ਤਾਨਾਸ਼ਾਹੀ ਬਣਨ ਤੋਂ ਰੋਕਿਆ ਜਾ ਸਕਦਾ ਹੈ।'ਪੀਸ ਬਾਂਡ' ਰਾਹੀਂ ਸਰਕਾਰ ਲੋਕਾਂ ਦਾ ਮੂੰਹ ਬੰਦ ਕਰਨਾ ਚਾਹੁੰਦੀ ਹੈ। ਸਰਕਾਰ ਚੋਣਾਂ ਤੋਂ ਬਾਅਦ ਜਨਤਾ ਦੇ ਹੱਥ-ਪੈਰ ਅਤੇ ਆਵਾਜ਼ ਬੰਨ੍ਹਣਾ ਚਾਹੁੰਦੀ ਹੈ। ਸਰਕਾਰ ਕੋਲ ਪੁਲਿਸ, ਡੰਡਿਆਂ ਅਤੇ ਗੋਲੀਆਂ ਦੀ ਤਾਕਤ ਹੈ। ਆਮ ਜਨਤਾ ਕੋਲ ਸਿਰਫ਼ ਉਸਦੀ ਆਵਾਜ਼ ਹੈ। ਇਸ ਆਵਾਜ਼ ਵਿੱਚ ਸਰਕਾਰ ਨੂੰ ਹਿਲਾਉਣ ਦੀ ਪੂਰੀ ਸਮਰੱਥਾ ਹੁੰਦੀ ਹੈ। ਇਸੇ ਲਈ ਸਰਕਾਰ ਲੋਕਾਂ ਤੋਂ ਚੁੱਪ ਰਹਿਣ ਦਾ ਵਾਅਦਾ ਮੰਗਦੀ ਹੈ। ਨੇਹਾ ਨੇ ਇਸ ਸ਼ਰਤ ਨੂੰ ਮੰਨਣ ਤੋਂ ਇਨਕਾਰ ਕਰ ਦਿੱ

ਸਿਆਸੀ ਦਬਾਅ ਹੇਠ ਪੁਲਿਸ ਪ੍ਰਸ਼ਾਸਨ, ਆਮ ਸ਼ਹਿਰੀਆਂ ਦੀ ਸੁਰੱਖਿਆ ਸੰਕਟ 'ਚ

ਗੁਰਬਿੰਦਰ ਸਿੰਘ

ਸਮੇਂ-ਸਮੇਂ 'ਤੇ ਸਰਕਾਰ ਵੱਲੋਂ ਜਿਹੜੇ ਨਿਯਮ-ਕਾਨੂੰਨ ਬਣਾਏ ਜਾਂਦੇ ਹਨ, ਉਨ੍ਹਾਂ ਦੀ ਕੋਈ ਜਾਣੇ-ਅਣਜਾਣੇ ਵਿੱਚ ਉਲੰਘਣਾ ਨਾ ਕਰੇ, ਇਨ੍ਹਾਂ ਨੂੰ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਅਕਸਰ ਪੁਲਿਸ ਹੀ ਨਿਭਾਉਂਦੀ ਹੈ। ਜਦੋਂ ਵੀ ਕਿਸੇ ਵੱਲੋਂ ਕੋਈ ਕਾਨੂੰਨ ਭੰਗ ਕੀਤਾ ਜਾਂਦਾ ਹੈ ਜਾਂ ਕਿਸੇ ਦੂਜੇ ਨਾਗਰਿਕ ਦੇ ਅਧਿਕਾਰ-ਖੇਤਰ ਵਿੱਚ ਦਖ਼ਲ-ਅੰਦਾਜ਼ੀ ਹੁੰਦੀ ਹੈ, ਤਾਂ ਪੁਲਿਸ ਪ੍ਰਸ਼ਾਸਨ ਹਰਕਤ ਵਿੱਚ ਆ ਕੇ ਉਸ ਨੂੰ ਰੋਕਣ ਦਾ ਯਤਨ ਕਰਦਾ ਹੈ। ਪੁਲਿਸ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਦੀ ਹੈ ਤਾਂ ਜੋ ਦੋਸ਼ੀ ਵਿਅਕਤੀ ਨੂੰ ਸਜ਼ਾ ਮਿਲ ਸਕੇ ਅਤੇ ਹੋਰ ਲੋਕ ਵੀ ਇਸ ਤੋਂ ਸਬਕ ਲੈ ਕੇ ਕਾਨੂੰਨ ਦੀ ਪਾਲਣਾ ਕਰਨ। ਜੁਰਮ ਰੋਕਣ, ਸਰਕਾਰੀ ਹਦਾਇਤਾਂ ਦੀ ਪਾਲਣਾ ਕਰਵਾਉਣ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਪੁਲਿਸ ਪ੍ਰਸ਼ਾਸਨ ਨੂੰ ਹਮੇਸ਼ਾ ਪੱਬਾਂ-ਭਾਰ ਰਹਿਣਾ ਪੈਂਦਾ ਹੈ। ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਅਤੇ ਲੋੜਾਂ ਅਨੁਸਾਰ ਪੁਲਿਸ ਦੀ ਭੂਮਿਕਾ ਵਿੱਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜਿਸ ਵੀ ਸਿਆਸੀ ਪਾਰਟੀ ਦੀ ਸਰਕਾਰ ਹੁੰਦੀ ਹੈ, ਪੁਲਿਸ ਮੁੱਖ ਤੌਰ 'ਤੇ ਉਸੇ ਦੇ ਪ੍ਰਭਾਵ ਹੇਠ ਕੰਮ ਕਰਦੀ ਹੈ। ਅਕਸਰ ਥਾਣਿਆਂ ਵਿੱਚ ਹਾਕਮ ਧਿਰ ਦੇ ਛੋਟੇ-ਵੱਡੇ ਆਗੂ ਲੋਕਾਂ ਦੇ ਫ਼ੈਸਲੇ ਕਰਵਾਉਣ ਲਈ ਵਿਚੋਲਿਆਂ ਦੀ ਭੂਮਿਕਾ ਨਿਭਾਉਂਦੇ ਦੇਖੇ ਜਾ ਸਕਦੇ ਹਨ।

ਪੁਲਿਸ ਦੇ ਕੰਮ-ਕਾਜ ਦੇ ਢੰਗ ਅਤੇ ਵਤੀਰੇ ਬਾਰੇ ਚਰਚਾ ਹਮੇਸ਼ਾ ਹੁੰਦੀ ਰਹਿੰਦੀ ਹੈ। ਸਭ ਤੋਂ ਗੰਭੀਰ ਗੱਲ ਇਹ ਹੈ ਕਿ ਜਿਨ੍ਹਾਂ ਸਿਰ ਕਾਨੂੰਨ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਹੁੰਦੀ ਹੈ, ਉਹ ਕਈ ਵਾਰ ਖ਼ੁਦ ਨੂੰ ਕਾਨੂੰਨ ਤੋਂ ਉੱਪਰ ਸਮਝਣ ਦੀ ਹੰਕਾਰੀ ਮਾਨਸਿਕਤਾ ਦੇ ਸ਼ਿਕਾਰ ਹੋ ਜਾਂਦੇ ਹਨ। ਕਾਨੂੰਨੀ ਮਾਹਿਰ, ਜੱਜ ਸਾਹਿਬਾਨ, ਬੁੱਧੀਜੀਵੀ ਅਤੇ ਸਮਾਜ ਵਿਗਿਆਨੀ ਸਮੇਂ-ਸਮੇਂ 'ਤੇ ਪੁਲਿਸ ਦੇ ਅਪਮਾਨਜਨਕ ਵਤੀਰੇ ਅਤੇ ਕਾਰਜਸ਼ੈਲੀ ਉੱਤੇ ਸਵਾਲ ਚੁੱਕਦੇ ਰਹੇ ਹਨ, ਪ੍ਰੰਤੂ ਜ਼ਮੀਨੀ ਪੱਧਰ 'ਤੇ ਕੋਈ ਵੱਡਾ ਸੁਧਾਰ ਦੇਖਣ ਨੂੰ ਨਹੀਂ ਮਿਲਿਆ। ਆਜ਼ਾਦੀ ਮਗਰੋਂ ਪੁਲਿਸ ਸੁਧਾਰਾਂ ਲਈ ਕਈ ਕਮਿਸ਼ਨ ਬਣਾਏ ਗਏ, ਪਰ ਨਤੀਜਾ 'ਪਰਨਾਲਾ ਉੱਥੇ ਦਾ ਉੱਥੇ' ਹੀ ਰਿਹਾ।ਸਰਵਉੱਚ ਅਦਾਲਤ ਦੇ ਸਾਬਕਾ ਚੀਫ਼ ਜਸਟਿਸ ਐੱਨ.ਵੀ. ਰਾਮੰਨਾ ਨੇ ਕੌਮੀ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਇੱਕ ਸਮਾਗਮ ਵਿੱਚ ਪੁਲਿਸ ਦੇ ਵਤੀਰੇ 'ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਸੀ ਕਿ ਪੁਲਿਸ ਥਾਣਿਆਂ ਵਿੱਚ ਨਾ ਤਾਂ ਮਨੁੱਖੀ ਹੱਕ ਸੁਰੱਖਿਅਤ ਹਨ ਅਤੇ ਨਾ ਹੀ ਨਾਗਰਿਕਾਂ ਦੀ ਸਰੀਰਕ ਸੁਰੱਖਿਆ; ਸਗੋਂ ਇਨ੍ਹਾਂ ਦੋਹਾਂ ਨੂੰ ਥਾਣਿਆਂ ਵਿੱਚ ਹੀ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। ਉਨ੍ਹਾਂ ਇਹ ਵੀ ਉਚਾਰਿਆ ਸੀ ਕਿ ਸੰਵਿਧਾਨਕ ਗਾਰੰਟੀਆਂ ਦੇ ਬਾਵਜੂਦ ਹਿਰਾਸਤੀ ਤਸ਼ੱਦਦ ਅਤੇ 'ਥਰਡ-ਡਿਗਰੀ' ਤਰੀਕੇ ਅਜੇ ਵੀ ਅਪਣਾਏ ਜਾ ਰਹੇ ਹਨ।ਜ਼ਮੀਨੀ ਸੱਚਾਈ ਇਹ ਹੈ ਕਿ ਪੁਲਿਸ ਅਕਸਰ ਅਧਿਕਾਰਾਂ ਦੀ ਹੱਦ ਟੱਪ ਕੇ ਲੋਕਾਂ ਨਾਲ ਪੇਸ਼ ਆਉਂਦੀ ਹੈ। ਖਾੜਕੂਵਾਦ ਦੇ ਦੌਰ ਵਿੱਚ ਪੰਜਾਬ ਅੰਦਰ ਪੁਲਿਸ ਵੱਲੋਂ ਕੀਤੇ ਗਏ



ਵਧੀਕੀਆਂ ਦੇ ਕਾਰੇ ਬੇਹੱਦ ਦਰਦਨਾਕ ਸਨ। ਹਾਲਾਂਕਿ ਕਈ ਪੁਲਿਸ ਅਧਿਕਾਰੀਆਂ ਨੂੰ ਕਾਨੂੰਨੀ ਸਜ਼ਾਵਾਂ ਵੀ ਹੋਈਆਂ ਅਤੇ ਕੁਝ ਅਜੇ ਵੀ ਅਦਾਲਤੀ ਕਾਰਵਾਈਆਂ ਦਾ ਸਾਹਮਣਾ ਕਰ ਰਹੇ ਹਨ, ਪਰ ਵਿਭਾਗ ਨੇ ਇਨ੍ਹਾਂ ਘਟਨਾਵਾਂ ਤੋਂ ਲੋੜੀਂਦਾ ਸਬਕ ਨਹੀਂ ਸਿੱਖਿਆ। ਤਫ਼ਤੀਸ਼ ਦੇ ਨਾਂ 'ਤੇ ਗ਼ੈਰ-ਮਨੁੱਖੀ ਵਤੀਰਾ, ਸੜਕਾਂ 'ਤੇ ਆਮ ਰੇਹੜੀ ਜਾਂ ਰਿਕਸ਼ੇ ਵਾਲਿਆਂ ਨਾਲ ਬਦਸਲੂਕੀ, ਧੌਂਸ ਜਮਾਉਣੀ ਅਤੇ ਆਮ ਸ਼ਹਿਰੀਆਂ ਨਾਲ ਦੁਰਵਿਵਹਾਰ ਕਰਨਾ ਅੱਜ ਵੀ ਆਮ ਦੇਖਣ ਨੂੰ ਮਿਲਦਾ ਹੈ।ਸਰਕਾਰਾਂ ਅਕਸਰ ਪੁਲਿਸ ਨੂੰ ਆਪਣੇ ਹਿੱਤਾਂ ਅਨੁਸਾਰ ਚਲਾਉਣਾ ਚਾਹੁੰਦੀਆਂ ਹਨ ਅਤੇ ਗ਼ਲਤ ਕਾਰਵਾਈਆਂ ਵੇਲੇ ਅਧਿਕਾਰੀਆਂ ਨੂੰ ਬਚਾਉਣ ਦਾ ਰੁਝਾਨ ਵੀ ਦੇਖਣ ਨੂੰ ਮਿਲਦਾ ਹੈ। ਹਾਲਾਂਕਿ ਪਿਛਲੇ ਸਾਲਾਂ ਦੌਰਾਨ ਪੜ੍ਹੇ-ਲਿਖੇ ਨੌਜਵਾਨਾਂ ਦੇ ਆਉਣ ਨਾਲ ਕਈ ਇਮਾਨਦਾਰ ਅਫ਼ਸਰਾਂ ਨੇ ਵਧੀਆ ਮਿਸਾਲਾਂ ਵੀ ਕਾਇਮ ਕੀਤੀਆਂ ਹਨ, ਪਰ ਭ੍ਰਿਸ਼ਟਾਚਾਰ ਅਤੇ ਹੋਰ ਗ਼ੈਰ-ਸਮਾਜੀ ਗਤੀਵਿਧੀਆਂ ਕਾਰਨ ਪੁਲਿਸ ਦਾ ਸਮੁੱਚਾ ਅਕਸ ਲੋਕਾਂ ਦੇ ਮਨਾਂ ਵਿੱਚ ਡਰਾਉਣਾ ਹੀ ਬਣਿਆ ਹੋਇਆ ਹੈ। ਆਮ ਵਿਅਕਤੀ ਅੱਜ ਵੀ ਥਾਣੇ ਜਾਣ ਤੋਂ ਕੰਨੀ ਕਤਰਾਉਂਦਾ ਹੈ।

ਇਸ ਦੇ ਨਾਲ ਹੀ ਇਹ ਵੀ ਸੱਚ ਹੈ ਕਿ ਪੁਲਿਸ ਕਰਮਚਾਰੀ ਬੇਹੱਦ ਮੁਸ਼ਕਲ ਹਾਲਾਤ ਵਿੱਚ ਕੰਮ ਕਰਦੇ ਹਨ। ਨਾ ਕੋਈ ਨਿਸ਼ਚਿਤ ਡਿਊਟੀ ਸਮਾਂ, ਨਾ ਪੂਰਾ ਆਰਾਮ, ਅਤੇ ਨਿਰੰਤਰ ਤਣਾਅ ਉਨ੍ਹਾਂ ਦੇ ਮਾਨਸਿਕ ਸੰਤੁਲਨ ਅਤੇ ਵਿਵਹਾਰ 'ਤੇ ਅਸਰ ਪਾਉਂਦਾ ਹੈ। ਦੂਜੇ ਪਾਸੇ, ਥਾਣਾ ਮੁਖੀਆਂ ਦੀ ਨਿਯੁਕਤੀ ਅਤੇ ਬਦਲੀਆਂ ਵਿੱਚ ਸਿਆਸੀ ਦਖ਼ਲਅੰਦਾਜ਼ੀ ਕਾਰਨ ਪੁਲਿਸ ਸੁਤੰਤਰ ਤੌਰ 'ਤੇ ਕੰਮ ਕਰਨ ਤੋਂ ਅਸਮਰੱਥ ਹੋ ਜਾਂਦੀ ਹੈ।ਪੁਲਿਸ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਜਾਂ ਲੋਕ-ਪੱਖੀ ਆਵਾਜ਼ਾਂ ਨੂੰ ਦਬਾਉਣ ਲਈ ਹੋਣਾ ਲੋਕਤੰਤਰ ਲਈ ਗੰਭੀਰ ਚੁਣੌਤੀ ਹੈ। ਹਿਰਾਸਤ ਵਿੱਚ ਮੌਤਾਂ ਜਾਂ ਤਸ਼ੱਦਦ ਕਾਰਨ ਹੋਣ ਵਾਲੀਆਂ ਖ਼ੁਦਕੁਸ਼ੀਆਂ ਬੇਹੱਦ ਚਿੰਤਾਜਨਕ ਹਨ। ਸਮੇਂ ਦੀ ਮੁੱਖ ਲੋੜ ਹੈ ਕਿ ਪੁਲਿਸ ਪ੍ਰਸ਼ਾਸਨ ਜਵਾਬਦੇਹ, ਸੰਵੇਦਨਸ਼ੀਲ ਅਤੇ ਲੋਕ-ਮਿੱਤਰ ਬਣੇ, ਤਾਂ ਜੋ ਲੋਕ-ਮਨਾਂ ਵਿੱਚ ਪੁਲਿਸ ਪ੍ਰਤੀ ਵਿਸ਼ਵਾਸ ਬਹਾਲ ਹੋ ਸਕੇ।

ਪੰਜਾਬ ਵਿਧਾਨ ਸਭਾ ਚੋਣਾਂ-2027 ਲਈ ਸਿਆਸੀ ਸਰਗਰਮੀਆਂ ਸ਼ੁਰੂ

ਪ੍ਰਿੰਸੀ. ਜਸਪਾਲ ਸਿੰਘ ਲੋਹਾਮ

ਪੰਜਾਬ ਵਿਧਾਨ ਸਭਾ ਚੋਣਾਂ-2027 ਵਿੱਚ ਵੱਖ- ਵੱਖ ਸਿਆਸੀ ਪਾਰਟੀਆਂ ਅਤੇ ਸਿਆਸੀ ਆਗੂਆਂ ਦੇ ਵੱਖਰੇ ਵੱਖਰੇ ਬਿਆਨ ਅਤੇ ਵੱਖਰੀ ਵਿਚਾਰਧਾਰਾ ਹੈ ਜਿਨ੍ਹਾਂ ਨੂੰ ਲੈ ਕੇ ਉਹ ਆਉਣ ਵਾਲੇ ਸਮੇਂ ਦੇ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਪਾਰਟੀ ਦੀਆਂ ਚੋਣਾਂ ਲੜਨਗੇ। ਇਸ ਸਬੰਧ ਦੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਕੌਮੀ ਸਕੱਤਰ ਇੰਚਾਰਜ ਪੰਜਾਬ ਡਾ: ਸਤੀਸ਼ ਪੂਨੀਆ ਨੇ ਸਪਸ਼ਟ ਕਰ ਦਿੱਤਾ ਕਿ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ 2027 ਵਿੱਚ ਪਾਰਟੀ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ । ਉਹ ਸੂਬੇ ਵਿੱਚ ਤਿੰਨ ਦਿਨਾਂ ਵਾਸਤੇ ਪ੍ਰਚਾਰ ਕਰਨ ਆਏ ਸਨ ।ਉਹਨਾਂ ਨੇ ਪਹਿਲੀ ਵਾਰ ਚੰਡੀਗੜ੍ਹ ਵਿੱਚ ਭਾਜਪਾ ਆਗੂਆਂ ਨਾਲ ਮੀਟਿੰਗ ਕੀਤੀ ਤੇ ਉਹਨਾਂ ਪ੍ਰੈੱਸ ਬਿਆਨ ਰਾਹੀਂ ਸਪੱਸ਼ਟ ਕੀਤਾ ਕਿ ਹਾਈਕਮਾਂਡ ਦੇ ਅਨੁਸਾਰ ਪਾਰਟੀ ਆਪਣੇ ਬਲਬੂਤੇ 'ਤੇ ਚੋਣਾਂ ਵਿੱਚ ਉਤਰੇਗੀ ਤੇ ਉਹਨਾਂ ਨੇ ਰਾਜ ਵਿੱਚ ਕਿਸੇ ਨਾਲ ਗੱਠ ਜੋੜ ਦੀਆਂ ਸਭਾਵਾਂਨਾਵਾਂ ਨੂੰ ਮੁੱਢੋ ਨਕਾਰ ਦਿੱਤਾ । ਉਹਨਾਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਜੇਕਰ ਰਾਜ ਦੇ ਆਗੂ ਵੀ ਗਠਜੋੜ ਦੀ ਗੱਲ ਕਰਨਗੇ ਤਾਂ ਵੀ ਹਾਈ ਕਮਾਨ ਦੇ ਫ਼ੈਸਲੇ ਅਨੁਸਾਰ ਭਾਜਪਾ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜਾ ਕਰਕੇ ਚੋਣਾਂ ਲੜੇਗੀ । ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਆਗੂ ਅਕਸਰ ਹੀ ਮਿਲਦੇ ਰਹਿੰਦੇ ਹਨ ਇਸ ਦਾ ਇਹ ਮਤਲਬ ਨਹੀਂ ਕਿ ਉਸ ਨੂੰ ਗੱਠਜੋੜ ਸਮਝ ਕੇ ਦੇਖਿਆ ਜਾਵੇ। ਕੋਈ ਵੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਿਲ ਸਕਦਾ ਹੈ ।

ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਅਕਾਲੀ ਦਲ (ਵਾਰਸ ਪੰਜਾਬ) ਦੀ ਪਾਰਟੀ ਨਾਲ ਭਾਜਪਾ ਦੀ ਸਿਆਸੀ ਸਾਂਝ ਦੀ ਗੱਲ ਨੂੰ ਉਹਨਾਂ ਨੇ ਨਕਾਰ ਦਿੱਤਾ । ਉਹਨਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਕੇਂਦਰ ਅਤੇ ਰਾਜਾਂ ਵਿੱਚ ਭਾਜਪਾ ਨੇ ਆਪਣਾ ਘੇਰਾ ਵਿਸ਼ਾਲ ਕਰ ਲਿਆ ਹੈ ।ਪੰਜਾਬ ਵਿਚ ਆਪਣਾ ਪ੍ਰਭਾਵ ਬਣਾ ਲਿਆ ਹੈ।ਉਹ ਹਰ ਪੱਧਰ 'ਤੇ ਭਾਜਪਾ ਨੂੰ ਹੋਰ ਤਗੜਾ ਕਰਨ ਲਈ ਅੰਤਿਮ ਯੋਜਨਾ ਬਣਾ ਰਹੇ ਹਨ । ਖੇਤੀ ਕਨੂੰਨਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਤੋਂ ਕਿਨਾਰਾ ਕਰ ਲਿਆ ਸੀ ਤੇ ਉਹਨਾਂ ਵਿੱਚ ਕਾਫ਼ੀ ਲੰਬੇ ਸਮੇਂ ਤੋਂ ਦੂਰੀਆਂ ਹਨ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਆਗੂ ਬੀ.ਐਲ. ਸੰਤੋਸ਼, ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋ ਨੇ ਵੀ ਇਸੇ ਤਰ੍ਹਾਂ ਦੇ ਬਿਆਨ ਦਿੱਤੇ । ਭਾਰਤੀ ਜਨਤਾ ਪਾਰਟੀ ਰਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਰਾਜ ਸਰਕਾਰ ਨੂੰ ਘੇਰ ਰਹੀ ਹੈ ਅਤੇ ਮੁਲਾਜ਼ਮ ਪੱਖੀ ਹੋ ਕੇ ਮਹਿੰਗਾਈ ਭੱਤੇ ਦੇ ਮੁੱਦਿਆਂ ਨੂੰ ਵੀ ਉਠਾ ਰਹੀ ਹੈ । ਭਾਜਪਾ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਜਿੱਥੇ ਵੀ ਹੈ ਉੱਥੇ ਜਨਤਾ ਖੁਸ਼ ਹੈ। ਬਾਕੀ ਕੁੱਝ ਕੁ ਮਹੀਨੇ ਰਹਿ ਗਏ ਹਨ ।

ਸੰਨ 2027 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਨੇ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਪਾਰਟੀ ਨੇ ਪਾਰਟੀ ਚੋਣ ਮੈਨੀਫ਼ੈਸਟੋ ਤਿਆਰ ਕਰਨ ਲਈ ਕਾਂਗਰਸ ਆਗੂ ਅਮਰ ਸਿੰਘ, ਪ੍ਰਗਟ ਸਿੰਘ ਅਤੇ ਗੁਰਜੀਤ ਔਜਲਾ ਆਗੂਆਂ ਦੀ ਅਗਵਾਈ ਹੇਠ ਕਾਰਵਾਈ ਆਰੰਭ ਕਰ ਦਿੱਤੀ ਹੈ। ਕਾਂਗਰਸ ਪਾਰਟੀ ਦੀ ਰਾਏ ਹੈ ਕਿ ਮੈਨੀਫ਼ੈਸਟੋ ਆਮ ਜਨਤਾ, ਐਸੋਸੀਏਸ਼ਨਾਂ, ਬੁੱਧੀਜੀਵੀਆਂ ਅਤੇ ਸਿਵਲ ਸੁਸਾਇਟੀ ਦੇ ਸੁਝਾਵਾਂ ਨਾਲ ਤਿਆਰ ਕੀਤਾ ਜਾਵੇਗਾ । ਸਾਰੇ ਸੂਬੇ ਵਿੱਚ ਚੱਕਰ ਲਾਉਣ ਤੋਂ ਬਾਅਦ ਹਰ ਵਰਗ ਦੀ ਸਲਾਹ ਲਈ ਜਾਵੇਗੀ।ਇਸ ਵਾਰ ਪਾਰਟੀ 60-70 ਨਵੇਂ ਚਿਹਰਿਆਂ ਨੂੰ ਵੀ ਮੌਕਾ ਦੇ ਸਕਦੀ ਹੈ। ਕਾਂਗਰਸ ਪ੍ਰਧਾਨ ਮਲਿਕਾ ਅਰਜਨ ਖੜਗੇ ਅਤੇ ਰਾਹੁਲ ਗਾਂਧੀ ਦੀ



ਅਗਵਾਈ ਵਿੱਚ ਰਾਜ ਦੇ ਲੀਡਰਾਂ ਨਾਲ ਬੈਠਕਾਂ ਕਰਕੇ ਰਣਨੀਤੀ ਬਣਾਈ ਜਾ ਰਹੀ ਹੈ। ਸੂਬੇ ਨੂੰ ਅਜਿਹੀ ਸਰਕਾਰ ਦੀ ਜਰੂਰਤ ਹੈ ਜਿਹੜੀ ਲੋਕਾਂ ਲਈ ਜਵਾਬਦੇਹ ਹੋਵੇ, ਵਿਕਾਸ ਕਾਰਜਾਂ ਨੂੰ ਪਹਿਲ ਦੇਵੇ ਅਤੇ ਲੋਕਾਂ ਦੀ ਆਵਾਜ਼ ਬਣੇ । ਕਾਂਗਰਸ ਪਾਰਟੀ ਰਾਜ ਦੇ ਲੋਕਾਂ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ, ਰਾਜ ਨੂੰ ਮੁੜ ਤਰੱਕੀ, ਖੁਸ਼ਹਾਲੀ ਅਤੇ ਭਰੋਸੇ ਦੇ ਰਾਹ ਤੇ ਲੈ ਕੇ ਜਾਣ ਲਈ ਦ੍ਰਿੜ ਹੋਵੇਗੀ ।

ਕਾਂਗਰਸ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲਿਖਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ-2027 ਲਈ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ ।ਪੰਜਾਬ ਇੱਕ ਬੇਹਤਰ ਦਾ ਹੱਕਦਾਰ ਹੈ।ਰਾਜ ਨੂੰ ਇਮਾਨਦਾਰ ਅਤੇ ਪਾਰਦਰਸ਼ੀ ਸ਼ਾਸਨ ਦੀ ਲੋੜ ਹੈ । ਕਾਂਗਰਸ ਪਾਰਟੀ ਨੇ 2027 ਵਿੱਚ ਚੋਣਾਂ ਵਿੱਚ ਕਾਂਗਰਸ ਦਾ ਝੰਡਾ ਲਹਿਰਾਉਣਗੇ। ਪਿਛਲੀ ਚੰਨੀ ਸਰਕਾਰ ਨੇ ਆਖਰੀ ਸਮੇਂ ਵਿੱਚ ਮੁਲਾਜ਼ਮਾਂ ਦਾ ਤਨਖਾਹ ਕਮਿਸ਼ਨ ਲਾਗੂ ਕੀਤਾ ਸੀ ਜਿਸ ਨਾਲ ਮੁਲਾਜ਼ਮਾਂ ਨੂੰ ਲੰਬੇ ਸਮੇਂ ਦੀ ਉਡੀਕ ਖਤਮ ਹੋਈ ਸੀ ।ਉਹਨਾਂ ਨੇ ਥੋੜੇ ਜਿਹੇ ਸਮੇਂ ਵਿੱਚ ਰਾਜ ਲਈ ਵੱਡੇ ਐਲਾਨ ਕੀਤੇ।

ਸ਼੍ਰੋਮਣੀ ਅਕਾਲੀ ਦਲ ਨੇ 2027 ਵਿਧਾਨ ਸਭਾ ਚੋਣਾਂ ਲਈ ਰਣਨੀਤੀ ਤੇਜ਼ ਕਰ ਦਿੱਤੀ ਹੈ ।ਸ਼੍ਰੋਮਣੀ ਅਕਾਲੀ ਦਲ ਵੱਲੋਂ ਰਣਨੀਤੀ ਅਨੁਸਾਰ ਵਰਕਰਾਂ ਨੂੰ ਮਿਲਣ ਅਤੇ ਚੋਣ ਮੈਨੀਫੈਸਟੋ 'ਤੇ ਕੰਮ ਕਰ ਰਹੀ ਹੈ। ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜਬੂਤ ਕਰਨ ਲਈ ਵੱਖ-ਵੱਖ ਇਲਾਕਿਆਂ ਵਿੱਚ ਵਰਕਰ ਮਿਲਣੀਆਂ ਦਾ ਸਿਲਸਿਲਾ ਰੈਲੀਆਂ ਦੌਰਾਨ ਕੀਤਾ ਜਾ ਰਿਹਾ ਹੈ। ਪਾਰਟੀ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਵਿਕਾਸ ਅਤੇ ਲੋਕ ਭਲਾਈ ਮੁੱਦਿਆਂ ਨੂੰ ਲੈ ਕੇ ਚੋਣ ਮੈਦਾਨ ਵਿੱਚ ਉਤਰੇਗੀ ਅਤੇ 2027 ਵਿੱਚ ਪਾਰਟੀ ਪੰਜਾਬ ਵਿੱਚ ਆਪਣੀ ਸਰਕਾਰ ਬਣਾਏਗੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ਼ਰਨਜੀਤ ਸਿੰਘ ਢਿੱਲੋ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੋਰ ਮਜਬੂਤ ਹੋਇਆ ਹੈ ਅਤੇ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਬਣਾਏਗਾ। ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨ ਲਈ ਏਜੰਸੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਵਾਧਾ ਕਰਦਿਆਂ ਅੱਠ ਜ਼ਿਲ੍ਹਿਆਂ ਦੀਆਂ ਪਾਰਟੀ ਦੀ ਜਨਰਲ ਕੌਂਸਲ ਮੈਂਬਰਾਂ ਦਾ ਐਲਾਨ ਕੀਤਾ । ਇਸ ਤਰ੍ਹਾਂ ਜਿੰਮੇਵਾਰੀ ਦੇ ਕੇ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ । ਹਲਕਿਆਂ ਵਿਚ ਰੈਲੀਆਂ ਕਰਕੇ ਲੋਕਾਂ ਨੂੰ ਸੱਚ ਦਾ ਸ਼ੀਸ਼ਾ ਦਿਖਾਇਆ ਜਾ ਰਿਹਾ ਹੈ। ਲੋਕ ਅੱਜ ਵੀ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਕੀਤੇ ਕਾਰਜਾਂ ਨੂੰ ਯਾਦ ਕਰਦੇ ਹਨ । ਉਹ ਨਿਮਰਤਾ, ਪਿਆਰ ਅਤੇ ਸਾਦਗੀ ਵਰਗੇ ਗੁਣਾਂ ਨਾਲ ਭਰਪੂਰ ਸਨ।

ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਾਢੇ ਚਾਰ ਸਾਲ ਵਿੱਚ ਚੋਣਾਂ ਤੋਂ ਕੀਤੇ ਵਾਅਦ

ਵਿਦੇਸ਼ੀ ਮੰਦੀ ਦੇ ਸੇਕ ਕਾਰਣ ਪੰਜਾਬ ਦੀ ਅਰਥਵਿਵਸਥਾ ਅਤੇ ਸਮਾਜਿਕ ਤਾਣੇ-ਬਾਣੇ 'ਤੇ ਡੂੰਘਾ ਅਸਰ

ਬਿੰਦਰ ਸਿੰਘ

ਅਜੋਕੇ ਦੌਰ ਵਿੱਚ, ਜਦੋਂ ਸਮੁੱਚੀ ਦੁਨੀਆ ਇੱਕ ਗਲੋਬਲ ਪਿੰਡ ਵਿੱਚ ਤਬਦੀਲ ਹੋ ਚੁੱਕੀ ਹੈ, ਹਰ ਦੇਸ਼ ਦੀ ਆਰਥਿਕਤਾ ਕਿਸੇ ਨਾ ਕਿਸੇ ਰੂਪ ਵਿੱਚ ਦੂਜੇ ਦੇਸ਼ਾਂ ਨਾਲ ਜੁੜੀ ਹੋਈ ਹੈ। ਭਾਰਤ ਦਾ ਮੋਹਰੀ ਖੇਤੀ ਪ੍ਰਧਾਨ ਸੂਬਾ ਪੰਜਾਬ ਵੀ ਇਸ ਪ੍ਰਭਾਵ ਤੋਂ ਅਛੂਤਾ ਨਹੀਂ ਹੈ। ਪੰਜਾਬ ਦੀ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਬਣਤਰ ਕੁਝ ਇਸ ਤਰ੍ਹਾਂ ਦੀ ਹੈ ਕਿ ਇਸ ਦਾ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਯੂਰੋਪੀਅਨ ਯੂਨੀਅਨ ਵਰਗੇ ਵਿਕਸਿਤ ਮੁਲਕਾਂ ਨਾਲ ਡੂੰਘਾ ਅਤੇ ਅਟੁੱਟ ਸੰਬੰਧ ਹੈ। ਜਦੋਂ ਕਦੇ ਵੀ ਇਨ੍ਹਾਂ ਪੱਛਮੀ ਦੇਸ਼ਾਂ ਵਿੱਚ ਆਰਥਿਕ ਮੰਦੀ, ਮੁਦਰਾ ਸਫ਼ੀਤੀ (ਮਹਿੰਗਾਈ) ਜਾਂ ਬੇਰੁਜ਼ਗਾਰੀ ਦਾ ਦੌਰ ਆਉਂਦਾਹੈ, ਤਾਂ ਇਸ ਦਾ ਸਭ ਤੋਂ ਪਹਿਲਾ ਪ੍ਰਤੱਖ ਅਤੇ ਅਪ੍ਰਤੱਖ ਅਸਰ ਪੰਜਾਬ ਦੀ ਧਰਤੀ 'ਤੇ ਦੇਖਣ ਨੂੰ ਮਿਲਦਾ ਹੈ। ਵਿਦੇਸ਼ੀ ਮੰਦੀ ਦੇ ਇਹ ਪ੍ਰਭਾਵ ਸਿਰਫ਼ ਪੂੰਜੀ ਤੱਕ ਸੀਮਤ ਨਹੀਂ ਰਹਿੰਦੇ, ਸਗੋਂ ਇਹ ਪੰਜਾਬ ਦੇ ਘਰਾਂ, ਬਾਜ਼ਾਰਾਂ, ਉਦਯੋਗਾਂ, ਵਿੱਦਿਅਕ ਅਦਾਰਿਆਂ ਅਤੇ ਲੋਕਾਂ ਦੇ ਮਾਨਸਿਕ ਤਾਣੇ-ਬਾਣੇ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਵਿੱਚ ਵਿਦੇਸ਼ਾਂ ਤੋਂ ਆਉਣ ਵਾਲਾ ਪੈਸਾ (ਰੈਮੀਟੈਂਸ) ਵੱਡੀ ਭੂਮਿਕਾ ਨਿਭਾਉਂਦਾ ਹੈ।

ਵਿਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਆਪਣੀ ਕਮਾਈ ਦਾ ਵੱਡਾ ਹਿੱਸਾ ਪੰਜਾਬ ਵਿੱਚ ਰਹਿੰਦੇ ਮਾਪਿਆਂ, ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਭੇਜਦੇ ਹਨ, ਜਿਸ ਨਾਲ ਨਾ ਸਿਰਫ਼ ਪੇਂਡੂ ਖੇਤਰਾਂ ਵਿੱਚ ਆਲੀਸ਼ਾਨ ਮਕਾਨ ਬਣਦੇ ਹਨ, ਸਗੋਂ ਸਥਾਨਕ ਪੱਧਰ 'ਤੇ ਖ਼ਪਤ ਅਤੇ ਵਪਾਰ ਵੀ ਪ੍ਰਫੁੱਲਿਤ ਹੁੰਦਾ ਹੈ। ਪ੍ਰੰਤੂ ਜਦੋਂ ਵਿਦੇਸ਼ਾਂ ਵਿੱਚ ਆਰਥਿਕ ਮੰਦੀ ਆਉਂਦੀ ਹੈ ਤਾਂ ਉੱਥੋਂ ਦੀਆਂ ਕੰਪਨੀਆਂ ਦੀ ਆਮਦਨ ਘਟ ਜਾਂਦੀ ਹੈ, ਜਿਸ ਕਾਰਨ ਕਾਮਿਆਂ ਦੀ ਛਾਂਟੀ ਹੁੰਦੀ ਹੈ ਜਾਂ ਤਨਖਾਹਾਂ ਵਿੱਚ ਭਾਰੀ ਕਟੌਤੀ ਕੀਤੀ ਜਾਂਦੀ ਹੈ। ਅਜਿਹੇ ਸਮੇਂ ਪ੍ਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਭੇਜੇ ਜਾਣ ਵਾਲੇ ਪੈਸੇ ਵਿੱਚ ਭਾਰੀ ਗਿਰਾਵਟ ਦਰਜ ਹੁੰਦੀ ਹੈ। ਸਿੱਟੇ ਵਜੋਂ, ਸਥਾਨਕ ਬਾਜ਼ਾਰਾਂ ਵਿੱਚ ਨਕਦੀ ਦੀ ਤੰਗੀ ਪੈਦਾ ਹੋ ਜਾਂਦੀ ਹੈ ਅਤੇ ਵਪਾਰ ਵਿੱਚ ਖੜੋਤ ਆ ਜਾਂਦੀ ਹੈ।

ਵਿਦੇਸ਼ੀ ਮੰਦੀ ਦਾ ਦੂਜਾ ਅਤੇ ਗੰਭੀਰ ਪ੍ਰਭਾਵ ਪੰਜਾਬ ਦੇ ਉਦਯੋਗਿਕ ਖੇਤਰ 'ਤੇ ਪੈਂਦਾ ਹੈ। ਪੰਜਾਬ ਦੇ ਸਨਅਤੀ ਵਿਕਾਸ ਵਿੱਚ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਮੰਡੀ ਗੋਬਿੰਦਗੜ੍ਹ ਅਤੇ ਬਟਾਲਾ ਵਰਗੇ ਸ਼ਹਿਰਾਂ ਦਾ ਅਹਿਮ ਯੋਗਦਾਨ ਹੈ। ਜਦੋਂ ਅਮਰੀਕਾ ਜਾਂ ਯੂਰੋਪੀ ਦੇਸ਼ਾਂ ਵਿੱਚ ਮੰਦੀ ਆਉਂਦੀ ਹੈ, ਤਾਂ ਉੱਥੋਂ ਦੇ ਖ਼ਪਤਕਾਰਾਂ ਦੀ ਖ਼ਰੀਦ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ ਅਤੇ ਉਹ ਗ਼ੈਰ-ਜ਼ਰੂਰੀ ਵਸਤਾਂ ਦੀ ਖ਼ਰੀਦ ਘਟਾ ਦਿੰਦੇ ਹਨ। ਇਸ ਕਾਰਨ ਪੰਜਾਬ ਦੇ ਇਨ੍ਹਾਂ ਸਨਅਤੀ ਸ਼ਹਿਰਾਂ ਤੋਂ ਹੋਣ ਵਾਲਾ ਨਿਰਯਾਤ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਕਾਰਖ਼ਾਨਿਆਂ ਨੂੰ ਆਪਣਾ ਉਤਪਾਦਨ ਘਟਾਉਣਾ ਪੈਂਦਾ ਹੈ ਅਤੇ ਕਈ ਛੋਟੇ ਤੇ ਦਰਮਿਆਨੇ ਉਦਯੋਗ ਬੰਦ ਹੋਣ ਕੰਢੇ ਪਹੁੰਚ ਜਾਂਦੇ ਹਨ, ਜਿਸ ਨਾਲ ਮਜ਼ਦੂਰਾਂ ਦੀ ਬੇਰੁਜ਼ਗਾਰੀ ਵਿੱਚ ਚਿੰਤਾਜਨਕ ਵਾਧਾ ਹੁੰਦਾ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ਾਂ—ਖ਼ਾਸ ਕਰਕੇ ਕੈਨੇਡਾ, ਯੂ.ਕੇ., ਆਸਟ੍ਰੇਲੀਆ ਅਤੇ ਨਿਊਜ਼ੀਲੈਂਡ—ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਅਤੇ ਪੱਕੇ ਤੌਰ 'ਤੇ ਵਸਣ ਦਾ ਰੁਝਾਨ



ਬਹੁਤ ਵਧਿਆ ਹੈ। ਲੱਖਾਂ ਵਿਦਿਆਰਥੀ ਹਰ ਸਾਲ ਕਰੋੜਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ। ਪ੍ਰੰਤੂ ਜਦੋਂ ਉੱਥੇ ਆਰਥਿਕ ਮੰਦੀ ਦਾ ਦੌਰ ਆਉਂਦਾ ਹੈ, ਤਾਂ ਸਬੰਧਤ ਸਰਕਾਰਾਂ ਆਪਣੀਆਂ ਨੀਤੀਆਂ ਸਖ਼ਤ ਕਰ ਦਿੰਦੀਆਂ ਹਨ; ਵਿਦਿਆਰਥੀਆਂ ਦੇ ਕੰਮ ਕਰਨ ਦੇ ਘੰਟੇ ਸੀਮਤ ਕਰ ਦਿੱਤੇ ਜਾਂਦੇ ਹਨ ਜਾਂ ਪਾਰਟ-ਟਾਈਮ ਨੌਕਰੀਆਂ ਮਿਲਣੀਆਂ ਬੰਦ ਹੋ ਜਾਂਦੀਆਂ ਹਨ। ਅਜਿਹੇ ਹਾਲਾਤ ਵਿੱਚ ਵਿਦਿਆਰਥੀਆਂ ਲਈ ਕਾਲਜਾਂ ਦੀਆਂ ਫ਼ੀਸਾਂ ਅਤੇ ਰਹਿਣ-ਸਹਿਣ ਦਾ ਖ਼ਰਚਾ ਪੂਰਾ ਕਰਨਾ ਅਤਿਅੰਤ ਮੁਸ਼ਕਲ ਹੋ ਜਾਂਦਾ ਹੈ। ਇਸ ਦਾ ਸਿੱਧਾ ਬੋਝ ਪੰਜਾਬ ਬੈਠੇ ਮਾਪਿਆਂ 'ਤੇ ਪੈਂਦਾ ਹੈ, ਜਿਨ੍ਹਾਂ ਨੂੰ ਜ਼ਮੀਨਾਂ-ਜਾਇਦਾਦਾਂ ਗਹਿਣੇ ਰੱਖ ਕੇ ਜਾਂ ਬੈਂਕਾਂ ਤੋਂ ਮਹਿੰਗੇ ਵਿਆਜ 'ਤੇ ਕਰਜ਼ੇ ਚੁੱਕ ਕੇ ਪੈਸੇ ਭੇਜਣੇ ਪੈਂਦੇ ਹਨ। ਸਟੱਡੀ ਵੀਜ਼ਾ ਦੇ ਨਾਂਅ 'ਤੇ ਚੱਲਦਾ ਕੰਸਲਟੈਂਸੀ ਅਤੇ ਟਰੈਵਲ ਏਜੰਟਾਂ ਦਾ ਕਾਰੋਬਾਰ ਵੀ ਮੰਦੀ ਦੀ ਮਾਰ ਹੇਠ ਆ ਜਾਂਦਾ ਹੈ। ਇਸੇ ਤਰ੍ਹਾਂ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਮੰਦੀ ਕਾਰਨ ਬਾਸਮਤੀ ਚੌਲ, ਆਲੂ, ਸ਼ਹਿਦ ਅਤੇ ਹੋਰ ਖੇਤੀ ਉਤਪਾਦਾਂ ਦੀ ਵਿਦੇਸ਼ੀ ਮੰਗ ਘਟਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਫ਼ਸਲਾਂ ਦੇ ਵਾਜਬ ਭਾਅ ਨਹੀਂ ਮਿਲਦੇ, ਜਿਸ ਨਾਲ ਪੇਂਡੂ ਆਰਥਿਕਤਾ ਦਾ ਸੰਤੁਲਨ ਵਿਗੜਦਾ ਹੈ।

ਪੰਜਾਬ ਦੇ ਰੀਅਲ ਅਸਟੇਟ (ਜ਼ਮੀਨ-ਜਾਇਦਾਦ ਅਤੇ ਉਸਾਰੀ ਖੇਤਰ) 'ਤੇ ਵੀ ਮੰਦੀ ਦਾ ਅਸਰ ਸਾਫ਼ ਝਲਕਦਾ ਹੈ। ਪੰਜਾਬ ਵਿੱਚ ਪ੍ਰਾਪਰਟੀ ਕਾਰੋਬਾਰ ਨੂੰ ਵੱਡਾ ਹੁੰਗਾਰਾ ਪ੍ਰਵਾਸੀ ਪੰਜਾਬੀਆਂ ਦੇ ਨਿਵੇਸ਼ ਤੋਂ ਮਿਲਦਾ ਰਿਹਾ ਹੈ। ਪਰ ਵਿਦੇਸ਼ਾਂ ਵਿੱਚ ਆਮਦਨ ਘਟਣ ਕਾਰਨ ਪ੍ਰਵਾਸੀ ਇੱਥੇ ਨਿਵੇਸ਼ ਕਰਨ ਤੋਂ ਹੱਥ ਪਿੱਛੇ ਖਿੱਚ ਲੈਂਦੇ ਹਨ, ਜਿਸ ਨਾਲ ਸੂਬੇ ਦਾ ਪ੍ਰਾਪਰਟੀ ਬਾਜ਼ਾਰ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਜ਼ਮੀਨਾਂ ਅਤੇ ਪਲਾਟਾਂ ਦੀਆਂ ਕੀਮਤਾਂ ਡਿੱਗਣ ਨਾਲ ਨਿਵੇਸ਼ਕਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ ਅਤੇ ਇਸ ਦਾ ਸਿੱਧਾ ਅਸਰ ਸੀਮਿੰਟ, ਸਰੀਆ, ਰੇਤ-ਬਜਰੀ ਦੇ ਵਪਾਰੀਆਂ ਸਮੇਤ ਦਿਹਾੜੀਦਾਰ ਮਜ਼ਦੂਰਾਂ ਦੀ ਰੋਜ਼ੀ-ਰੋਟੀ 'ਤੇ ਪੈਂਦਾ ਹੈ। ਇਸ ਤੋਂ ਇਲਾਵਾ, ਬੈਂਕਾਂ ਅਤੇ ਵਿੱਤੀ ਅਦਾਰਿਆਂ ਵਿੱਚ ਕਰਜ਼ਿਆਂ ਦੀਆਂ ਕਿਸ਼ਤਾਂ ਸਮੇਂ ਸਿਰ ਨਾ ਮੁੜਨ ਕਾਰਨ ਡੁੱਬਤ ਖਾਤੇ (ਐੱਨ.ਪੀ.ਏ.) ਵਧਦੇ ਹਨ।

ਆਰਥਿਕ ਮੰਦੀ ਦਾ ਸਭ ਤੋਂ ਪੀੜਾਦਾਇਕ ਪੱਖ ਸਮਾਜਿਕ ਅਤੇ ਮਾਨਸਿਕ ਤਣਾਅ ਹੈ। ਘਰੇਲੂ ਆਮਦਨ ਘਟਣ ਅਤੇ ਕਰਜ਼ੇ ਵਧਣ ਨਾਲ ਪਰਿਵਾਰਕ ਕਲੇਸ਼ ਅਤੇ ਬੇਚੈਨੀ ਵਧਦੀ ਹੈ। ਵਿਦੇਸ਼ਾਂ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਦਬਾਅ ਹੇਠ ਆਏ ਨੌਜਵਾਨਾਂ ਦੀ ਚਿੰਤਾ ਪੰਜਾਬ ਬੈਠੇ ਪਰਿਵਾਰਾਂ ਨੂੰ ਵੀ ਮਾਨਸਿਕ ਤੌਰ 'ਤੇ ਝੰਬ ਸੁੱਟਦੀ ਹੈ। ਇਹ ਸਾਰੇ ਤੱਥ ਦਰਸਾਉਂਦੇ ਹਨ ਕਿ ਵਿਦੇਸ਼ੀ ਪੂੰਜੀ 'ਤੇ ਹੱਦੋਂ ਵੱਧ ਨਿਰਭਰਤਾ ਪੰਜਾਬ ਦੇ ਭਵਿੱਖ ਲਈ ਜੋਖ਼ਮ ਭਰੀ ਹੋ ਸਕਦੀ ਹੈ।

ਇਨ੍ਹਾਂ ਨੁਕਸਾਨਦੇਹ ਪ੍ਰਭਾਵਾਂ ਤੋਂ ਬਚਣ ਲਈ ਸਰਕਾਰ, ਨੀਤੀ-ਘਾੜਿਆਂ ਅਤੇ ਸਨਅਤਕਾਰਾਂ ਨੂੰ ਮਿਲ ਕੇ ਇੱਕ ਠੋਸ ਅਤੇ ਦੂਰਅੰਦੇਸ਼ ਰਣਨੀਤੀ ਉਲੀਕਣੀ ਪਵੇਗੀ। ਸੂਬੇ ਵਿੱਚ ਸਥਾਨਕ ਉਦਯੋਗਾਂ ਨੂੰ ਮੁੜ ਸੁਰਜੀਤ ਕਰਨ, ਸੂਚਨਾ ਤਕਨਾਲੋਜੀ (ਆਈ.ਟੀ.) ਅਤੇ ਸੇਵਾ ਖੇਤਰ ਨੂੰ ਉਤਸ਼ਾਹਿਤ ਕਰਨ ਅਤੇ ਸਥਾਨਕ ਇਕਾਈਆਂ ਨੂੰ ਵਿਸ਼ਵ ਪੱਧਰ 'ਤੇ ਮੁਕਾਬਲੇਯੋਗ ਬਣਾਉਣ ਲਈ ਸਰਕਾਰੀ ਰਿਆਇਤਾਂ ਦੇਣ ਦੀ ਲੋੜ ਹੈ। ਖੇਤੀ ਖੇਤਰ ਵਿੱਚ ਰਵਾਇਤੀ ਕਣਕ-ਝੋਨੇ ਦੇ ਚੱਕਰ ਵਿੱਚੋਂ ਨਿਕਲ ਕੇ ਫ਼ਸਲੀ ਭਿੰਨਤਾ ਲਿਆਉਣੀ ਪਵੇਗੀ ਅਤੇ ਪੇਂਡੂ ਪੱਧਰ 'ਤੇ ਫੂਡ ਪ੍ਰੋਸੈਸਿੰਗ ਯੂਨਿਟ ਸਥਾਪਿਤ ਕਰਨੇ ਹੋਣਗੇ, ਤਾਂ ਜੋ ਨੌਜਵਾਨਾਂ ਨੂੰ ਆਪਣੇ ਹੀ ਸੂਬੇ ਵਿੱਚ ਰੁਜ਼ਗਾਰ ਦੇ ਮਿਆਰੀ ਅਵਸਰ ਮਿਲ ਸਕਣ। ਜੇਕਰ ਪੰਜਾਬ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਕੇ ਸਵੈ-ਨਿਰਭਰਤਾ ਦੇ ਰਾਹ ਤੁਰਦਾ ਹੈ, ਤਾਂ ਵਿਸ਼ਵ ਪੱਧਰੀ ਆਰਥਿਕ ਉਤਰਾਅ-ਚੜ੍ਹਾਅ ਦੇ ਮਾੜੇ ਪ੍ਰਭਾਵਾਂ ਤੋਂ ਸੂਬੇ ਦੇ ਲੋਕਾਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਜੇ.ਪੀ. ਲਹਿਰ ਤੋਂ ਅਜੋਕੇ ਅੰਦੋਲਨ ਤੱਕ

ਵਿਰੋਧੀ ਧਿਰ ਨੂੰ ਦਿਸ਼ਾ ਦਿਖਾਉਂਦਾ ਵਿਦਿਆਰਥੀ ਉਭਾਰ



ਆਸ਼ੂਤੋਸ਼
ਸੀਨੀਅਰ ਪੱਤਰਕਾਰ

ਦੇਸ਼ ਦੀ ਰਾਜਨੀਤੀ ਇੱਕ ਨਿਰਣਾਇਕ ਪੜਾਅ 'ਤੇ ਪਹੁੰਚ ਚੁੱਕੀ ਹੈ ਅਤੇ ਸਰਕਾਰ ਖ਼ਿਲਾਫ਼ ਲੋਕਾਂ ਦਾ ਗੁੱਸਾ ਲਗਾਤਾਰ ਵਧ ਰਿਹਾ ਹੈ। ਸਰਕਾਰ ਕਾਕਰੋਚ ਅੰਦੋਲਨ ਅਤੇ ਵਿਰੋਧੀ ਧਿਰ ਦੇ ਵਿਰੋਧ-ਪ੍ਰਦਰਸ਼ਨਾਂ ਦੇ ਸੇਕ ਨੂੰ ਸਪੱਸ਼ਟ ਮਹਿਸੂਸ ਕਰ ਰਹੀ ਹੈ। ਇਹ ਬੇਵਜ੍ਹਾ ਨਹੀਂ ਹੈ ਕਿ ਸੰਘ ਪਰਿਵਾਰ ਅਤੇ ਸੱਤਾਧਾਰੀ ਧਿਰ ਨਾਲ ਜੁੜੇ ਤਿੰਨ ਸਭ ਤੋਂ ਪ੍ਰਮੁੱਖ ਆਗੂ—ਮੋਹਨ ਭਾਗਵਤ, ਨਰਿੰਦਰ ਮੋਦੀ ਅਤੇ ਅਮਿਤ ਸ਼ਾਹ—ਇਕੋ ਸਮੇਂ ਇਸ ਅੰਦੋਲਨ ਅਤੇ ਵਿਰੋਧੀ ਧਿਰ 'ਤੇ ਹਮਲਾਵਰ ਹੋਏ ਹਨ। ਆਮ ਤੌਰ 'ਤੇ ਗੰਭੀਰਤਾ ਲਈ ਜਾਣੇ ਜਾਂਦੇ ਆਰ.ਐੱਸ.ਐੱਸ. ਮੁਖੀ ਨੇ ਵਿਜੇਦਸ਼ਮੀ ਮੌਕੇ ਆਪਣੇ ਸਾਲਾਨਾ ਸੰਬੋਧਨ ਵਿੱਚ ਇਸ ਅੰਦੋਲਨ ਨੂੰ ਵਿਦੇਸ਼ੀ ਸਾਜ਼ਿਸ਼ ਨਾਲ ਜੋੜਦਿਆਂ ਬੰਗਲਾਦੇਸ਼ ਅਤੇ ਫ਼ਰਾਂਸ ਦਾ ਹਵਾਲਾ ਦਿੱਤਾ। ਉਨ੍ਹਾਂ ਸੰਕੇਤ ਦਿੱਤਾ ਕਿ ਸੜਕਾਂ 'ਤੇ ਉਤਰੇ ਲੋਕ ਦੇਸ਼ ਨੂੰ ਹਿੰਸਾ ਵੱਲ ਧੱਕਣਾ ਚਾਹੁੰਦੇ ਹਨ। ਮੋਹਨ ਭਾਗਵਤ ਦਾ ਇਹ ਬਿਆਨ ਸੰਕੇਤ ਦਿੰਦਾ ਹੈ ਕਿ ਸਿਰਫ਼ ਸਰਕਾਰ ਹੀ ਨਹੀਂ, ਸਗੋਂ ਪੂਰਾ ਸੰਘ ਪਰਿਵਾਰ ਇਸ ਉਭਾਰ ਤੋਂ ਫ਼ਿਕਰਮੰਦ ਹੈ। ਉਨ੍ਹਾਂ ਨੂੰ ਸ਼ਾਇਦ 1977 ਵਰਗੇ ਹਾਲਾਤ ਦੁਹਰਾਏ ਜਾਣ ਦਾ ਖ਼ਦਸ਼ਾ ਸਤਾ ਰਿਹਾ ਹੈ, ਜਦੋਂ ਇੰਦਰਾ ਗਾਂਧੀ ਦੀ ਐਮਰਜੈਂਸੀ ਤੋਂ ਤੰਗ ਆ ਕੇ ਲੋਕਾਂ ਨੇ ਆਜ਼ਾਦੀ ਮਗਰੋਂ ਪਹਿਲੀ ਵਾਰ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਸੀ।

ਹਾਲਾਂਕਿ ਅੱਜ ਦੇਸ਼ ਵਿੱਚ ਨਾ ਤਾਂ ਸੰਵਿਧਾਨਕ ਤੌਰ 'ਤੇ ਐਮਰਜੈਂਸੀ ਲਾਗੂ ਹੈ ਅਤੇ ਨਾ ਹੀ ਵਿਰੋਧੀ ਧਿਰ ਕੋਲ ਜੈਪ੍ਰਕਾਸ਼ ਨਾਰਾਇਣ (ਜੇ.ਪੀ.) ਵਰਗਾ ਕੋਈ ਕੱਦਵਾਰ ਨੇਤਾ ਹੈ। ਜੇਕਰ ਜੇ.ਪੀ. ਐਮਰਜੈਂਸੀ ਵਿਰੁੱਧ ਅੰਦੋਲਨ ਦੀ ਅਗਵਾਈ ਨਾ ਵੀ ਕਰਦੇ, ਤਾਂ ਵੀ ਇਤਿਹਾਸ ਨੇ ਉਨ੍ਹਾਂ ਨੂੰ 'ਭਾਰਤ ਛੱਡੋ ਅੰਦੋਲਨ' ਦੇ ਨਾਇਕ ਅਤੇ ਇੱਕ ਪ੍ਰਮੁੱਖ ਸਮਾਜਵਾਦੀ ਚਿੰਤਕ ਵਜੋਂ ਯਾਦ ਰੱਖਣਾ ਸੀ। ਪੰਡਿਤ ਨਹਿਰੂ ਜੇ.ਪੀ. ਨੂੰ ਆਪਣਾ ਉੱਤਰਾਧਿਕਾਰੀ ਬਣਾਉਣਾ ਚਾਹੁੰਦੇ ਸਨ। ਜੇਕਰ ਉਨ੍ਹਾਂ ਨੇ ਨਹਿਰੂ ਦੀ ਪੇਸ਼ਕਸ਼ ਪ੍ਰਵਾਨ ਕੀਤੀ ਹੁੰਦੀ, ਤਾਂ ਉਹ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਬਣ ਸਕਦੇ ਸਨ। ਪਰ ਸੁਭਾਅ ਤੋਂ ਫ਼ਕੀਰ ਜੇ.ਪੀ. ਨੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਸੀ। ਬਾਅਦ ਵਿੱਚ ਜਦੋਂ ਇੰਦਰਾ ਗਾਂਧੀ ਦੇ ਸ਼ਾਸਨ ਵਿਰੁੱਧ ਲੋਕ-ਰੋਹ ਵਧਿਆ, ਤਾਂ ਉਨ੍ਹਾਂ ਨੇ ਮੁੜ ਮੈਦਾਨ ਵਿੱਚ ਉਤਰ ਕੇ ਇੰਦਰਾ ਗਾਂਧੀ ਦੀ ਸਰਕਾਰ ਨੂੰ ਹਰਾਉਣ ਵਿੱਚ ਕੇਂਦਰੀ ਭੂਮਿਕਾ ਨਿਭਾਈ। ਅੱਜ ਦੇਸ਼ ਵਿੱਚ ਜੇ.ਪੀ. ਵਰਗੀ ਸ਼ਖ਼ਸੀਅਤ ਵਾਲਾ ਆਗੂ ਨਾ ਭਾਜਪਾ ਜਾਂ ਸੰਘ ਕੋਲ ਹੈ ਅਤੇ ਨਾ ਹੀ ਕਾਂਗਰਸ ਕੋਲ। ਦਰਅਸਲ, ਹਰ ਦੌਰ ਆਪਣੇ ਨਾਇਕ ਖ਼ੁਦ ਘੜਦਾ ਹੈ, ਜੋ ਸਮੇਂ ਦੇ ਪ੍ਰਵਾਹ ਮੁਤਾਬਕ ਇਤਿਹਾਸ ਦੇ ਰਾਹ ਨੂੰ ਮੋੜਾ ਦਿੰਦੇ ਹਨ।

ਕਿਸੇ ਨੇ ਕਿਆਸ ਵੀ ਨਹੀਂ ਕੀਤਾ ਹੋਵੇਗਾ ਕਿ ਸਰਕਾਰ ਨੂੰ ਆਪਣੇ ਇੱਕ



ਸ਼ਕਤੀਸ਼ਾਲੀ ਮੰਤਰੀ ਦਾ ਅਸਤੀਫ਼ਾ ਲੈਣਾ ਪਵੇਗਾ ਜਾਂ ਸੱਤਾ ਪੱਖ ਲਗਾਤਾਰ ਸੰਸਦ ਦਾ ਸਾਹਮਣਾ ਕਰਨ ਤੋਂ ਝਿਜਕੇਗਾ। ਇਹ ਬਦਲਾਅ ਕਿਸੇ ਵੱਡੇ ਸਿਆਸੀ ਘਰਾਣੇ ਦੀ ਬਜਾਏ ਅਭਿਜੀਤ ਦੀਪਕੇ ਨਾਂ ਦੇ ਇੱਕ ਨੌਜਵਾਨ ਵਿਦਿਆਰਥੀ ਦੀ ਸੋਸ਼ਲ ਮੀਡੀਆ ਮੁਹਿੰਮ ਸਦਕਾ ਸ਼ੁਰੂ ਹੋਇਆ। ਉਸ ਦੇ ਯਤਨਾਂ ਨਾਲ ਉੱਠੀ ਇਸ ਲਹਿਰ ਨੇ ਡਰ ਦੇ ਉਸ ਮਾਹੌਲ ਨੂੰ ਤੋੜਿਆ, ਜਿਸ ਨੂੰ ਸਰਕਾਰ ਨੇ ਸਾਲਾਂ ਦੌਰਾਨ ਖੜ੍ਹਾ ਕੀਤਾ ਸੀ। ਜੋ ਕੰਮ ਸਥਾਪਿਤ ਵਿਰੋਧੀ ਧਿਰ ਨਾ ਕਰ ਸਕੀ, ਉਹ ਆਮ ਨੌਜਵਾਨਾਂ ਨੇ ਕਰ ਦਿਖਾਇਆ। ਅੱਜ ਪ੍ਰਸ਼ਾਸਨ ਅਤੇ ਦਿੱਲੀ ਪੁਲਿਸ ਆਸ਼ੂਤੋਸ਼ ਰਾਂਕਾ, ਸੌਰਵ ਦਾਸ ਅਤੇ ਨੇਹਾ ਬੋਰਾ ਵਰਗੇ ਕਾਰਕੁਨਾਂ 'ਤੇ ਕਾਨੂੰਨੀ ਦਬਾਅ ਬਣਾ ਕੇ ਉਨ੍ਹਾਂ ਦੇ ਹੌਸਲੇ ਪਸਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਵੇਂ ਉਹ ਡਟ ਕੇ ਮੁਕਾਬਲਾ ਕਰ ਰਹੇ ਹਨ, ਪਰ ਵੱਡਾ ਸਵਾਲ ਇਹ ਹੈ ਕਿ ਉਹ ਇਕੱਲੇ ਕਦੋਂ ਤੱਕ ਲੜ ਸਕਣਗੇ? ਇਸ ਅੰਦੋਲਨ ਨੇ ਸ਼ੁਰੂਆਤੀ ਚੰਗਿਆੜੀ ਬਾਲ਼ ਦਿੱਤੀ ਹੈ; ਹੁਣ ਇਸ ਸੰਘਰਸ਼ ਨੂੰ ਤਾਰਕਿਕ ਅੰਤ ਤੱਕ ਪਹੁੰਚਾਉਣਾ ਸਿਆਸੀ ਧਿਰਾਂ ਦੀ ਜ਼ਿੰਮੇਵਾਰੀ ਹੈ।

ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਹੁਣ ਤੱਕ ਇਸ ਅੰਦੋਲਨ ਵਿੱਚ ਸਹਿਯੋਗੀ ਦੀ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ। ਪਰ ਹੁਣ ਸਮਾਂ ਹੈ ਕਿ ਉਹ ਖ਼ੁਦ ਅੱਗੇ ਆ ਕੇ ਲੀਡਰਸ਼ਿਪ ਲੈਣ ਅਤੇ ਸੰਘਰਸ਼ਸ਼ੀਲ ਨੌਜਵਾਨਾਂ ਨੂੰ ਸਰਕਾਰੀ ਦਮਨ ਤੋਂ ਬਚਾਉਣ। 1977 ਵਿੱਚ ਮਿਲੀ ਵੱਡੀ ਸਫ਼ਲਤਾ ਤੋਂ ਬਾਅਦ ਜਨਤਾ ਪਾਰਟੀ ਆਪਸੀ ਖਿੱਚੋਤਾਣ ਕਾਰਨ ਅਸਫ਼ਲ ਰਹੀ ਸੀ। ਜੇਕਰ ਉਸ ਵੇਲੇ ਜਨਤਾ ਪਾਰਟੀ ਨੇ ਜ





ਪਰਵਾਜ਼-ਏ-ਹਰਫ਼

ਜਗਮੋਹਨ ਸਿੰਘ 'ਲੱਕੀ'
9463819174



ਦਿਵਾਲੀ ਦੇ ਸ਼ਬਦਾਂਤਿਕ ਅਰਥ ਦੀਪਮਾਲਿਕਾ, ਦੀਪਾਵਲਿ ਅਤੇ ਦੀਵਿਆਂ ਦੀ ਕਤਾਰ ਹੁੰਦੇ ਹਨ। ਦਿਵਾਲ਼ੀ ਸੰਸਕ੍ਰਿਤ ਦੇ ਦੋ ਲਫ਼ਜ਼ਾਂ ਦੀਪ ਅਤੇ ਆਵਲੀ ਤੋਂ ਬਣਿਆ ਹੈ ਜਿਹਨਾਂ ਦਾ ਅਰਥ 'ਦੀਵਿਆਂ ਦੀ ਲੜੀ' ਹੈ। ਸੰਸਕ੍ਰਿਤ ਲਫ਼ਜ਼ 'ਦੀਪ' ਦਾ ਅਰਥ ਹੈ ਦੀਵਾ, ਪ੍ਰਕਾਸ਼, ਚਿਰਾਗ਼, ਗਿਆਨ ਜਾਂ ਕੋਈ ਚੀਜ਼ ਜੋ ਚਮਕਦੀ ਹੈ' ਅਤੇ 'ਆਵਲੀ' ਦਾ ਅਰਥ ਹੈ 'ਕਤਾਰ, ਸੀਮਾ, ਨਿਰੰਤਰ ਰੇਖਾ ਜਾਂ ਲੜੀ'।

ਕੱਤਕ (ਨਵੰਬਰ) ਮਹੀਨੇ 'ਮੱਸਿਆ ਦੀ ਹਨੇਰੀ ਰਾਤ' ਨੂੰ ਹਰ ਪਾਸੇ ਹੀ ਜਗਾਏ ਦੀਵਿਆਂ, ਬਿਜਲਈ ਲੜੀਆਂ, ਰੰਗ ਬਿਰੰਗੀਆਂ ਰੌਸ਼ਨੀਆਂ ਅਤੇ ਰੰਗ ਬਿਰੰਗੇ ਬਲਬਾਂ ਦੀਆਂ ਰਿਸ਼ਮਾਂ ਨਾਲ 'ਧਰਤੀ ਤੋਂ ਲੈ ਕੇ ਅੰਬਰ ਤੱਕ' ਹਰ ਕੋਨਾ ਰੁਸ਼ਨਾਇਆ ਹੁੰਦਾ ਹੈ। ਇਹ ਰੌਸ਼ਨੀਆਂ ਮਨੁੱਖ ਦੀ ਜ਼ਿੰਦਗੀ ਵਿੱਚ ਵੀ ਨਵਾਂ ਉਤਸ਼ਾਹ ਅਤੇ ਜੋਸ਼ ਭਰਦੀਆਂ ਹਨ। ਇਹਨਾਂ ਰੌਸ਼ਨੀਆਂ ਤੋਂ ਪ੍ਰੇਰਨਾ ਲੈ ਕੇ ਵੱਡੀ ਗਿਣਤੀ ਮਨੁੱਖ ਵੀ ਆਪਣਾ ਵਰਤਮਾਨ ਤੇ ਭਵਿੱਖ ਨੂੰ ਪੂਰੀ ਤਰ੍ਹਾਂ ਰੌਸ਼ਨ ਕਰਨ ਲਈ ਤਿਆਰ ਹੋ ਜਾਂਦੇ ਹਨ। ਦਿਵਾਲੀ ਮੌਕੇ ਧਰਤੀ 'ਤੇ ਜਗਾਏ ਮਿੱਟੀ ਦੇ ਦੀਵਿਆਂ ਅਤੇ ਹਨੇਰੀ ਰਾਤ ਨੂੰ ਅੰਬਰ 'ਤੇ ਚਮਕਦੇ ਤਾਰਿਆਂ ਵਿਚਾਲੇ ਵੀ ਇੱਕ ਤਰ੍ਹਾਂ ਮੁਕਾਬਲਾ ਹੋਣ ਲੱਗਦਾ ਹੈ ਕਿ ਦੋਵਾਂ ਵਿਚੋਂ ਵਧੇਰੇ ਕੌਣ ਚਮਕੇਗਾ? ਨਿੱਕੇ ਬਾਲਾਂ ਤੋਂ ਲੈ ਕੇ ਹਰ ਉਮਰ ਵਰਗ ਦੇ ਲੋਕਾਂ ਵਿੱਚ ਦਿਵਾਲੀ ਵਾਲੇ ਦਿਨ-ਰਾਤ ਹੋਈ ਚਮਕ ਦਮਕ ਅਤੇ ਲੱਗੀਆਂ ਰੌਣਕਾਂ ਨਵੇਂ ਵਲਵਲੇ ਪੈਦਾ ਕਰਦੀਆਂ ਹਨ ਅਤੇ ਉਹ ਆਪਣੀ ਜ਼ਿੰਦਗੀ ਨੂੰ ਹੋਰ ਰੁਸ਼ਨਾਉਣ ਲਈ ਤਿਆਰ ਹੋ ਜਾਂਦੇ ਹਨ। ਇਸ ਮੌਕੇ ਹਰ ਵਿਅਕਤੀ ਦੇ ਚਿਹਰੇ 'ਤੇ ਇੱਕ ਵੱਖਰਾ ਹੀ ਨੂਰ ਹੁੰਦਾ ਹੈ।

ਦਿਵਾਲੀ ਦੀ ਰਾਤ ਇੱਕ ਪਾਸੇ ਖੁਸ਼ੀਆਂ ਵਿੱਚ ਢੋਲ ਨਗਾੜੇ ਵੱਜ ਰਹੇ ਹੁੰਦੇ ਹਨ, ਦੂਜੇ ਪਾਸੇ ਵਲਵਲਿਆਂ ਦੀ ਸ਼ਹਿਨਾਈ ਗੂੰਜ ਰਹੀ ਹੁੰਦੀ ਹੈ। ਇਸ ਦੇ ਨਾਲ ਹੀ ਦਿਵਾਲੀ ਮੌਕੇ ਲਕਸ਼ਮੀ ਮਾਤਾ ਜੀ ਦੀ ਪੂਜਾ ਵੀ ਹੋ ਰਹੀ ਹੁੰਦੀ ਹੈ। ਇੱਕ ਦੀਵੇ ਨੂੰ ਜਗਾ ਕੇ ਫਿਰ ਉਸ ਦੀਵੇ ਤੋਂ ਹੀ ਬਾਕੀ ਦੀਵੇ ਜਗਾਏ ਜਾਂਦੇ ਹਨ ਅਤੇ ਘਰਾਂ ਵਿੱਚ ਰੌਸ਼ਨੀ ਕੀਤੀ ਜਾਂਦੀ ਹੈ। ਇਸ ਦਿਨ ਦਿਵਾਲੀ ਦੇ ਦੀਵਿਆਂ, ਲੜੀਆਂ, ਰੰਗੀਨ ਬਲਬਾਂ ਦੀ ਰੌਸ਼ਨੀ ਵਿੱਚ ਘਰ ਅਤੇ ਦੁਕਾਨਾਂ, ਸ਼ੋ-ਰੂਮ ਬੜੇ ਸੁੰਦਰ ਲੱਗਦੇ ਹਨ, ਕਿਉਂਕਿ ਦਿਵਾਲੀ ਤੋਂ ਕੁਝ ਦਿਨ ਪਹਿਲਾਂ ਹੀ ਘਰਾਂ ਅਤੇ ਦੁਕਾਨਾਂ ਦੀ ਚੰਗੀ ਤਰ੍ਹਾਂ ਸਫਾਈ ਕੀਤੀ ਹੁੰਦੀ ਹੈ, ਕਈਆਂ ਨੂੰ ਤਾਂ ਨਵਾਂ ਰੰਗ ਰੋਗਨ ਵੀ ਕੀਤਾ ਜਾਂਦੈ, ਇਸ ਕਾਰਨ ਹੀ ਹਰ ਘਰ ਵੀ ਸੁੰਦਰ ਲੱਗਦੈ ਤੇ ਸ਼ੁੱਧ ਵੀ ਮੰਨਿਆ ਜਾਂਦੈ।

ਹੁਣ ਪਿੰਡਾਂ ਵਿੱਚ ਬੋੜੇ ਦਰਾਂ ਵਾਲੇ ਘਰ ਨਹੀਂ ਰਹੇ। ਕੱਚੇ ਜਿਹੇ ਘਰਾਂ ਦੀ ਥਾਂ ਵੀ ਪੱਕੇ ਮਕਾਨ ਬਣ ਗਏ ਹਨ। ਕਈ ਘਰਾਂ ਦੇ ਦਰਵਾਜੇ ਹੀ ਏਨੇ ਉੱਚੇ ਬਣਾਏ ਗਏ ਹੁੰਦੇ ਹਨ ਕਿ ਕੰਬਾਈਨ ਵੀ ਆਰਾਮ ਨਾਲ ਅੰਦਰ ਚਲੀ ਜਾਂਦੀ ਹੈ। ਇਹਨਾਂ ਮਹਿਲਾਂ ਵਰਗੇ ਘਰਾਂ ਵਿੱਚ ਉੱਪਰਲੀ ਮੰਜ਼ਿਲ 'ਤੇ ਕਿਸੇ ਨੇ ਜਹਾਜ਼ ਬਣਾ ਰਖਿਆ ਹੈ ਤੇ ਕਿਸੇ ਨੇ ਟੈਂਕ। ਕਿਸੇ ਨੇ ਛੱਤ ਉੱਪਰ ਬਲਦਾਂ ਦੀ ਜੋੜੀ ਹੀ ਬਣਾ ਰੱਖੀ ਹੈ ਤੇ ਕਿਸੇ ਨੇ ਘੋੜੀ। ਕਿਸੇ ਨੇ ਫੁੱਟਬਾਲ ਬਣਾ ਰੱਖੀ ਹੈ ਤੇ ਕਿਸੇ ਨੇ ਕਾਰ ਹੀ ਛੱਤ ਉੱਪਰ ਚੜ੍ਹਾ ਰੱਖੀ ਹੈ ਪਰ ਇਸ ਸਭ ਦੇ ਬਾਵਜੂਦ ਕੁਝ ਆਲੀਸ਼ਾਨ ਘਰਾਂ ਵਿੱਚ ਦਿਵਾਲੀ ਮੌਕੇ ਵੀ ਹਨੇਰਾ ਜਿਹਾ ਹੀ ਰਹਿੰਦਾ ਹੈ ਜਾਂ ਕਿਸੇ ਨੁੱਕਰ ਵਿੱਚ ਜਾਂ ਦੇਹਲੀ ਉੱਪਰ ਹੀ ਇੱਕ ਦੀਵਾ ਜਗਦਾ -ਬੁਝਦਾ ਦਿਖਾਈ ਦੇ ਦਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪਿੰਡਾਂ ਵਿੱਚ ਵੱਡੀ ਗਿਣਤੀ ਮਹਿਲਾਂ ਵਰਗੇ ਆਲੀਸ਼ਾਨ ਘਰਾਂ ਦੇ ਅਸਲੀ ਮਾਲਕ ਤਾਂ ਵਿਦੇਸ਼ਾਂ ਵਿੱਚ ਰਹਿੰਦੇ ਹਨ ਤੇ ਉਹ ਦਿਵਾਲੀ ਮੌਕੇ ਵੀ ਵਤਨ ਗੇੜਾ ਨਹੀਂ ਮਾਰ ਸਕਦੇ ਇਸੇ ਕਾਰਨ ਉਹਨਾਂ ਦੇ ਘਰਾਂ ਵਿੱਚ ਦਿਨੇ ਕਬੂਤਰ ਗੂੰਟਰ ਗੂੰ ਕਰਦੇ ਹਨ ਤੇ ਰਾਤ ਨੂੰ ਚਮਗਿੱਦੜ ਤੇ ਕੋਚਰੀਆਂ ਬੋਲਦੀਆਂ ਹਨ। ਇਹਨਾਂ ਕੋਠੀਆਂ ਦੀ ਰਾਖੀ ਲਈ ਰੱਖੇ ਚੌਕੀਦਾਰ ਜਾਂ ਆਂਢੀ ਗੁਆਂਢੀ ਹੀ ਇਹਨਾਂ ਮਹਿਲਾਂ ਵਰਗੇ ਘਰਾਂ ਦੇ ਦਰਾਂ ਅੱਗੇ ਦਿਵਾਲੀ ਦੀ ਰਾਤ ਦੀਵਾ ਜਗਾ ਦਿੰਦਾ ਹੈ ਤਾਂ ਕਿ ਸ਼ਗਨ ਜਿਹਾ ਹੋ ਜਾਵੇ।




ਦੂਜੇ ਪਾਸੇ ਇਹ ਵੀ ਇੱਕ ਅਸਲੀਅਤ ਹੈ ਕਿ ਦਿਵਾਲੀ ਮੌਕੇ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬੀ ਆਪਣੇ ਜੱਦੀ ਘਰਾਂ ਵਿੱਚ ਗੇੜਾ ਮਾਰਦੇ ਹਨ। ਇਹਨਾਂ ਐਨ.ਆਰ.ਆਈ. ਪੰਜਾਬੀਆਂ ਦੇ ਆਉਣ ਨਾਲ ਇਹਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਬਣੇ ਆਲੀਸ਼ਾਨ ਘਰਾਂ ਵਿੱਚ ਰੌਣਕਾਂ ਲੱਗ ਜਾਂਦੀਆਂ ਹਨ ਅਤੇ ਬਿਜਲਈ ਲੜੀਆਂ ਅਤੇ ਬਲਬਾਂ ਦੀ ਰੌਸ਼ਨੀ ਹਰ ਪਾਸੇ ਹੀ ਚਾਨਣ ਫੈਲਾਉਂਦੀ ਹੈ। ਅਜਿਹੇ ਆਲੀਸ਼ਾਨ ਤੇ ਵੱਡੇ ਘਰਾਂ ਵਿੱਚ ਦਿਵਾਲੀ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ।

ਹੁਣ ਜਰਾਂ ਸੋਚੋ ਯਾਂ ! ਉਹਨਾਂ ਲੋਕਾਂ ਬਾਰੇ, ਜਿਨ੍ਹਾਂ ਕੋਲ ਜ਼ਿੰਦਗੀ ਤਾਂ ਹੈ ਪਰ ਜਿਉਣ ਦਾ ਹੱਕ ਹੀ ਨਹੀਂ। ਪੰਜਾਬ ਵਿੱਚ ਵੀ ਵੱਡੀ ਗਿਣਤੀ ਲੋਕ ਅਜਿਹੇ ਹਨ, ਜਿਨ੍ਹਾਂ ਦੇ ਬਜ਼ੁਰਗ ਮਾਪੇ ਬਿਰਧ ਘਰਾਂ ਵਿੱਚ ਰਹਿੰਦੇ ਹਨ, ਆਪਣੇ ਪੁੱਤਰਾਂ ਦੇ ਅਮੀਰ ਹੋਣ ਦੇ ਬਾਵਜੂਦ ਬਿਰਧ ਘਰਾਂ ਵਿੱਚ ਜਿੰਦਗੀ ਦੀ ਸ਼ਾਮ ਗੁਜ਼ਾਰ ਰਹੇ ਅਜਿਹੇ ਬਜ਼ੁਰਗ ਵੀ ਦਿਵਾਲੀ ਮੌਕੇ ਆਪਣੇ ਪਰਿਵਾਰ ਵਿੱਚ ਰਹਿਣ ਲਈ 'ਚਾਨਣ ਦੀ ਇੱਕ ਛਿੱਟ' ਭਾਲਦੇ ਨਜ਼ਰ ਆਉਂਦੇ ਹਨ।

ਹੁਣ ਉਹਨਾਂ ਲੋਕਾਂ ਬਾਰੇ ਕੀ ਲਿਖਾਂ? ਜਿਨ੍ਹਾਂ ਦੇ ਪੁੱਤਰ ਪੰਜਾਬ ਵਿੱਚ ਫੈਲੇ ਨਸ਼ੇ ਨੂੰ ਬੰਦ ਕਰਵਾਉਣ ਦਾ ਯਤਨ ਕਰਦਿਆਂ ਮਾਰੇ ਗਏ, ਜਾਂ ਮਾਲਟਾ ਦੇ ਬਰਫ਼ੀਲੇ ਪਾਣੀਆਂ ਵਿੱਚ ਜਿਉਂਦੇ ਹੀ ਜੰਮ ਗਏ ਤੇ ਜਿਨ੍ਹਾਂ ਦੇ ਪੁੱਤ ਡੌਂਕੀ ਲਗਾ ਕੇ ਵਿਦੇਸ਼ ਜਾਣ ਦੇ ਲਾਲਚ ਵਿੱਚ ਅੱਧ ਰਸਤੇ ਵਿਚਾਲੇ ਹੀ ਮਰ ਮੁੱਕ ਗਏ ਅਤੇ ਜਿਹੜੇ ਮਾਪਿਆਂ ਦੇ ਪੁੱਤ ਸੱਤ ਸਮੁੰਦਰ ਪਾਰ ਪਰਾਏ ਮੁਲਕਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜਿਥੇ ਉਹ ਉਹਨਾਂ ਮੁਲਕਾਂ ਦੀ ਭਾਸ਼ਾ ਨਾ ਆਉਣ ਅਤੇ ਪੈਸੇ ਦੀ ਘਾਟ ਕਾਰਨ ਆਪਣੇ ਬਚਾਓ ਲਈ ਕੋਈ ਚਾਰਾਜੋਈ ਹੀ ਨਹੀਂ ਕਰ ਸਕਦੇ।

ਕੱਤਕ/ਨਵੰਬਰ ਮਹੀਨੇ ਨੂੰ 'ਘਰਾਂ ਨੂੰ ਪਰਤਨ ਦਾ ਮਹੀਨਾ' ਵੀ ਕਿਹਾ ਜਾਂਦਾ ਹੈ। ਵੱਡੀ ਗਿਣਤੀ ਦੇਸ਼ ਵਾਸੀ ਪਰਦੇਸਾਂ ਵਿਚੋਂ ਕਮਾਈ ਕਰਕੇ ਦਿਵਾਲੀ ਮੌਕੇ ਆਪਣੇ ਜੱਦੀ ਘਰਾਂ 'ਚ ਆ ਕੇ ਦਿਵਾਲੀ ਦੀਆਂ ਖੁਸ਼ੀਆਂ ਮਨਾਉਂਦੇ ਹਨ। ਦਿਵਾਲੀ ਵਰਗੇ ਤਿਉਹਾਰ ਸਮਾਜ ਵਿੱਚ ਰਹਿੰਦੇ ਵੱਖ-ਵੱਖ ਧਰਮਾਂ,ਜਾਤਾਂ, ਰੰਗਾਂ ਤੇ ਨਸਲਾਂ ਦੇ ਲੋਕਾਂ ਵਿੱਚ ਆਪਸੀ ਭਾਈਚਾਰਕ ਸਾਂਝ ਪੈਦਾ ਕਰਦੇ ਹਨ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE



FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਬੰਦੀ ਛੋੜ ਦਿਵਸ 'ਤੇ ਵਿਸ਼ੇਸ਼ ਲੇਖ

ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਜ਼ਿੰਦਗੀ ਰੁਸ਼ਨਾਈਏ



ਹਰਜਿੰਦਰ ਸਿੰਘ ਧਾਮੀ



ਸਿੱਖ ਕੌਮ ਦੇ ਨਿਰਾਲੇ ਇਤਿਹਾਸ ਨੂੰ ਬਿਆਨ ਕਰਦਾ ਬੰਦੀ ਛੋੜ ਦਿਵਸ ਕੌਮ ਵੱਲੋਂ ਸ਼ਰਧਾ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਦਾ ਸਬੰਧ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦਾ ਹੈ। ਛੇਵੇਂ ਪਾਤਸ਼ਾਹ ਆਪਣੇ ਨਾਲ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰਵਾਉਣ ਮਗਰੋਂ ਇਸ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ, ਜਿਸ 'ਤੇ ਸੰਗਤਾਂ ਨੇ ਘਿਓ ਦੇ ਦੀਵੇ ਬਾਲ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਹ ਪ੍ਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ। ਇਸ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸੰਗਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀ ਹੈ। ਇਸ ਦਿਨ ਦੇ ਇਤਿਹਾਸ ਨੇ ਹੱਕ ਸੱਚ ਅਤੇ ਇਨਸਾਫ਼ ਦੀ ਇਕ ਵੱਡੀ ਉਦਾਹਰਨ ਪੇਸ਼ ਕੀਤੀ, ਜੋ ਦੁਨੀਆਂ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਸਮੇਂ ਦੀਆਂ ਹਕੂਮਤਾਂ ਅਕਸਰ ਮਨੁੱਖੀ ਹੱਕਾਂ ਨੂੰ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਹਕੂਮਤਾਂ ਦਾ ਜਬਰ ਸਿਖਰ 'ਤੇ ਸੀ, ਜਿਸ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਹਕੂਮਤ ਦੇ ਜ਼ੁਲਮ ਨਾਲ ਨਜਿੱਠਣ ਲਈ ਛੇਵੇਂ ਪਾਤਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਦਿਆਂ ਘੋੜ ਸਵਾਰੀ ਅਤੇ ਯੁੱਧ ਕਲਾ ਵਿੱਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਆਜ਼ਾਦ ਹੋਂਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਜ਼ਾਦਾਨਾ ਤੇ ਬੁਲੰਦ ਸ਼ਖ਼ਸੀਅਤ ਸਮੇਂ ਦੀ ਹਕੂਮਤ ਨੂੰ ਰੜਕਣ ਲੱਗੀ। ਇਸ ਦੇ ਨਾਲ ਹੀ ਗੁਰੂ ਘਰ ਦੇ ਦੋਖੀਆਂ ਨੇ ਵੀ ਹਕੂਮਤ ਦੇ ਕੰਨ ਭਰੇ। ਬਾਦਸ਼ਾਹ ਜਹਾਂਗੀਰ ਨੇ ਕਪਟੀ ਚਾਲਾਂ ਚੱਲਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ। ਇਸ ਕਿਲ੍ਹੇ ਵਿੱਚ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਕੈਦ ਰੱਖਿਆ ਹੋਇਆ ਸੀ। ਇਹ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਵਿੱਚ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸੰਗਤ ਦਾ ਇਨ੍ਹਾਂ ਬੰਦੀ ਰਾਜਿਆਂ ਦੇ ਮਨਾਂ 'ਤੇ ਬਹੁਤ ਚੰਗਾ ਅਸਰ ਹੋਇਆ ਅਤੇ ਉਨ੍ਹਾਂ ਅੰਦਰ ਆਸ ਦੀ ਕਿਰਨ ਜਾਗ ਉੱਠੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕਿਲ੍ਹੇ ਵਿੱਚ ਬੰਦੀ ਬਣਾਉਣ ਕਰਕੇ ਸਿੱਖ ਸੰਗਤ ਦੇ ਮਨਾਂ ਵਿੱਚ ਵੀ ਭਾਰੀ ਰੋਸ ਸੀ, ਜਿਸ ਨੂੰ ਵੇਖਦਿਆਂ ਹਕੂਮਤ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰਨਾ ਪਿਆ। ਗੁਰੂ ਸਾਹਿਬ ਨੇ ਆਪਣੇ ਨਾਲ ਬੰਦੀ ਰਾਜਿਆਂ ਦੀ ਰਿਹਾਈ ਲਈ ਹਕੂਮਤ ਅੱਗੇ ਸ਼ਰਤ ਰੱਖੀ ਅਤੇ ਇੰਝ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਕਤ ਕਰਵਾ ਕੇ ਲੋਕਾਈ ਨੂੰ ਇਕ ਨਵੀਂ ਰੋਸ਼ਨੀ ਦਿੱਤੀ। ਗੁਰੂ ਸਾਹਿਬ ਦੇ ਇਸ ਕਦਮ ਨਾਲ ਮਨੁੱਖਤਾ ਅੰਦਰ ਆਜ਼ਾਦੀ ਦੀ ਲੋਅ ਇਕ ਵਾਰ ਫਿਰ ਰੋਸ਼ਨ ਹੋ ਗਈ।

ਬੰਦੀ ਛੋੜ ਦਿਹਾੜੇ ਨਾਲ ਸਿੱਖ ਇਤਿਹਾਸ ਦਾ ਇਕ ਹੋਰ ਪੰਨਾ ਜੁੜਦਾ ਹੈ। ਸਿੱਖ ਕੌਮ 'ਤੇ ਇੱਕ ਸਮਾਂ ਅਜਿਹਾ ਆਇਆ ਜਦ ਹਕੂਮਤ ਨੇ ਸਿੱਖਾਂ ਨੂੰ ਖਤਮ ਕਰਨ ਦੇ ਮਨਸੂਬੇ ਬਣਾਏ। ਸਿੱਖ ਜੰਗਲਾਂ ਵਿੱਚ ਰਹਿ ਕੇ ਗੁਜ਼ਾਰਾ ਕਰਨ ਲਗੇ। ਇਸੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਦਾ ਇਕੱਠ ਕਰਨ ਦੀ ਹਕੂਮਤ ਪਾਸੋਂ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਹਕੂਮਤ ਦੀ ਮਨਸ਼ਾ ਇਕੱਠੇ ਹੋਏ ਸਿੱਖਾਂ ਨੂੰ ਖ਼ਤਮ ਕਰਨ ਦੀ ਸੀ। ਭਾਈ ਮਨੀ ਸਿੰਘ ਨੂੰ ਪਤਾ ਲੱਗਣ 'ਤੇ ਉਨ੍ਹਾਂ ਸੰਗਤ ਨੂੰ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਸਰਕਾਰ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਧਰੇ-ਧਰਾਏ ਰਹਿ ਗਏ। ਇਸ 'ਤੇ ਲੋਹੀ ਲਾਖੀ ਹੋਈ ਸਰਕਾਰ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਇਆ। ਭਾਈ ਮਨੀ ਸਿੰਘ ਨੂੰ ਟੈਕਸ ਨਾ ਤਾਰਨ ਬਦਲੇ ਇਸਲਾਮ ਜਾਂ ਮੌਤ ਕਬੂਲਣ ਦਾ ਫੁਰਮਾਨ ਜਾਰੀ ਕਰ ਦਿੱਤਾ। ਇਸ 'ਤੇ ਭਾਈ ਮਨੀ ਸਿੰਘ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਨੂੰ ਪ੍ਰਵਾਨ ਕੀਤਾ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਬੰਦੀ ਛੋੜ ਦਿਹਾੜੇ ਦਾ ਇਤਿਹਾਸ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਕੌਮ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾਂ ਹੀ ਸਮਾਜਿਕ ਕੁਰੀਤੀਆਂ ਦੇ ਨਾਲ-ਨਾਲ ਜ਼ਬਰ ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਚੁਣੌਤੀਆਂ ਅਤੇ ਸੰਘਰਸ਼ ਦੇ ਦੌਰ ਵਿਚ ਸਿੱਖਾਂ ਨੇ ਕਦੇ ਵੀ ਹਿੰਮਤ ਨਹੀਂ ਹਾਰੀ। 18ਵੀਂ ਸਦੀ ਦੇ ਮੁਸ਼ਕਲ ਦੌਰ ਵਿੱਚ ਵੀ ਸਿੱਖ ਪੰਥ ਬੰਦੀ ਛੋੜ ਦਿਵਸ ਮੌਕੇ ਸ੍ਰੀ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਕੌਮੀ ਲੇਖਾ-ਜੋਖਾ ਕਰਿਆ ਕਰਦਾ ਸੀ। ਇਸ ਮੌਕੇ ਬੀਤੇ ਸਮੇਂ ਦੇ ਕਾਰਜਾਂ ਨੂੰ ਵਿਚਾਰ ਕੇ ਭਵਿੱਖਮੁਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਸਨ।

ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਅੱਜ ਵੀ ਕੌਮ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ, ਅੱਜ ਵੀ ਸਮਾਜ ਅੰਦਰ ਕੁਰੀਤੀਆਂ ਦੀ ਭਰਮਾਰ ਦੇ ਨਾਲ-ਨਾਲ ਪੰਥ ਵਿਰੋਧੀ ਸ਼ਕਤੀਆਂ ਸਰਗਰਮ ਹਨ, ਜਿਨ੍ਹਾਂ ਸਬੰਧੀ ਵਿਚਾਰ ਕਰਨ ਲਈ ਪੰਥਕ ਇੱਕਜੁਟਤਾ ਲਾਜਮੀ ਹੈ।

ਇੱਕ ਪਾਸੇ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਨੇ ਮੁਗਲ ਹਕੂਮਤ ਵੱਲੋਂ ਕੈਦ ਕੀਤੇ ਦੇਸ਼ ਦੇ ਵੱਖ-ਵੱਖ ਰਾਜਿਆਂ ਦੀ ਬੰਦ ਖਲਾਸੀ ਕੀਤੀ ਸੀ ਜਦਕਿ ਅੱਜ ਇਸ ਦੇਸ਼ ਅੰਦਰ ਉਨ੍ਹਾਂ ਦੇ ਅਨੁਆਈ ਸਿੱਖਾਂ ਨੂੰ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਰੱਖਿਆ ਹੋਇਆ ਹੈ। ਬੰਦੀ ਸਿੰਘਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਕੀਤਾ ਜਾ ਰਿਹਾ ਵਿਤਕਰਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਿਹਾ ਹੈ। ਉਮਰ ਕੈਦ ਤੋਂ ਦੁੱਗਣਾ ਸਮਾਂ ਜੇਲ੍ਹਾਂ ਵਿੱਚ ਬਤੀਤ ਕਰਨ ਦੇ ਬਾਵਜੂਦ ਸਰਕਾਰਾਂ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕਰ ਰਹੀਆਂ। ਇਸ ਦੇ ਨਾਲ ਹੀ ਸਿੱਖਾਂ ਵੱਲੋਂ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਸਿੱਖ ਸੰਸਥਾਵਾਂ ਨੂੰ ਤੋੜਣ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨਾਂ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਅੱਜ ਲੋੜ ਹੈ ਕਿ ਪੰਥ ਵਿਰੋਧੀ ਚਾਲਾਂ ਤੋਂ ਸੁਚੇਤ ਹੁੰਦੇ ਹੋਏ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਅਨੁਸਾਰ ਸਿੱਖ ਕੌਮ ਚੁਣੌਤੀਆਂ ਦੇ ਟਾਕਰੇ ਲਈ ਸਿਰਜੋੜ ਬੈਠੇ। ਬੰਦੀ ਛੋੜ ਦਿਵਸ ਦੀ ਸੰਗਤ ਨੂੰ ਵਧਾਈ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਸਿੱਖ ਕੌਮ ਇਸ ਇਤਿਹਾਸਕ ਦਿਹਾੜੇ 'ਤੇ ਆਪਣੇ ਇਤਿਹਾਸ ਤੋਂ ਵੀ ਸੇਧ ਲਵੇ। ਬੰਦੀ ਛੋੜ ਦਿਹਾੜੇ ਦਾ ਸੁਨੇਹਾ ਸਿਰਜੋੜ ਕੇ ਬੈਠਣ ਅਤੇ ਪੰਥਕ ਚੁਣੌਤੀਆਂ ਚੋਂ ਉਭਰਨ ਲਈ ਇਕਜੁੱਟ ਹੋਣ ਦਾ ਸੱਦਾ ਹੈ। ਇਸ ਮੌਕੇ 'ਤੇ ਆਪਣੇ ਘਰਾਂ ਨੂੰ ਰੁਸ਼ਨਾਉਣ ਦੇ ਨਾਲ-ਨਾਲ ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਆਪਣੇ ਹਿਰਦੇ ਨੂੰ ਵੀ ਰੁਸ਼ਨਾਉਣਾ ਹੈ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਹੀ ਤਤਪਰ ਰਹਿਣਾ ਹੈ।

ਬੰਦੀ ਛੋੜ ਦਿਵਸ ਤੇ ਦਿਵਾਲੀ ਦਾ ਆਪਸੀ ਸਬੰਧ !

ਡਾ. ਗੁਰਦੇਵ ਸਿੰਘ



ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥
ਗੁਰਮੁਖਿ ਮਨ ਅਪਤੀਜੁ ਪਤੀਣਾ॥
(ਵਾਰਾਂ ਭਾਈ ਗੁਰਦਾਸ : ਵਾਰ 26 ਪਉੜੀ 20)

ਬੰਦੀਛੋੜ ਦਿਵਸ, ਮੀਰੀ-ਪੀਰੀ ਦੇ ਮਾਲਕ, ਮਾਨਵਤਾ ਦੇ ਪਿਆਰੇ, ਮਜ਼ਲੂਮਾਂ ਦੇ ਰੱਖਿਅਕ, ਛੇਵੇਂ ਨਾਨਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਸਬੰਧਤ ਹੈ ਜਿਸ ਨੂੰ ਹਰ ਸਾਲ ਸਿੱਖ ਸੰਗਤਾਂ ਸ਼ਰਧਾ ਭਾਵਨਾ ਨਾਲ ਮਨਾਉਂਦੀਆਂ ਹਨ। ਇਸ ਦਿਨ ਸਿੱਖ ਜਗਤ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦਾ ਹੈ, ਕਿਉਂਕਿ ਸਿੱਖ ਧਰਮ ਅੰਦਰ ਇਸ ਦਿਨ ਦਾ ਆਪਣਾ ਖਾਸ ਮਹੱਤਵ ਹੈ।

ਸਿੱਖ ਹਵਾਲਿਆਂ ਅਨੁਸਾਰ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਆਰ ਦੇ ਕਿਲੇ ਵਿੱਚ ਕੈਦ ਕੀਤਾ ਹੋਇਆ ਸੀ ਪਰ ਸਿੱਖ ਸੰਗਤਾਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਉਸ ਨੇ ਗੁਰੂ ਸਾਹਿਬ ਨੂੰ ਆਜ਼ਾਦ ਕਰਨ ਦਾ ਫੈਸਲਾ ਕੀਤਾ ਪਰ ਗੁਰੂ ਸਾਹਿਬ ਨੇ ਕਿਹਾ ਕਿ ਪਹਿਲਾਂ ਸਾਰੇ ਕੈਦੀਆਂ ਨੂੰ ਆਜ਼ਾਦ ਕਰੋ ਤਾਂ ਹੀ ਅਸੀਂ ਜਾਵਾਂਗੇ। ਜਹਾਂਗੀਰ ਨੇ ਕਿਹਾ ਕਿ ਜਿੰਨੇ ਤੁਹਾਡਾ ਪਲਾ ਫੜ ਕੇ ਜਾ ਸਕਦੇ ਉਹ ਚਲੇ ਜਾਣ। ਗੁਰੂ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ 52 ਕਲੀਆਂ ਵਾਲਾ ਚੋਲਾ ਪਾ ਕੇ ਜਹਾਂਗੀਰ ਦੀ ਚਲਾਕ ਬਿਰਤੀ ਦੀ ਰੱਖੀ ਸ਼ਰਤ ਨੂੰ ਪੂਰਾ ਕੀਤਾ ਤੇ ਗਵਾਲੀਅਰ ਦੇ ਕਿਲੇ ਵਿੱਚੋਂ ਸਾਰੇ ਕੈਦੀ 52 ਹਿੰਦੂ ਰਾਜਿਆਂ ਨੂੰ ਵੀ ਅਜ਼ਾਦ ਕਰਵਾਇਆ। ਇਸੇ ਕਰਕੇ ਹੀ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਆਖਿਆ ਜਾਂਦਾ ਹੈ। ਸਿੱਖ ਮਾਨਤਾ ਅਨੁਸਾਰ ਗਵਾਲੀਅਰ ਦੇ ਕਿਲੇ ਵਿਚੋਂ ਵਾਪਸ ਅੰਮ੍ਰਿਤਸਰ ਪਰਤਣ ਦੀ ਖੁਸ਼ੀ ਵਿੱਚ ਸਿੱਖਾਂ ਨੇ ਗੁਰੂ ਸਾਹਿਬ ਦਾ ਨਿੱਘਾ ਸਵਾਗਤ ਕੀਤਾ। ਉਦੋਂ ਤੋਂ ਹਰ ਵਰੇ ਇਸ ਦਿਨ ਨੂੰ ਬੰਦੀ ਛੋੜ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਵਰੇ ਵੀ ਸਿੱਖ ਸੰਗਤਾਂ ਇਸ ਦਿਨ ਨੂੰ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾ ਰਹੀਆਂ ਹਨ। ਇਸ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਸੰਗਤਾਂ ਦਾ ਇਕੱਠ ਦੇਖਦਿਆਂ ਹੀ ਬਣਦਾ ਹੈ। ਵਿਸ਼ੇਸ਼ ਰੂਪ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲਾਇਟਿੰਗ ਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਹ ਦਿਹਾੜਾ ਸਿੱਖ ਜਗਤ ਵਿੱਚ ਵਿਸ਼ੇਸ਼ ਤੇ ਮੌਲਿਕ ਸਥਾਨ ਰੱਖਦਾ ਹੈ।

ਭਾਰਤ ਵਿੱਚ ਕੁਝ ਤਿਉਹਾਰ ਅਜਿਹੇ ਹਨ ਜਿਨ੍ਹਾਂ ਨੂੰ ਦੇਸ਼ ਵਿੱਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਹਰ ਇੱਕ ਤਿਉਹਾਰ ਨੂੰ ਮਨਾਉਣ ਦੀ ਇੱਕ ਆਪਣੀ ਪਰੰਪਰਾ ਹੈ ਜੋ ਸਦੀਆਂ ਤੋਂ ਚਲਦੀ ਆ ਰਹੀ ਹੈ। ਉਨ੍ਹਾਂ ਵਿਚੋਂ ਹੀ ਇੱਕ ਤਿਉਹਾਰ ਦਿਵਾਲੀ ਹੈ ਜਿਸ ਦਾ ਹਰ ਸਾਲ ਪੂਰਾ ਦੇਸ਼ ਬਹੁਤ ਹੀ ਬੇਸਬਰੀ ਨਾਲ ਇੰਤਜਾਰ ਕਰਦਾ ਹੈ ਤੇ ਉਤਸ਼ਾਹ ਨਾਲ ਮਨਾਉਂਦਾ ਹੈ। ਇਹ ਤਿਉਹਾਰ ਸਿੱਧੇ ਰੂਪ ਵਿੱਚ ਹਿੰਦੂ ਭਾਈਚਾਰੇ ਨਾਲ ਸਬੰਧਤ ਹੈ ਜੋ ਕਿ ਸ੍ਰੀ ਰਾਮ ਚੰਦਰ ਜੀ ਦੇ 14 ਸਾਲਾ ਬਨਵਾਸ ਕੱਟਣ ਤੋਂ ਬਾਅਦ ਆਯੋਧਿਆ ਵਾਪਸੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਸਦੀਆਂ ਤੋਂ ਇਸ ਵਿਸ਼ੇਸ਼ ਦਿਨ ਦੀ ਰਾਤ ਨੂੰ ਮਿੱਟੀ ਦੇ ਦੀਵੇ ਜਗਾਉਣ ਅਤੇ ਆਤਿਸ਼ਬਾਜੀ ਕਰਨ ਦੀ ਰੀਤ ਚੱਲੀ ਆ ਰਹੀ ਹੈ। ਦੀਵੇ ਇੰਨੇ ਵੱਡੇ ਪੱਧਰ 'ਤੇ ਬਾਲੇ ਜਾਂਦੇ ਨੇ ਕਿ ਇਸ ਦਿਨ ਦਾ ਨਾਮ ਹੀ ਦਿਵਾਲੀ ਪੈ ਗਿਆ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਦਿਵਾਲੀ ਦਾ ਜ਼ਿਕਰ ਕੁਝ ਇਸ ਤਰ੍ਹਾਂ ਕਰਦੇ ਨੇ :

ਦਿਵਾਲੀ ਕੀ ਰਾਤਿ ਦੀਵੇ ਬਾਲੀਅਨ।
ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨ।
(ਭਾਈ ਗੁਰਦਾਸ ਜੀ, ਵਾਰ 19 ਪਉੜੀ 6)

ਜਿਸ ਦੇ ਅਰਥ ਨੇ ਕਿ ਜਿਵੇਂ ਅੰਬਰ ਵਿੱਚ ਤਾਰੇ ਚਮਕਦੇ ਨੇ ਉਸੇ ਤਰ੍ਹਾਂ ਦਿਵਾਲੀ ਦੀ ਰਾਤ ਦੀਵੇ ਚਮਕਦੇ ਨੇ ਪਰ ਜਿਵੇਂ ਹੀ ਸੂਰਜ ਚੜਦਾ ਹੈ ਅੰਬਰ ਦੇ ਤਾਰੇ ਤੇ ਦਿਵਾਲੀ ਦੇ ਦੀਵਿਆਂ ਦੀ ਸਾਰੀ ਚਮਕ ਖਤਮ ਹੋ ਜਾਂਦੀ ਹੈ। ਗੁਰੂ ਦੀ ਬਾਣੀ ਤਾਂ ਅਜਿਹੇ ਸ਼ਬਦ ਰੂਪੀ ਦੀਵੇ ਬਾਲਣ ਦਾ ਉਪਦੇਸ਼ ਕਰਦੀ ਏ ਜਿਸ ਦਾ ਗਿਆਨ ਰੂਪੀ ਚਾਨਣ ਸਦਾ ਸਥਿਰ ਰਹਿਣ ਵਾਲਾ ਹੁੰਦਾ ਹੈ :

ਸਤਿਗੁਰ ਸਬਦਿ ਉਜਾਰੋ ਦੀਪਾ ॥ ॥੧॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥ ਰਹਾਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, 821)

ਵੈਸੇ ਵੀ ਗੁਰਮਤਿ ਦਾ ਸਿਧਾਂਤ ਤਾਂ ਹੈ ਹੀ ਨਿਰਾਲਾ। ਅੱਜ ਲੋੜ ਹੈ ਉਸ ਨੂੰ ਅਪਨਾਉਣ ਦੀ ਨਾ ਕਿ ਭੇਡ ਚਾਲ ਪਿੱਛੇ ਲੱਗਣ ਦੀ। ਅਜੋਕੇ ਸਮੇਂ ਜਦੋਂ ਪ੍ਰਦੂਸ਼ਣ ਹੱਦ ਤੋਂ ਜ਼ਿਆਦਾ ਹੋ ਚੁੱਕਾ ਹੈ ਅਜਿਹੇ ਵਿੱਚ ਸਾਨੂੰ ਇਸ ਤਿਉਹਾਰ ਵਾਲੇ ਦਿਨ ਕੀਤੀ ਜਾਂਦੀ ਆਤਿਸ਼ਬਾਜੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਪਾਸੇ ਸਾਡੇ ਧਾਰਮਿਕ ਅਦਾਰਿਆਂ ਤੇ ਸੰਸਥਾਵਾਂ ਨੂੰ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕਾਦਰ ਦੀ ਸੋਹਣੀ ਕੁਦਰਤ ਦਾ ਧਿਆਨ ਰੱਖਿਆ ਜਾਵੇ। ਇਹ ਸਾਡਾ ਸਾਰਿਆਂ ਦਾ ਹੀ ਫਰਜ਼ ਬਣਦਾ ਹੈ। ਅਸੀਂ ਸਾਰਿਆਂ ਨੂੰ ਬੰਦੀ ਛੋੜ ਦਿਵਸ ਅਤੇ ਦਿਵਾਲੀ ਦੀਆਂ ਮੁਬਾਰਕਾਂ ਦਿੰਦੇ ਹੋਏ ਸ

ਬੰਦੀ ਛੋੜ ਦਿਵਸ ਤੇ ਦਿਵਾਲੀ ਦੇ ਤਿਉਹਾਰ ਦੀ ਮਹੱਤਤਾ

ਗੁਰਦੀਸ਼ ਕੌਰ ਗਰੇਵਾਲ
(ਕੈਲਗਰੀ, ਕੈਨੇਡਾ)



ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪਰਗਾਸੁ ਅਗਿਆਨੁ ਮਿਟੰਤੁ॥ (ਅੰਗ 791)

ਦਿਵਾਲੀ ਹਿੰਦੂਆਂ ਅਤੇ ਸਿੱਖਾਂ ਦਾ ਸਾਂਝਾ ਤਿਉਹਾਰ ਜਾਣਿਆ ਜਾਂਦਾ ਹੈ। ਇਤਿਹਾਸ ਅਨੁਸਾਰ ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲਾਂ ਦਾ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਪਹੁੰਚੇ ਸਨ ਅਤੇ ਲੋਕਾਂ ਨੇ ਖ਼ੁਸ਼ੀ ਵਿੱਚ ਦੀਪਮਾਲਾ ਕੀਤੀ ਸੀ। ਹਿੰਦੂ ਭਾਈਚਾਰਾ ਇਸ ਨੂੰ 'ਲਕਸ਼ਮੀ ਪੂਜਾ' ਵਜੋਂ ਵੀ ਮਨਾਉਂਦਾ ਹੈ ਅਤੇ ਸਿੱਖ ਇਸ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਂਦੇ ਹਨ। ਭਾਵੇਂ ਸਿੱਖ ਇਤਿਹਾਸ ਨੂੰ ਘੋਖਿਆਂ ਇਹ ਪਤਾ ਲੱਗਦਾ ਹੈ ਕਿ ਬੰਦੀ ਛੋੜ ਦਿਵਸ ਦਾ ਅਸਲ ਸਮਾਂ ਦਿਵਾਲੀ ਦੀ ਤਾਰੀਖ਼ ਨਾਲ ਹੂਬਹੂ ਮੇਲ ਨਹੀਂ ਖਾਂਦਾ, ਪਰ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਦਿਵਾਲੀ ਅਤੇ ਵਿਸਾਖੀ ਦੇ ਮੌਕੇ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਬੁਲਾਇਆ ਜਾਂਦਾ ਸੀ ਅਤੇ ਅਹਿਮ ਫ਼ੈਸਲੇ ਸੰਗਤ ਨਾਲ ਸਾਂਝੇ ਕੀਤੇ ਜਾਂਦੇ ਸਨ। ਇਸ ਲਈ ਇਸ ਤਿਉਹਾਰ ਨੂੰ ਭਾਈਚਾਰਕ ਸਾਂਝ ਦੇ ਪ੍ਰਤੀਕ ਵਜੋਂ ਇਕੱਠੇ ਮਨਾ ਲਿਆ ਜਾਵੇ ਤਾਂ ਕੋਈ ਹਰਜ਼ ਨਹੀਂ।

ਬੰਦੀ ਛੋੜ ਦਿਵਸ ਵਾਲੇ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਆਏ ਸਨ। ਗੁਰੂ ਸਾਹਿਬ ਤੋਂ ਪਹਿਲਾਂ ਉੱਥੇ ਬਗ਼ਾਵਤ ਦੇ ਇਲਜ਼ਾਮ ਹੇਠ ਬਵੰਜਾ (52) ਰਾਜੇ ਵੀ ਕੈਦ ਕੱਟ ਰਹੇ ਸਨ, ਜਿਨ੍ਹਾਂ ਨੂੰ ਗੁਰੂ ਸਾਹਿਬ ਹਰ ਰੋਜ਼ ਗੁਰਬਾਣੀ ਅਤੇ ਚੜ੍ਹਦੀ ਕਲਾ ਦਾ ਉਪਦੇਸ਼ ਦਿੰਦੇ ਸਨ। ਇਸ ਨਾਲ ਉਨ੍ਹਾਂ ਦੇ ਜੀਵਨ ਵਿੱਚ ਅਨੋਖੀ ਤਬਦੀਲੀ ਆ ਗਈ। ਡੇਢ ਸਾਲ ਬਾਅਦ ਜਦੋਂ ਬਾਦਸ਼ਾਹ ਜਹਾਂਗੀਰ ਨੇ ਆਪਣੀ ਭੁੱਲ ਸਵੀਕਾਰ ਕਰਦਿਆਂ ਗੁਰੂ ਸਾਹਿਬ ਦੀ ਰਿਹਾਈ ਦਾ ਹੁਕਮ ਸੁਣਾਇਆ, ਤਾਂ ਉਹ ਬਵੰਜਾ ਰਾਜੇ ਰੋ ਕੇ ਕਹਿਣ ਲੱਗੇ, 'ਹੁਣ ਸਾਡਾ ਕੀ ਬਣੇਗਾ?' ਗੁਰੂ ਸਾਹਿਬ ਨੇ ਰਾਜਿਆਂ ਦੀ ਰਿਹਾਈ ਤੋਂ ਬਿਨਾਂ ਖ਼ੁਦ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਵਿਅਰਥ ਰਿਹਾ। ਅਖ਼ੀਰ ਉਸ ਨੇ ਹਾਰ ਕੇ ਸ਼ਰਤ ਰੱਖ ਦਿੱਤੀ, 'ਜੋ ਤੁਹਾਡਾ ਦਾਮਨ ਪਕੜ ਕੇ ਜਾ ਸਕਦਾ ਹੈ, ਚਲਾ ਜਾਵੇ!' ਇਸ 'ਤੇ ਗੁਰੂ ਸਾਹਿਬ ਨੇ ਸਿੱਖਾਂ ਨੂੰ ਸੁਨੇਹਾ ਭੇਜ ਕੇ ਬਵੰਜਾ ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ, ਜਿਸ ਦੀਆਂ ਕੰਨੀਆਂ ਫੜ ਕੇ ਸਾਰੇ ਰਾਜੇ ਬਾਹਰ ਆ ਗਏ। ਇਤਿਹਾਸਕਾਰਾਂ ਅਨੁਸਾਰ ਰਿਹਾਈ ਦਾ ਸਮਾਂ ਅਗਸਤ 1613 ਈਸਵੀ ਮੰਨਿਆ ਗਿਆ ਹੈ। ਉਸ ਸਾਲ ਦੀ ਦਿਵਾਲੀ ਗੁਰੂ ਸਾਹਿਬ ਨੇ ਸੰਗਤਾਂ ਨਾਲ ਮਿਲ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਨਾਈ ਅਤੇ ਦੂਰ-ਦੁਰਾਡੇ ਤੋਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੀਆਂ। ਉਸ ਦਿਨ ਸਮੂਹ ਸਿੱਖਾਂ ਨੇ ਆਪੋ-ਆਪਣੇ ਘਰਾਂ ਵਿੱਚ ਘਿਓ-ਤੇਲ ਦੇ ਦੀਵੇ ਜਗਾਏ। ਉਸ ਦਿਨ ਤੋਂ ਹੀ ਇਹ ਤਿਉਹਾਰ ਦੋਹਾਂ ਕੌਮਾਂ ਵੱਲੋਂ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਇਸ ਤਿਉਹਾਰ ਦੇ ਕਈ ਖ਼ੂਬਸੂਰਤ ਪੱਖ ਹਨ। ਇਹ ਸਾਨੂੰ ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਦੇ ਨਾਲ-ਨਾਲ ਲੋੜਵੰਦਾਂ, ਨਿਮਾਣਿਆਂ ਅਤੇ ਨਿਤਾਣਿਆਂ ਦੀ ਮਦਦ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ। ਮੌਸਮ ਦੇ ਲਿਹਾਜ਼ ਤੋਂ ਵੀ ਇਸ ਸਮੇਂ ਤੋਂ ਸਰਦੀਆਂ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਇਸੇ ਬਹਾਨੇ ਘਰਾਂ ਦੀ ਸਾਫ਼-ਸਫ਼ਾਈ ਹੋ ਜਾਂਦੀ ਹੈ, ਰੰਗ-ਰੋਗ਼ਨ ਕਰਵਾਏ ਜਾਂਦੇ ਹਨ, ਫ਼ਾਲਤੂ ਸਮਾਨ ਲੋੜਵੰਦਾਂ ਨੂੰ ਦਿੱਤਾ ਜਾਂਦਾ ਹੈ ਅਤੇ ਘਰਾਂ ਵਿੱਚ ਨਵੀਂ ਊਰਜਾ ਮਹਿਸੂਸ ਹੁੰਦੀ ਹੈ। ਸੱਜਣਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਸ਼ੁਭਕਾਮਨਾਵਾਂ ਭੇਜੀਆਂ ਜਾਂਦੀਆਂ ਹਨ, ਜਿਸ ਨਾਲ ਪਿਆਰ ਦੀਆਂ ਤੰਦਾਂ ਪੀਢੀਆਂ ਹੁੰਦੀਆਂ ਹਨ। ਇਸ ਰਾਤ ਜਿੱਥੇ ਘਰਾਂ ਨੂੰ ਰੌਸ਼ਨੀਆਂ ਨਾਲ ਰੁਸ਼ਨਾਇਆ ਜਾਂਦਾ ਹੈ, ਉੱਥੇ ਹੀ ਗੁਰਦੁਆਰਿਆਂ ਅਤੇ ਮੰਦਰਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ।

ਸਮੇਂ ਦੇ ਨਾਲ-ਨਾਲ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ-ਤਰੀਕੇ ਵੀ ਕਾਫ਼ੀ ਬਦਲ ਗਏ ਹਨ। ਅਸੀਂ ਇਸ ਦਿਨ ਪਟਾਕਿਆਂ 'ਤੇ ਹੀ ਲੱਖਾਂ-ਕਰੋੜਾਂ ਰੁਪਏ ਫੂਕ ਦਿੰਦੇ ਹਾਂ, ਜਿਨ੍ਹਾਂ ਨਾਲ ਹਜ਼ਾਰਾਂ ਲੋੜਵੰਦਾਂ ਦਾ ਢਿੱਡ ਭਰਿਆ ਜਾ ਸਕਦਾ ਹੈ। ਦੂਜਾ, ਇਸ ਨਾਲ ਪ੍ਰਦੂਸ਼ਣ ਕਿੰਨਾ ਵਧਦਾ ਹੈ—ਕੀ ਕਦੇ ਇਸ ਬਾਰੇ ਸੋਚਿਆ ਹੈ? ਗੁਰੂ ਸਾਹਿਬ ਨੇ ਤਾਂ ਸਾਨੂੰ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦਾ ਸੰਦੇਸ਼ ਦਿੱਤਾ ਸੀ, ਪਰ ਅਸੀਂ ਉਸ ਸ਼ੁੱਧ ਹਵਾ ਨੂੰ ਇੰਨਾ ਗੰਧਲਾ ਕਰ ਦਿੰਦੇ ਹਾਂ ਕਿ ਸਾਹ ਲੈਣਾ ਵੀ ਦੁੱਭਰ ਹੋ ਜਾਂਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਧਾਰਮਿਕ ਸਥਾਨਾਂ 'ਤੇ ਵੀ ਭਾਰੀ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ। ਕਈ ਲੋਕ ਦੇਖਾ-ਦੇਖੀ ਆਪਣੀ ਸਮਰੱਥਾ ਤੋਂ ਵੱਧ ਮਹਿੰਗੇ ਤੋਹਫ਼ੇ ਦਿੰਦੇ ਹਨ। ਸਾਡੇ ਮੋਹ ਭਿੱਜੇ ਬੋਲ ਕਿਸੇ ਵੀ ਦਿਖਾਵੇ ਵਾਲੇ ਤੋਹਫ਼ੇ ਨਾਲੋਂ ਕਿਤੇ ਵੱਧ ਕੀਮਤੀ ਹੁੰਦੇ ਹਨ। ਸਰਮਾਏਦਾਰ ਬਾਜ਼ਾਰ ਤਾਂ ਮੁਨਾਫ਼ਾ ਕਮਾਉਣ ਲਈ ਹੀ ਸਜਦੇ ਹਨ, ਪਰ ਸਾਨੂੰ ਆਪਣੀ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਕੁਝ ਲੋਕ ਇਸ ਦਿਨ ਸ਼ਰਾਬਾਂ ਪੀਂਦੇ, ਜੂਆ ਖੇਡਦੇ ਅਤੇ ਨਸ਼ੇ ਕਰਦੇ ਹਨ। ਅਸਲ ਵਿੱਚ ਇਹ ਦਿਨ ਤਾਂ ਵਿਸ਼ੇ-ਵਿਕਾਰ ਛੱਡਣ ਅਤੇ ਹੱਕ, ਸੱਚ, ਧਰਮ, ਨਿਆਂ ਤੇ ਪਰਉਪਕਾਰ ਦਾ ਪ੍ਰਣ ਲੈਣ ਦਾ ਹੁੰਦਾ ਹੈ।

ਮੌਜੂਦਾ ਹਾਲਾਤ ਪਹਿਲਾਂ ਨਾਲੋਂ ਬਹੁਤ ਵੱਖਰੇ ਹਨ। ਮਹਾਂਮਾਰੀਆਂ ਅਤੇ ਵਾਤਾਵਰਣ ਸੰਕਟ ਨੂੰ ਵੇਖਦਿਆਂ ਸਾਨੂੰ ਪੂਰੀ ਸੰਜੀਦਗੀ ਵਰਤਣ ਦੀ ਲੋੜ ਹੈ। ਪਟਾਕਿਆਂ 'ਤੇ ਮੁਕੰਮਲ ਪਾਬੰਦੀ ਹੋਣੀ ਚਾਹੀਦੀ ਹੈ, ਕਿਉਂਕਿ ਵੱਧਦਾ ਪ੍ਰਦੂਸ਼ਣ ਸਾਡੀ ਸਿਹਤ ਲਈ ਘਾਤਕ ਬਣ ਚੁੱਕਾ ਹੈ। ਦੂਜੇ ਪਾਸੇ, ਆਰਥਿਕ ਮੰਦਹਾਲੀ ਕਾਰਨ ਕਈ ਲੋਕ ਮੁਸ਼ਕਿਲਾਂ ਵਿੱਚ ਹਨ, ਜਿਨ੍ਹਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਤੋਂ ਇਲਾਵਾ, ਮਿਲਾਵਟੀ ਬਾਜ਼ਾਰੀ ਮਿਠਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਨਕਲੀ ਦੁੱਧ ਅਤੇ ਖੋਏ ਤੋਂ ਬਣੀਆਂ ਮਿਠਾਈਆਂ ਸਿਹਤ ਲਈ ਜ਼ਹਿਰ ਸਾਬਤ ਹੁੰਦੀਆਂ ਹਨ; ਇਸ ਲਈ ਘਰ ਵਿੱਚ ਹੀ ਸਾਫ਼-ਸੁਥਰੀ ਮਿੱਠੀ ਚੀਜ਼ ਤਿਆਰ ਕਰਨਾ ਬਿਹਤਰ ਹੈ।

ਇਸ ਦਿਨ ਕੇਵਲ ਆਪਣੇ ਘਰਾਂ ਨੂੰ ਸਜਾਉਣ ਨਾਲੋਂ ਕਿਤੇ ਵੱਧ ਲੋੜ ਆਪਣੇ ਅੰਦਰਲੇ ਮਨ ਨੂੰ ਰੁਸ਼ਨਾਉਣ ਦੀ ਹੈ। ਆਓ, ਆਪਣੇ ਮਨਾਂ ਵਿੱਚੋਂ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਕੇ, ਗੁਰਬਾਣੀ ਅਨੁਸਾਰ ਗਿਆਨ ਦਾ ਪ੍ਰਕਾਸ਼ ਫੈਲਾਈਏ ਅਤੇ ਸ਼ਬਦ-ਗੁਰੂ ਤੇ ਗਿਆਨਵਾਨ ਪੁਸਤਕਾਂ ਨਾਲ ਸਾਂਝ ਪਾਈਏ:

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪਰਗਾਸੁ ਅਗਿਆਨੁ ਮਿਟੰਤੁ॥ (ਅੰਗ 791)

ਸੋ, ਇਸ ਦਿਨ ਆਪ ਸਭ ਦੀ ਸੁੱਖ-ਸ਼ਾਂਤੀ ਦੀ ਅਰਦਾਸ ਕਰਦਿਆਂ ਕਾਮਨਾ ਕਰਦੀ ਹਾਂ ਕਿ ਇਹ ਤਿਉਹਾਰ ਸਾਡੀ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰੇ ਅਤੇ ਸਰਬੱਤ ਦੇ ਭਲੇ ਤੇ ਚੜ੍ਹਦੀਕਲਾ ਦਾ ਪ੍ਰਤੀਕ ਬਣੇ।

ਬੰਦੀ ਛੋੜ ਦਿਵਸ ਅਤੇ ਦਿਵਾਲੀ

ਤਲਵਿੰਦਰ ਸਿੰਘ ਬੁੱਟਰ



ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ 'ਬੰਦੀ ਛੋੜ ਦਿਵਸ' ਵਜੋਂ ਮਨਾਏ ਜਾਂਦੇ ਦਿਹਾੜੇ ਦਾ ਸਬੰਧ ਸਿੱਖ ਧਰਮ ਦੇ ਸੰਸਥਾਗਤ ਪ੍ਰਚਾਰ-ਪ੍ਰਸਾਰ, ਬਿਖੜੇ ਪੈਂਡਿਆਂ ਅਤੇ ਜ਼ੁਲਮ ਵਿਰੁੱਧ ਅਮੁੱਕ ਸੰਘਰਸ਼ ਦੌਰਾਨ ਕੌਮੀ ਤਕਦੀਰ ਉਲੀਕਣ ਦੇ ਅਹਿਮ ਇਤਿਹਾਸ ਨਾਲ ਜੁੜਿਆ ਰਿਹਾ ਹੈ। ਸਿੱਖ ਧਰਮ ਵਿੱਚ ਦਿਵਾਲੀ ਵਾਲੇ ਦਿਨ ਇਕੱਤਰ ਹੋਣ ਦੀ ਸ਼ੁਰੂਆਤ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਤੀਜੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਦੂਰ-ਦੁਰਾਡੇ ਦੀਆਂ ਸਿੱਖ ਸੰਗਤਾਂ ਲਈ ਗੁਰੂ-ਦਰਸ਼ਨ ਅਤੇ ਸਤਿਸੰਗ ਕਰਨ ਹਿਤ ਵਿਸ਼ੇਸ਼ ਦਿਨ ਵਜੋਂ ਕਰਵਾਈ ਸੀ। ਇਤਿਹਾਸ ਵਿੱਚ ਇਹ ਜ਼ਿਕਰ ਵੀ ਮਿਲਦਾ ਹੈ ਕਿ ਸ੍ਰੀ ਅੰਮ੍ਰਿਤਸਰ ਜੀ ਦੇ ਪਵਿੱਤਰ ਸਰੋਵਰ ਦੀ ਖੁਦਾਈ ਸੰਨ 1577 ਈਸਵੀ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਇਸੇ ਦਿਨ ਸ਼ੁਰੂ ਕਰਵਾਈ ਸੀ।

ਜੋਸ਼-ਖ਼ਰੋਸ਼ ਨਾਲ ਇਸ ਦਿਹਾੜੇ ਨੂੰ ਮਨਾਉਣ ਦਾ ਸਿਲਸਿਲਾ ਸਿੱਖ ਧਰਮ ਵਿੱਚ ਸੰਨ 1619 ਈਸਵੀ ਨੂੰ ਉਸ ਵੇਲੇ ਸ਼ੁਰੂ ਹੋਇਆ, ਜਦੋਂ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿੱਚੋਂ ਗਵਾਲੀਅਰ ਦੇ ਕਿਲ੍ਹੇ ਤੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਮਾਤਾ ਗੰਗਾ ਜੀ ਨੇ ਗੁਰੂ ਸਾਹਿਬ ਦੇ ਆਉਣ ਦੀ ਖ਼ੁਸ਼ੀ ਵਿੱਚ ਬਾਬਾ ਬੁੱਢਾ ਜੀ ਰਾਹੀਂ ਪੂਰੇ ਅੰਮ੍ਰਿਤਸਰ ਸ਼ਹਿਰ ਵਿੱਚ ਦੀਪਮਾਲਾ ਕਰਵਾਈ। ਇਸ ਤੋਂ ਬਾਅਦ ਸਿੱਖ ਕੌਮ ਹਰ ਸਾਲ ਛੇਵੇਂ ਪਾਤਿਸ਼ਾਹ ਜੀ ਦੀ ਯਾਦ ਵਿੱਚ 'ਬੰਦੀ ਛੋੜ ਦਿਵਸ' ਆਪਣੀ ਧਾਰਮਿਕ ਸੁਤੰਤਰਤਾ, ਵਿਲੱਖਣਤਾ, ਇਕਮੁੱਠਤਾ ਅਤੇ ਚੜ੍ਹਦੀਕਲਾ ਦੇ ਪ੍ਰਤੀਕ ਵਜੋਂ ਮਨਾਉਂਦੀਆ ਰਹੀ ਹੈ।

ਸਮੇਂ-ਸਮੇਂ ਮੁਗ਼ਲ ਹਾਕਮਾਂ ਵੱਲੋਂ ਲਗਾਈਆਂ ਤੁਅੱਸਬੀ ਪਾਬੰਦੀਆਂ ਦੇ ਬਾਵਜੂਦ ਸਿੱਖ 'ਬੰਦੀ ਛੋੜ ਦਿਵਸ' ਮੌਕੇ ਆਪਣੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚਦੇ, ਗੁਰਬਾਣੀ ਕੀਰਤਨ ਸਰਵਣ ਕਰਦੇ ਅਤੇ ਮਿਲ ਬੈਠ ਕੇ ਕੌਮ ਦੀਆਂ ਤਕਦੀਰਾਂ ਘੜਦੇ ਰਹੇ। ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ੍ਰੀ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਚਲੇ ਜਾਣ ਉਪਰੰਤ, ਦਰਬਾਰ ਸਾਹਿਬ 'ਤੇ ਕਾਬਜ਼ ਰਹੇ ਪ੍ਰਬੰਧਕ ਗੁਰਮਤਿ ਰਹਿਤ-ਮਰਯਾਦਾ ਦੇ ਉਲਟ ਗੀਤਾਂ ਚਲਾਉਣ ਲੱਗ ਪਏ ਸਨ। ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਜਦੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਭਾਈ ਮਨੀ ਸਿੰਘ ਜੀ ਨੂੰ ਮੁੱਖ ਗ੍ਰੰਥੀ ਥਾਪ ਕੇ ਸ੍ਰੀ ਅੰਮ੍ਰਿਤਸਰ ਦੇ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਭੇਜਿਆ, ਤਾਂ ਉਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਦੀਆਂ ਮੂਲ ਸਿੱਖ ਰਵਾਇਤਾਂ ਅਨੁਸਾਰ 'ਬੰਦੀ ਛੋੜ ਦਿਵਸ' ਮਨਾਉਣ ਦੀ ਪ੍ਰੰਪਰਾ ਮੁੜ ਸੁਰਜੀਤ ਕੀਤੀ।

ਇਸ ਪ੍ਰੰਪਰਾ ਨੇ ਗੁਰੂ ਸਾਹਿਬਾਨ ਤੋਂ ਬਾਅਦ ਸਿੱਖ ਕੌਮ ਨੂੰ ਔਖੇ ਸਮਿਆਂ ਵਿੱਚੋਂ ਬਾਹਰ ਕੱਢਣ ਅਤੇ ਨਵੇਂ ਦਿਸਹੱਦੇ ਉਲੀਕਣ ਵਿੱਚ ਅਹਿਮ ਭੂਮਿਕਾ ਨਿਭਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਉਪਰੰਤ, 'ਬੰਦੀ ਛੋੜ ਦਿਵਸ' ਮੌਕੇ ਸ੍ਰੀ ਅੰਮ੍ਰਿਤਸਰ ਵਿਖੇ ਦੂਰ-ਦੁਰਾਡਿਓਂ ਸਿੱਖ ਜਥਿਆਂ ਦੇ ਆਗੂ ਤੇ ਸੰਗਤਾਂ ਇਕੱਤਰ ਹੁੰਦੀਆਂ ਅਤੇ ਪੰਥ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਗੁਰਮਤੇ ਕੀਤੇ ਜਾਂਦੇ। ਇਨ੍ਹਾਂ ਇਤਿਹਾਸਕ ਇਕੱਤਰਤਾਵਾਂ ਨੂੰ 'ਸਰਬੱਤ ਖ਼ਾਲਸਾ' ਦਾ ਨਾਂ ਦਿੱਤਾ ਗਿਆ।

ਅਠਾਰ੍ਹਵੀਂ ਸਦੀ ਵਿੱਚ ਮੁਗ਼ਲਾਂ ਦੇ ਜ਼ੁਲਮ-ਤਸ਼ੱਦਦ ਕਾਰਨ ਜੰਗਲਾਂ ਵਿੱਚ ਰਹਿਣ ਦੇ ਬਾਵਜੂਦ ਸਿੱਖ 'ਬੰਦੀ ਛੋੜ ਦਿਵਸ' ਮੌਕੇ ਅੰਮ੍ਰਿਤਸਰ ਵਿਖੇ 'ਸਰਬੱਤ ਖ਼ਾਲਸਾ' ਬੁਲਾਉਂਦੇ ਰਹੇ। ਪੰਥਕ ਏਕਤਾ, ਜ਼ਬਰ ਦੇ ਟਾਕਰੇ ਅਤੇ ਧਰਮ-ਪ੍ਰਚਾਰ ਹਿਤ ਅਹਿਮ ਫ਼ੈਸਲੇ ਲਏ ਜਾਂਦੇ। ਭਾਈ ਮਨੀ ਸਿੰਘ ਜੀ ਨੇ ਸੰਨ 1723 ਦੀ ਦਿਵਾਲੀ ਮੌਕੇ ਬੁਲਾਏ 'ਸਰਬੱਤ ਖ਼ਾਲਸਾ' ਦੌਰਾਨ 'ਤੱਤ ਖ਼ਾਲਸਾ' ਅਤੇ 'ਬੰਦਈ ਖ਼ਾਲਸਾ' ਧੜਿਆਂ ਵਿਚਾਲੇ ਚੱਲ ਰਹੇ ਮਤਭੇਦ ਨੂੰ ਸਫਲਤਾਪੂਰਵਕ ਖ਼ਤਮ ਕਰਵਾਇਆ।

ਸੰਨ 1733 ਵਿੱਚ ਜਦੋਂ ਮੁਗ਼ਲ ਹਕੂਮਤ ਲਗਾਤਾਰ ਦਮਨ ਅਤੇ ਕਤਲੋ-ਗ਼ਾਰਦ ਦੇ ਬਾਵਜੂਦ ਸਿੱਖਾਂ ਨੂੰ ਦਬਾਉਣ ਵਿੱਚ ਅਸਫਲ ਰਹੀ, ਤਾਂ ਉਸ ਨੇ ਦੋਸਤੀ ਦਾ ਰਾਹ ਅਖ਼ਤਿਆਰ ਕਰਦਿਆਂ ਦਮਨਕਾਰੀ ਆਦੇਸ਼ ਵਾਪਸ ਲਏ ਅਤੇ 'ਨਵਾਬੀ' ਦੀ ਪੇਸ਼ਕਸ਼ ਭੇਜੀ। ਸਰਕਾਰ ਦੀ ਇਸ ਪੇਸ਼ਕਸ਼ 'ਤੇ ਵਿਚਾਰ ਕਰਨ ਲਈ ਸੰਨ 1733 ਦੀ ਦਿਵਾਲੀ ਮੌਕੇ 'ਸਰਬੱਤ ਖ਼ਾਲਸਾ' ਹੋਇਆ, ਜਿਸ ਦੌਰਾਨ ਸਰਬਸੰਮਤੀ ਨਾਲ ਜਥੇਦਾਰ ਕਪੂਰ ਸਿੰਘ ਜੀ ਨੂੰ 'ਨਵਾਬੀ' ਸੌਂਪਣ ਦਾ ਗੁਰਮਤਾ ਕੀਤਾ ਗਿਆ।

ਸੰਨ 1734 ਵਿੱਚ ਲਾਹੌਰ ਦੀ ਮੁਗ਼ਲ ਹਕੂਮਤ ਨੇ ਮੁੜ ਸਿੱਖਾਂ 'ਤੇ ਜ਼ੁਲਮ ਦਾ ਦੌਰ ਸ਼ੁਰੂ ਕਰਦਿਆਂ ਧਾਰਮਿਕ ਦਿਹਾੜੇ ਮਨਾਉਣ ਅਤੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ 'ਤੇ ਪਾਬੰਦੀ ਲਗਾ ਦਿੱਤੀ। ਸਿੱਖ ਸੰਗਤਾਂ ਦੀ ਭਾਵਨਾ ਸੀ ਕਿ 'ਬੰਦੀ ਛੋੜ ਦਿਵਸ' ਇਕੱਠੇ ਹੋ ਕੇ ਮਨਾਇਆ ਜਾਵੇ ਅਤੇ ਸਮਕਾਲੀ ਹਾਲਾਤਾਂ 'ਤੇ ਵਿਚਾਰ ਕੀਤੀ ਜਾਵੇ। ਇਸ ਲਈ ਮੁੱਖ ਗ੍ਰੰਥੀ ਭਾਈ ਮਨੀ ਸਿੰਘ ਜੀ ਨੇ ਭਾਈ ਸੁਬੇਗ ਸਿੰਘ ਜੀ ਦੇ ਸਹਿਯੋਗ ਨਾਲ ਲਾਹੌਰ ਦੇ ਸੂਬੇਦਾਰ ਜ



ਡਾ.ਪ੍ਰਿਤਪਾਲ ਸਿੰਘ ਮਹਿਰੋਕ

ਦਿਵਾਲੀ ਦਾ ਬਹੁਪੱਖੀ ਮਹੱਤਵ





ਦਿਵਾਲੀ ਨੂੰ ਖੁਸ਼ੀਆਂ ਤੇ ਰੌਸ਼ਨੀਆਂ ਦੇ ਤਿਉਹਾਰ ਵਜੋਂ ਜਾਣਿਆਂ ਜਾਂਦਾ ਹੈ। ਇਹ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਜਿਸਨੂੰ ਪੂਰੇ ਦੇਸ਼ ਵਿੱਚ ਬਹੁਤ ਸ਼ਰਧਾ ਭਾਵਨਾ, ਸਤਿਕਾਰ, ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸਦੇ ਰਸਤਿਆਂ ਵਿੱਚ ਆਉਂਦੀਆਂ ਰਹੀਆਂ ਰੁਕਾਵਟਾਂ, ਉਸਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿਚੋਂ ਜੇਤੂ ਬਣ ਕੇ ਨਿਕਲਦਾ ਹੈ ਤਾਂ ਆਪਣੀ ਜਿੱਤ ਦੇ ਅਵਸਰ 'ਤੇ ਉਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖੁਸ਼ੀ ਨੂੰ ਦੂਜਿਆਂ ਨਾਲ ਸਾਂਝਿਆਂ ਕਰਦਾ ਹੈ ਤਾਂ ਉਸਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦਿਵਾਲੀ ਦਾ ਤਿਉਹਾਰ ਆਉਂਦਾ ਹੈ ਤਾਂ ਲੋਕ ਇਸ ਅਵਸਰ ਦੀਆਂ ਅਥਾਹ ਖੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿੱਚ ਖੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗਭਗ ਹਰੇਕ ਸਮਾਜ ਵਿੱਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸੰਪੰਨਤਾ ਦੇ ਜਸ਼ਨ ਮਨਾਉਂਦਾ ਹੈ ਤਾਂ ਉਹ ਖੁਸ਼ੀ ਵਿੱਚ ਫੁਲਿਆ ਨਹੀਂ ਸਮਾਉਂਦਾ।

ਦਿਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ,ਦਫਤਰਾਂ, ਕਾਰੋਬਾਰੀ ਅਦਾਰਿਆਂ,ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫਾਈ ਕਰਦੇ ਹਨ। ਸਾਫ ਸੁਥਰਾ ਘਰ, ਦਫਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ 'ਤੇ ਮਨੁੱਖ ਨੂੰ ਉਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਪ੍ਰਾਪਤ ਹਨ ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਭਾਂਤ-ਸੁਭਾਂਤੀ ਮਹਿੰਗੀ ਤੋਂ ਮਹਿੰਗੀ ਆਤਿਸ਼ਬਾਜ਼ੀ ਹੈ,ਖਾਣ ਪੀਣ ਦੇ ਬੇਅੰਤ ਪਦਾਰਥ ਹਨ,ਰੰਗ ਤਮਾਸ਼ਿਆਂ ਤੇ ਖੁਸ਼ੀਆਂ ਮਨਾਉਣ ਦੇ ਅਨੇਕ ਸਾਧਨ ਹਨ। ਇਸੇ ਸੰਦਰਭ ਵਿੱਚ ਦਿਵਾਲੀ ਦੇ ਮਹੱਤਵ ਨੂੰ ਪਛਾਨਣ ਦੀ ਲੋੜ ਹੈ। ਦਿਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇਕ ਹਿੱਸਾ ਹੈ... ਜਿਸਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇੱਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਮਨੁੱਖ ਕੋਲ ਹੈ। ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਛੂੰਹਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦਿਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ ਵਿਚਾਰ ਤਰੰਗਾਂ ਤੇ ਮਨੁੱਖ ਦੀ ਰੱਜਵੀਂ ਨੀਅਤ ਵਾਲੇ ਮਜ਼ਬੂਤ ਇਰਾਦੇ ਦਿਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।ਅਜੋਕੇ ਮਨੁੱਖ ਦੀਆਂ ਮਨੋ-ਗ੍ਰੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ,ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ। ਰੌਸ਼ਨੀ ਕਰਨ,ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ। ਦਿਵਾਲੀ ਦੇ ਇਸ ਸੰਦੇਸ਼ ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦਿਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿਥ ਕੇ ਪ੍ਰਾਰੰਭ ਹੋਇਆ ਹੋਵੇਗਾ,ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ। ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਅਸੀਂ ਦਿਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ,ਇਸ ਤਿਉਹਾਰ ਨੂੰ ਇਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫ਼ਜ਼ੂਲ ਕਿਸਮ ਦੇ ਆਡੰਬਰਾਂ ਵਿਚ ਉਲਝਦੇ ਜਾ ਰਹੇ ਹਾਂ। ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖਰੀਦ ਕੇ ਜਾਂ ਕਿਰਾਏ 'ਤੇ ਲਿਆਂਦੇ ਬਿਜਲੀ ਦੇ ਬਹੁ ਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ ,ਬੱਚਿਆਂ ਲਈ ਨਵੇਂ ਕੱਪੜੇ ਖਰੀਦਣੇ, ਖਿਡਾਉਣੇ ਖਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ ਮੰਗਾਂ ਦੀ ਲੰਮੀ ਸੂਚੀ ਨੂੰ ਪੂਰਿਆਂ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦਿਵਾਲੀ ਦੇ ਅਵਸਰ 'ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ। ਗਲਤ ਕਿਸਮ ਦੀ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਗਿਆ ਤਾਂ ਲੋਕ ਕੀ ਕਹਿਣਗੇ ? ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜੀਆਂ ਕਰਦਾ ਹੈ। ਅਸਲ ਵਿੱਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿੱਚ ਸਾਧਾਰਨ ਆਦਮੀ ਲਈ ਦਿਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦਿਵਾਲੀ ਮਨਾਈ ਜਾ ਸਕਦੀ ਹੈ ? ਕੀ ਇਸ ਸਭ ਕੁਝ ਤੋਂ ਬਗੈਰ ਦਿਵਾਲੀ ਦੀਆਂ ਖੁਸ਼ੀਆਂ ਨਹੀਂ ਮਨਾਈਆਂ ਜਾ ਸਕਦੀਆਂ ? ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦਿਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ? ਦਿਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ ਜਿਨ੍ਹਾਂ 'ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ,ਖਾਹਮਖਾਹ ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦਿਵਾਲੀ ਦੀਆਂ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ।ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ/ਰਾਤ ਵਤਾਵਰਣ ਵਿੱਚ ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ। ਦਿਵਾਲੀ ਦੇ ਤਿਉਹਾਰ 'ਤੇ ਬਾਜ਼ਾਰਾਂ ਵਿੱਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ, ਵਸਤੂ ਘਟੀਆ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵਲੋਂ ਖਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧ ਜਾਣ ਕਰਕੇ ਵੱਡੇ ਵਪਾਰੀਆਂ, ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣ-ਉਚਿਤ ਲਾਭ ਉਠਾਉਣਾ ਨਹੀਂ ? ਕੀ ਇਹੀ ਦਿਵਾਲੀ ਦਾ ਸੁਨੇਹਾ ਹੈ? ਤਿਉਹਾਰਾਂ ਦੇ ਦਿਨੀਂ ਥਾਂ ਥਾਂ ਲੱਗੇ ਸੇਲ ਦੇ ਬੈਨਰ,ਫਲੈਕਸ, ਵੱਡੇ ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦਿਵਾਲੀ ਦੇ ਨਾਂ 'ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ ?

(ਬਾਕੀ ਸਫ਼ਾ 27 'ਤੇ)

ਖ਼ਾਲਸਾ ਰਾਜ ਸਮੇਂ ਦੀ ਦਿਵਾਲੀ ਅਤੇ ਅਜੋਕੇ ਖ਼ਾਲਸਿਆਂ ਦੀ ਦਿਵਾਲੀ

ਹਰਪ੍ਰੀਤ ਸਿੰਘ



ਰਾਗੀ ਸਿੰਘ ਦਿਵਾਲੀ ਵਾਲੇ ਦਿਨ ਸਾਰਾ ਦਿਨ ਹੀ ਭਾਈ ਗੁਰਦਾਸ ਜੀ ਦੀ ਇਹ ਵਾਰ ਗਾਉਂਦੇ ਰਹਿੰਦੇ ਹਨ, 'ਦਿਵਾਲੀ ਦੀ ਰਾਤ ਦੀਵੇ ਬਾਲੀਅਨ।' ਕਈ ਸੌ ਸਾਲਾਂ ਤੋਂ ਸੁਣਦੇ-ਸੁਣਦੇ ਇਹ ਸੱਚ ਹੀ ਲੱਗਣ ਲੱਗ ਗਿਆ ਹੈ ਕਿ ਦਿਵਾਲੀ ਵਾਲੇ ਦਿਨ ਦੀਵੇ ਬਾਲਣੇ ਹੀ ਹੁੰਦੇ ਹਨ। ਚਲੋ ਹੁਣ ਇਤਿਹਾਸ ਵਲ ਨਜ਼ਰ ਮਾਰਦੇ ਹਾਂ ਕਿ ਕੀ ਪੁਰਾਤਨ ਖ਼ਾਲਸਾ ਰਾਜ ਸਮੇਂ ਜਾਂ ਗੁਰੂ ਕਾਲ ਸਮੇਂ ਵੀ ਦਿਵਾਲੀ ਇਸੇ ਤਰ੍ਹਾਂ ਮਨਾਈ ਜਾਦੀ ਸੀ, ਜਿਵੇਂ ਅੱਜ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਮਨਾਈ ਜਾਦੀ ਹੈ ?

ਖ਼ਾਲਸਾ ਰਾਜ ਸਮੇਂ ਦੀ ਦਿਵਾਲੀ

ਪ੍ਰਿੰਸੀਪਲ ਸੁਰਜੀਤ ਸਿੰਘ ਜੀ (ਦਿੱਲੀ ਵਾਲੇ) ਅਪਣੀ ਛੋਟੀ ਜਿਹੀ ਪੁਸਤਕ 'ਦਿਵਾਲੀ ਅਤੇ ਸਿੱਖ' ਵਿੱਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਦਿਵਾਲੀ ਦਾ ਇਕੱਠ ਗੁਰੂਘਰਾਂ ਵਿੱਚ ਮੋਮਬੱਤੀਆਂ ਫੂਕਣ ਲਈ, ਪਟਾਕੇ ਫੂਕਣ ਲਈ ਕੀਤਾ ਜਾਂਦਾ ਹੈ।

ਚੇਤੇ ਰਹੇ ਕਿ ਸਿੱਖ ਧਰਮ ਵਿੱਚ, ਦਿਵਾਲੀ ਦਾ ਇਕੱਠ ਕਿਸੇ ਬ੍ਰਾਹਮਣੀ ਤਿਉਹਾਰ ਵਜੋਂ ਕਦੇ ਵੀ ਨਹੀਂ ਸੀ ਮਨਾਇਆ ਜਾਂਦਾ। ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿਚ ਉਲਝ ਕੇ ਰਹਿ ਗਏ ਹਾਂ।ਸਾਡੇ ਪੁਜਾਰੀ, ਗੁਰਦੁਆਰਿਆਂ ਦੇ ਪ੍ਰਬੰਧਕ, ਰਾਗੀ ਇਹ ਸਾਰੇ ਹੀ ਇਤਿਹਾਸ ਨੂੰ ਮਲੀਆਮੇਟ ਕਰਨ ਵਿੱਚ ਪੂਰਾ ਯੋਗਦਾਨ ਪਾ ਰਹੇ ਹਨ।

ਇਨ੍ਹਾਂ ਨੂੰ ਗੁਰੂ ਇਤਿਹਾਸ ਨਾਲ, ਖੋਜ ਕਰਨ ਨਾਲ, ਗੁਰਬਾਣੀ ਸਮਝਣ ਨਾਲ ਕੋਈ ਮਤਲਬ ਨਹੀਂ ਹੈ, ਇਨ੍ਹਾਂ ਨੂੰ ਕੇਵਲ ਤੇ ਕੇਵਲ ਗੋਲਕ ਪਿਆਰੀ ਹੁੰਦੀ ਹੈ। ਇਸ ਇਕੱਠ ਵਿੱਚ ਖ਼ਾਲਸਾ ਅਪਣੀ ਰਣਨੀਤੀ ਤਿਆਰ ਕਰਦਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਕਰਨਾ ਕੀ ਹੈ। ਮੂਲ ਰੂਪ ਵਿੱਚ ਦਿਵਾਲੀ ਇੱਕ ਬ੍ਰਾਹਮਣੀ ਤਿਉਹਾਰ ਹੈ, ਇਸ ਦਾ ਸਿੱਖਾਂ ਨਾਲ ਕੋਈ ਦੂਰ-ਦੁਰਾਡੇ ਦਾ ਵੀ ਸਬੰਧ ਨਹੀਂ।

ਬ੍ਰਾਹਮਣੀ ਕੁਟਲਨੀਤੀ ਦਾ ਭਿਅੰਕਰ ਰੂਪ ਦਿਵਾਲੀ

ਬ੍ਰਾਹਮਣੀ ਜਾਲ ਦਾ ਇੱਕ ਹੋਰ ਰੂਪ ਇਹ ਵੀ ਹੈ ਜੋ ਲੋਕਾਈ ਦੀ ਸਮਝ ਵਿੱਚ ਆਉਣਾ ਸੌਖਾ ਨਹੀਂ ਹੈ। ਅਸੀ ਬਹੁਤ ਭੋਲੇ ਲੋਕ ਹਾਂ। ਬ੍ਰਾਹਮਣ ਵੀਰ ਆਪਣੇ ਹਰ ਇੱਕ ਤਿਉਹਾਰ ਨੂੰ ਮੌਸਮ ਨਾਲ ਜੋੜ ਲੈਂਦਾ ਹੈ। ਉਸ ਨੂੰ ਸਮਾਜਕ ਗੀਤੀ ਰਿਵਾਜਾਂ ਦਾ ਠੱਪਾ ਲਗਾ ਦਿੰਦਾ ਹੈ ਜਾਂ ਫ਼ਿਰ ਦੂਜੇ ਦੇ ਇਤਿਹਾਸ ਦੀਆਂ ਕੁਝ ਘਟਨਾਵਾਂ ਨੂੰ ਅਪਣੇ ਤਿਉਹਾਰਾਂ ਦਾ ਅੰਗ ਬਣਾ ਦਿੰਦਾ ਹੈ। ਉਸ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਬਹੁਤੇ ਸਿੱਖ ਖੋਜੀ ਨਹੀਂ ਹਨ, ਇਹ ਸੁਣੀ-ਸੁਣਾਈ ਗੱਲ ਨੂੰ ਹੀ ਇਤਿਹਾਸ ਮੰਨ ਲੈਂਦੇ ਹਨ। ਕਿਸੇ ਵੀ ਗ਼ਲਤ ਘਟਨਾ ਨੂੰ, ਜੋ ਕਦੇ ਵਾਪਰੀ ਹੀ ਨਹੀਂ, ਗੁਰੂ ਸਾਹਿਬ ਜੀ ਦੇ ਜੀਵਨ ਨਾਲ ਜੋੜ ਕੇ ਪ੍ਰਚਾਰ ਕੀਤਾ ਜਾਣ ਲਗਦਾ ਹੈ।

ਸਿੱਖ ਉਸੇ ਨੂੰ ਹੀ ਅਪਣਾ ਇਤਿਹਾਸ ਮੰਨਣ ਲੱਗ ਜਾਂਦੇ ਹਨ ਤੇ ਇਹੀ ਗੱਲ ਜੇ ਕਿਸੇ ਗੁਰੂ ਘਰ ਦੀ ਸਟੇਜ ਤੋਂ ਕਿਸੇ ਭਾਈ, ਰਾਗੀ ਜਾਂ ਕਥਾਵਾਚਕ ਪਾਸੋਂ ਅਖਵਾ ਦਿਤੀ ਜਾਵੇ ਤਾਂ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਹੋਰ ਨਹੀਂ ਤਾਂ, ਦੂਜੇ ਦੀ ਰਹਿਣੀ-ਸੋਚਣੀ ਨੂੰ ਬੜਾ ਮਿੱਠਾ ਬਣ ਕੇ, ਅਪਣੀ ਬੁੱਕਲ ਵਿੱਚ ਲੈ ਲੈਣ ਦਾ ਇਹ ਵੀ ਢੰਗ ਹੈ।

ਭਾਰਤ ਵਿਚੋਂ ਜੈਨ ਅਤੇ ਬੁਧ ਮੱਤ ਦੀ ਚੜ੍ਹਤ ਨੂੰ ਕਿਸੇ ਤਲਵਾਰ ਦੀ ਲੜਾਈ ਨਾਲ ਨਹੀ ਬਲਕਿ ਰਲਗੱਡ ਦੀ ਤਾਕਤ ਨਾਲ ਜ਼ਿਆਦਾ ਨੁਕਸਾਨ ਪਹੁੰਚਾਇਆ ਗਿਆ। ਮਹਾਤਮਾ ਬੁਧ ਅਤੇ ਮਹਾਂਵੀਰ ਦੀਆਂ ਮੂਰਤੀਆਂ ਨੂੰ ਅਪਣੇ ਮੰਦਰਾਂ ਵਿੱਚ ਲਿਆ ਟਿਕਾਇਆ ਗਿਆ। ਲਗਭਗ 1300 ਸਾਲਾਂ ਤੋਂ ਭਾਰਤ ਵਿੱਚ ਹੀ ਪੈਦਾ ਹੋਏ, ਪਰਵਾਨ ਚੜ੍ਹੇ ਬਲਕਿ ਰਾਜ ਸੱਤਾ ਤੱਕ ਪੁੱਜ ਚੁੱਕੇ ਬੁੱਧ ਧਰਮ ਨੂੰ ਵੀ, ਜਦੋਂ ਭਾਰਤ ਵਿਚੋਂ ਹੀ ਚਲਦਾ ਕਰ ਦਿਤਾ ਗਿਆ ਤਾਂ ਵਿਸ਼ੇ ਦੀ ਗੰਭੀਰਤਾ ਨੂੰ ਸਮਝਣ 'ਚ ਬਹੁਤੀ ਦੇਰ ਨਹੀਂ ਲਗਣੀ ਚਾਹੀਦੀ।

ਇਸੇ ਤਰ੍ਹਾਂ ਸਿੱਖਾਂ ਨਾਲ ਵੀ ਕੀਤਾ ਜਾ ਰਿਹਾ ਹੈ। ਸਿੱਖ ਗੁਰੂਧਾਮਾਂ ਤੋਂ ਹੀ ਇਹ ਸੰਦੇਸ਼ ਸਿੱਖਾਂ ਤਕ ਪਹੁੰਚਦਾ ਕੀਤਾ ਜਾ ਰਿਹਾ ਹੈ ਕਿ ਦਿਵਾਲੀ ਵਾਲੇ ਦਿਨ ਦੀਵੇ ਬਾਲੀਦੇ ਹਨ ਜਦਕਿ ਇਸ ਤੁਕ ਦੇ ਅਸਲ ਅਰਥ ਕੁੱਝ ਹੋਰ ਨਿਕਲਦੇ ਹਨ। ਸਾਨੂੰ ਉਚੇਚੇ ਤੌਰ 'ਤੇ ਸਾਵਧਾਨ ਹੋਣ ਦੀ ਲੋੜ ਹੈ। ਅਪਣੇ ਬੱਚਿਆਂ ਨੂੰ ਅਪਣੇ ਅਸਲ ਇਤਿਹਾਸ ਨਾਲ ਜੋੜਨ ਦੀ ਲੋੜ ਹੈ। ਇਹ ਕਿਸੇ ਇਕ ਦੇ ਕਰਨ ਵਾਲਾ ਕੰਮ ਨਹੀਂ, ਅਸੀ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਲਗਾਏ ਬਾਗ਼ ਦੇ ਮਾਲੀ ਅਤੇ ਚੌਕੀਦਾਰ ਹਾਂ।

ਛੇਵੇਂ ਸਤਿਗੁਰੂ ਅਤੇ ਦਿਵਾਲੀ

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜ



ਰੋਸ਼ਨੀਆਂ ਦਾ ਤਿਉਹਾਰ ਦਿਵਾਲੀ, ਧਾਰਮਿਕ ਆਸਥਾ ਤੇ ਸਾਂਝ ਦਾ ਪ੍ਰਤੀਕ

ਦਿਵਾਲੀ, ਜਿਸ ਨੂੰ 'ਰੌਸ਼ਨੀ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ, ਭਾਰਤ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਣ ਵਾਲਾ ਇੱਕ ਮੁੱਖ ਤਿਉਹਾਰ ਹੈ। ਇਹ ਨਾ ਸਿਰਫ਼ ਹਿੰਦੂਆਂ, ਸਗੋਂ ਸਿੱਖ, ਜੈਨ ਅਤੇ ਹੋਰ ਭਾਈਚਾਰਿਆਂ ਦੁਆਰਾ ਵੀ ਵੱਖ-ਵੱਖ ਰੀਤੀ-ਰਿਵਾਜਾਂ ਅਤੇ ਕਹਾਣੀਆਂ ਦੇ ਨਾਲ ਮਨਾਇਆ ਜਾਂਦਾ ਹੈ। ਦਿਵਾਲੀ ਦੀਆਂ ਮਸ਼ਹੂਰ ਕਹਾਣੀਆਂ ਵਿੱਚ ਰਮਾਇਣ, ਮਹਾਭਾਰਤ, ਨਰਕਾਸੁਰ ਦੀ ਕਥਾ, ਦੇਵੀ ਲਕਸ਼ਮੀ ਦੀ ਪੂਜਾ ਅਤੇ ਸਿੱਖ ਤੇ ਜੈਨ ਧਰਮ ਨਾਲ ਜੁੜੀਆਂ ਪਰੰਪਰਾਵਾਂ ਸ਼ਾਮਲ ਹਨ। ਇਹ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ, ਅਗਿਆਨਤਾ ਉੱਤੇ ਗਿਆਨ ਦੀ ਜਿੱਤ ਅਤੇ ਅਧਿਆਤਮਕ ਤੇ ਸਮਾਜਿਕ ਮਹੱਤਤਾ ਦਾ ਪ੍ਰਤੀਕ ਹੈ। ਇਸ ਲੇਖ ਵਿੱਚ, ਅਸੀਂ ਦਿਵਾਲੀ ਦੀਆਂ ਮੁੱਖ ਕਹਾਣੀਆਂ ਅਤੇ ਵੱਖ-ਵੱਖ ਧਰਮਾਂ ਵਿੱਚ ਇਸ ਦੀ ਮਨਾਉਣ ਦੀਆਂ ਵਿਧੀਆਂ 'ਤੇ ਚਰਚਾ ਕਰਾਂਗੇ।

ਰਾਮਾਇਣ ਅਤੇ ਦਿਵਾਲੀ: ਰਾਮ ਦੀ ਵਾਪਸੀ ਦਾ ਜਸ਼ਨ

ਉੱਤਰੀ ਭਾਰਤ ਵਿੱਚ ਦਿਵਾਲੀ ਦੀ ਸਭ ਤੋਂ ਪ੍ਰਸਿੱਧ ਕਹਾਣੀ ਰਾਮਾਇਣ ਨਾਲ ਜੁੜੀ ਹੋਈ ਹੈ। ਪੌਰਾਣਿਕ ਕਥਾਵਾਂ ਅਨੁਸਾਰ, ਦਿਵਾਲੀ ਉਸ ਦਿਨ ਦੀ ਯਾਦ ਵਿੱਚ ਮਨਾਈ ਜਾਂਦੀ ਹੈ ਜਦੋਂ ਭਗਵਾਨ ਰਾਮ, ਲਕਸ਼ਮਣ ਅਤੇ ਸੀਤਾ 14 ਸਾਲ ਦਾ ਬਨਵਾਸ ਪੂਰਾ ਕਰਕੇ ਅਯੁੱਧਿਆ ਵਾਪਸ ਪਰਤੇ ਸਨ। ਰਾਵਣ ਨੂੰ ਹਰਾਉਣ ,ਮਾਰਨ ਅਤੇ ਸੀਤਾ ਨੂੰ ਵਾਪਸ ਲਿਆਉਣ ਤੋਂ ਬਾਅਦ, ਰਾਮ ਦੀ ਵਾਪਸੀ ਨੂੰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਅਯੁੱਧਿਆ ਦੇ ਲੋਕਾਂ ਨੇ ਆਪਣੇ ਰਾਜਾ ਦੇ ਸਵਾਗਤ ਲਈ ਘਰਾਂ ਨੂੰ ਸਜਾਇਆ, ਦੀਵੇ ਜਗਾਏ ਅਤੇ ਰੌਸ਼ਨੀ ਕੀਤੀ। ਅੱਜ ਵੀ ਇਹ ਪਰੰਪਰਾ ਜਾਰੀ ਹੈ, ਜਿੱਥੇ ਲੋਕ ਦੀਵੇ, ਮੋਮਬੱਤੀਆਂ ਅਤੇ ਆਤਿਸ਼ਬਾਜ਼ੀ ਨਾਲ ਦਿਵਾਲੀ ਮਨਾਉਂਦੇ ਹਨ।

ਵਾਲਮੀਕਿ ਰਾਮਾਇਣ ਵਿੱਚ ਅਯੁੱਧਿਆ ਦੀ ਸਜਾਵਟ ਦਾ ਜ਼ਿਕਰ ਹੈ, ਪਰ ਇਹ ਸਪੱਸ਼ਟ ਨਹੀਂ ਕਰਦੀ ਕਿ ਇਸ ਦਿਨ ਨੂੰ ਹਰ ਸਾਲ ਮਨਾਉਣਾ ਚਾਹੀਦਾ। ਫਿਰ ਵੀ, ਇਹ ਕਹਾਣੀ ਉੱਤਰੀ ਭਾਰਤ ਵਿੱਚ ਦਿਵਾਲੀ ਦਾ ਮੁੱਖ ਆਧਾਰ ਹੈ। ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ, ਰੰਗੋਲੀ ਬਣਾਉਂਦੇ ਹਨ ਅਤੇ ਮਿੱਠੇ ਪਕਵਾਨ ਸਾਂਝੇ ਕਰਦੇ ਹਨ, ਜੋ ਸਮਾਜਕ ਏਕਤਾ ਅਤੇ ਖੁਸ਼ੀ ਦਾ ਪ੍ਰਤੀਕ ਹੈ।

ਨਰਕਾਸੁਰ ਦੀ ਕਥਾ: ਦੱਖਣੀ ਭਾਰਤ ਦੀ ਪਰੰਪਰਾ

ਦੱਖਣੀ ਭਾਰਤ ਵਿੱਚ, ਦਿਵਾਲੀ ਨੂੰ ਨਰਕਾਸੁਰ ਦੇ ਵਧ ਨਾਲ ਜੋੜਿਆ ਜਾਂਦਾ ਹੈ। ਪੁਰਾਣਾਂ ਅਨੁਸਾਰ, ਨਰਕਾਸੁਰ ਇੱਕ ਸ਼ਕਤੀਸ਼ਾਲੀ ਰਾਕਸ਼ਸ ਸੀ, ਜਿਸ ਨੂੰ ਬ੍ਰਹਮਾ ਦੇ ਵਰਦਾਨ ਕਾਰਨ ਸਿਰਫ਼ ਉਸ ਦੀ ਮਾਂ ਭੂਮਦੇਵੀ ਹੀ ਮਾਰ ਸਕਦੀ ਸੀ। ਨਰਕਾਸੁਰ ਨੇ ਸਵਰਗ 'ਤੇ ਕਬਜ਼ਾ ਕਰ ਲਿਆ ਅਤੇ ਦੇਵਤਿਆਂ ਨੂੰ ਪਰੇਸ਼ਾਨ



ਕੀਤਾ। ਇਸ ਦੇ ਜਵਾਬ ਵਿੱਚ, ਭਗਵਾਨ ਵਿਸ਼ਨੂੰ ਨੇ ਕ੍ਰਿਸ਼ਨ ਦੇ ਰੂਪ ਵਿੱਚ ਅਤੇ ਭੂਮਦੇਵੀ ਨੇ ਸਤਿਆਭਾਮਾ ਦੇ ਰੂਪ ਵਿੱਚ ਅਵਤਾਰ ਲਿਆ। ਸਤਿਆਭਾਮਾ ਨੇ ਨਰਕਾਸੁਰ ਨੂੰ ਹਰਾਇਆ ਅਤੇ ਕ੍ਰਿਸ਼ਨ ਨੇ ਆਪਣੇ ਸੁਦਰਸ਼ਨ ਚੱਕਰ ਨਾਲ ਉਸ ਦਾ ਅੰਤ ਕੀਤਾ।

ਕਹਾਣੀ ਅਨੁਸਾਰ, ਨਰਕਾਸੁਰ ਨੇ ਮੌਤ ਤੋਂ ਪਹਿਲਾਂ ਇੱਕ ਵਰ ਮੰਗਿਆ ਕਿ ਉਸ ਦੀ ਮੌਤ ਦਾ ਦਿਨ ਰੰਗੀਨ ਰੌਸ਼ਨੀਆਂ ਅਤੇ ਆਤਿਸ਼ਬਾਜ਼ੀ ਨਾਲ ਮਨਾਇਆ ਜਾਵੇ। ਇਸ ਲਈ ਦੱਖਣੀ ਭਾਰਤ ਵਿੱਚ ਦਿਵਾਲੀ ਨੂੰ 'ਨਰਕ ਚਤੁਰਦਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਿਨ ਲੋਕ ਸਵੇਰੇ ਤੇਲ ਨਾਲ ਇਸ਼ਨਾਨ ਕਰਦੇ ਹਨ, ਨਵੇਂ ਕੱਪੜੇ ਪਾਉਂਦੇ ਹਨ ਅਤੇ ਆਤਿਸ਼ਬਾਜ਼ੀ ਦਾ ਅਨੰਦ ਲੈਂਦੇ ਹਨ। ਅਸਾਮ ਵਿੱਚ ਨਰਕਾਸੁਰ ਦੀਆਂ ਕਹਾਣੀਆਂ ਵਿਸ਼ੇਸ਼ ਤੌਰ 'ਤੇ ਮਸ਼ਹੂਰ ਹਨ, ਜਿੱਥੇ ਇਹ ਤਿਉਹਾਰ ਬੁਰਾਈ 'ਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।

ਸਿੱਖ ਅਤੇ ਜੈਨ ਧਰਮ ਵਿੱਚ ਦਿਵਾਲੀ: ਅਧਿਆਤਮਕ ਅਤੇ ਇਤਿਹਾਸਕ ਮਹੱਤਤਾ

ਸਿੱਖ ਧਰਮ ਵਿੱਚ ਦਿਵਾਲੀ: ਸਿੱਖ ਭਾਈਚਾਰੇ ਵਿੱਚ ਦਿਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। 1619 ਵਿੱਚ, ਮੁਗਲ ਬਾਦਸ਼ਾਹ ਜਹਾਂਗੀਰ ਨੇ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਅਤੇ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਸੀ। ਜਦੋਂ ਉਨ੍ਹਾਂ ਦੀ ਰਿਹਾਈ ਦਾ ਸਮਾਂ ਆਇਆ, ਗੁਰੂ ਜੀ ਨੇ ਸਾਰੇ 52 ਰਾਜਿਆਂ ਦੀ ਰਿਹਾਈ ਦੀ ਮੰਗ ਕੀਤੀ। ਜਹਾਂਗੀਰ ਨੇ ਸ਼ਰਤ ਰੱਖੀ ਕਿ ਸਿਰਫ਼ ਉਹੀ ਰਾਜੇ ਰਿਹਾਅ ਹੋਣਗੇ ਜੋ ਗੁਰੂ ਜੀ ਦੇ ਚੋਲ਼ੇ ਦਾ ਪੱਲਾ ਫੜ ਸਕਣ। ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਸਿਉਂ ਕੇ ਸਾਰੇ ਰਾਜਿਆਂ ਨੂੰ ਰਿਹਾਅ ਕਰਵਾਇਆ। ਉਨ੍ਹਾਂ ਦੀ ਅੰਮ੍ਰਿਤਸਰ ਵਾਪਸੀ ਦਿਵਾਲੀ ਵਾਲੇ ਦਿਨ ਹੋਈ, ਜਿਸ ਨੂੰ ਮਨਾਉਣ ਲਈ ਦਰਬਾਰ ਸਾਹਿਬ ਨੂੰ ਦੀਵਿਆਂ ਨਾਲ ਸਜਾਇਆ ਗਿਆ। ਸਿੱਖ ਇਸ ਦਿਨ ਨੂੰ ਆਜ਼ਾਦੀ ਅਤੇ ਨਿਆਂ ਦੇ ਪ੍ਰਤੀਕ ਵਜੋਂ ਮਨਾਉਂਦੇ ਹਨ।

ਜੈਨ ਧਰਮ ਵਿੱਚ ਦਿਵਾਲੀ: ਜੈਨ ਧਰਮ ਵਿੱਚ, ਦਿਵਾਲੀ 24ਵੇਂ ਤੀਰਥੰਕਰ ਮਹਾਵੀਰ ਸਵਾਮੀ ਦੇ ਨਿਰਵਾਣ (ਮੋਕਸ਼) ਦੀ ਯਾਦ ਵਿੱਚ ਮਨਾਈ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ 15 ਅਕਤੂਬਰ, 527 ਈਸਵੀ ਪੂਰਵ ਵਿੱਚ, ਮਹਾਵੀਰ ਨੇ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਭਾਵਪੁਰੀ ਵਿੱਚ ਨਿਰਵਾਣ ਪ੍ਰਾਪਤ ਕੀਤਾ। ਉਨ੍ਹਾਂ ਦੇ ਅੰਤਮ ਪ੍ਰਵਚਨ ਤੋਂ ਬਾਅਦ, ਜਦੋਂ ਲੋਕ ਜਾਗੇ ਅਤੇ ਪਤਾ ਲੱਗਾ ਕਿ ਮਹਾਵੀਰ ਨੇ ਮੋਕਸ਼ ਪ੍ਰਾਪਤ ਕਰ ਲਿਆ, ਤਾਂ ਰਾਜੇ ਨੇ ਲੋਕਾਂ ਨੂੰ ਦੀਵੇ ਜਗਾਉਣ ਦਾ ਹੁਕਮ ਦਿੱਤਾ। ਜੈਨੀਆਂ ਲਈ, ਦਿਵਾਲੀ ਗਿਆਨ ਅਤੇ ਅਧਿਆਤਮਕ ਜਾਗਰੂਕਤਾ ਦਾ ਪ੍ਰਤੀਕ ਹੈ, ਅਤੇ ਇਹ ਦਿਨ ਨਵੇਂ ਸਾਲ ਦੀ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ।

ਦੇਵੀ ਲਕਸ਼ਮੀ ਅਤੇ ਦਿਵਾਲੀ: ਸੰਪਤੀ ਅਤੇ ਸਮ੍ਰਿਧੀ ਦਾ ਜਸ਼ਨ

ਦਿਵਾਲੀ ਨੂੰ ਦੌਲਤ ਦੀ ਦੇਵੀ ਲਕਸ਼ਮੀ ਦੇ ਜਨਮ ਜਾਂ ਪ੍ਰਗਟ ਹੋਣ ਨਾਲ ਵੀ ਜੋੜਿਆ ਜਾਂਦਾ ਹੈ। ਪੁਰਾਣਿਕ ਕਥਾਵਾਂ ਅਨੁਸਾਰ, ਜਦੋਂ ਇੰਦਰ ਦੇ ਹੰਕਾਰ ਕਾਰਨ ਲਕਸ਼ਮੀ ਦੇਵਲੋਕ ਛੱਡ ਕੇ ਕਸ਼ੀਰ ਸਾਗਰ ਵਿੱਚ ਚਲੇ ਗਏ, ਤਾਂ ਸੰਸਾਰ ਹਨੇਰੇ ਵਿੱਚ ਡੁੱਬ ਗਿਆ। ਦੇਵਤਿਆਂ ਨੇ ਸਮੁੰਦਰ ਮੰਥਨ ਕੀਤਾ ਅਤੇ ਹਜ਼ਾਰ ਸਾਲ ਬਾਅਦ ਲਕਸ਼ਮੀ ਕਮਲ ਦੇ ਫੁੱਲ 'ਤੇ ਪ੍ਰਗਟ ਹੋਈ। ਇਹ ਘਟਨਾ ਅਮਾਵਸ ਦੀ ਰਾਤ ਨੂੰ ਵਾਪਰੀ ਮੰਨੀ ਜਾਂਦੀ ਹੈ, ਜਿਸ ਕਾਰਨ ਦਿਵਾਲੀ ਨੂੰ ਲਕਸ਼ਮੀ ਪੂਜਾ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ।

ਇਸ ਦਿਨ, ਵਪਾਰੀ ਅਤੇ ਘਰੇਲੂ ਲੋਕ ਲਕਸ਼ਮੀ ਪੂਜਾ ਕਰਦੇ ਹਨ, ਆਪਣੇ ਖਾਤਿਆਂ ਦੀ ਸ਼ੁਰੂਆਤ ਕਰਦੇ ਹਨ ਅਤੇ ਸੰਪਤੀ ਦੀ ਕਾਮਨਾ ਕਰਦੇ ਹਨ। ਘਰਾਂ ਨੂੰ ਸਜਾਇਆ ਜਾਂਦਾ ਹੈ, ਦੀਵੇ ਜਗਾਏ ਜਾਂਦੇ ਹਨ ਅਤੇ ਮਿੱਠੇ ਪਕਵਾਨ ਬਣਾਏ ਜਾਂਦੇ ਹਨ। ਇਹ ਪਰੰਪਰਾ ਵਪਾਰਕ ਅਤੇ ਆਰਥਕ ਸਮ੍ਰਿਧੀ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਦਿਵਾਲੀ ਭਾਰਤ ਦਾ ਇੱਕ ਅਜਿਹਾ ਤਿਉਹਾਰ ਹੈ ਜੋ ਵਿਭਿੰਨ ਸਭਿਆਚਾਰਕ ਅਤੇ ਧਾਰਮਿਕ ਪਰੰਪਰਾਵਾਂ ਨੂੰ ਇੱਕਠਾ ਕਰਦਾ ਹੈ। ਰਾਮਾਇਣ ਦੀ ਰਾਮ ਵਾਪਸੀ ਤੋਂ ਲੈ ਕੇ ਨਰਕਾਸੁਰ ਦੇ ਕਤਲ, ਸਿੱਖਾਂ ਦੇ ਬੰਦੀ ਛੋੜ ਦਿਵਸ ਅਤੇ ਜੈਨਾਂ ਦੇ ਮਹਾਵੀਰ ਦੇ ਨਿਰਵਾਣ ਤੱਕ, ਹਰ ਕਹਾਣੀ ਦਿਵਾਲੀ ਨੂੰ ਇੱਕ ਵਿਸ਼ੇਸ਼ ਮਹੱਤਤਾ ਪ੍ਰਦਾਨ ਕਰਦੀ ਹੈ। ਦੇਵੀ ਲਕਸ਼ਮੀ ਦੀ ਪੂਜਾ ਇਸ ਤਿਉਹਾਰ ਨੂੰ ਸਾਂਝੀਵਾਲਤਾ ਨਾਲ ਜੋੜਦੀ ਹੈ। ਵੱਖ-ਵੱਖ ਧਰਮਾਂ ਵਿੱਚ ਦਿਵਾਲੀ ਦੀਆਂ ਵਿਧੀਆਂ ਵਿੱਚ ਰੌਸ਼ਨੀ, ਆਤਿਸ਼ਬਾਜ਼ੀ, ਮਿੱਠੇ ਪਕਵਾਨ ਅਤੇ ਸਮਾਜਕ ਮਿਲਣੀ ਦੀ ਸਾਂਝੀ ਵਿਸ਼ੇਸ਼ਤਾ ਹੈ, ਜੋ ਇਸ ਨੂੰ ਸੱਚਮੁੱਚ ਭਾਰਤੀ ਸੱਭਿਆਚਾਰ ਦਾ ਪ੍ਰਤੀਕ ਬਣਾਉਂਦੀ ਹੈ।

ਪਹਿਲੇ ਸਫ਼ੇ ਦੀ ਬਾਕੀ

ਬੰਦੀ ਛੋੜ ਦਿਵਸ

ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਲੋਕਾਂ ਦਾ ਵਿਦਰੋਹ ਅਤੇ ਆਰਥਿਕ ਨੁਕਸਾਨ ਹੁੰਦਾ ਵੇਖ ਕੇ, ਬਾਦਸ਼ਾਹ ਨੇ ਵਜ਼ੀਰ ਖਾਨ ਨੂੰ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਜੀ ਨੇ ਹਕੂਮਤ ਅੱਗੇ ਆਪਣੀ ਰਿਹਾਈ ਦੇ ਨਾਲ ਹੀ 52 ਰਾਜਿਆਂ ਦੀ ਰਿਹਾਈ ਦੀ ਵੀ ਮੰਗ ਰੱਖ ਦਿੱਤੀ। ਗੁਰੂ ਸਾਹਿਬ ਜੀ ਦੇ ਰੂਹਾਨੀ ਰਸੂਖ ਅੱਗੇ ਬਾਦਸ਼ਾਹ ਨੂੰ ਝੁਕਣਾ ਪਿਆ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਗਵਾਲੀਅਰ ਦੇ ਕਿਲੇ ਵਿਚੋਂ 52 ਬੰਦੀ ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ।

ਗੁਰੂ ਸਾਹਿਬ ਆਜ਼ਾਦ ਹੋ ਕੇ ਜਦੋਂ ਬਾਹਰ ਨਿਕਲੇ ਤਾਂ ਸਿੱਖਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਗੁਰੂ ਜੀ ਦਾ ਸਵਾਗਤ ਕੀਤਾ ਅਤੇ 'ਬੰਦੀ ਛੋੜ ਦਾਤਾ' ਕਹਿ ਕੇ ਉਪਮਾ ਕੀਤੀ। ਬਾਅਦ ਵਿੱਚ ਗੁਰੂ ਸਾਹਿਬ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸਾਰੇ ਸ਼ਹਿਰ ਵਿੱਚ ਘਰ ਘਰ ਦੀਵੇ ਬਾਲ ਕੇ ਦੀਪਮਾਲਾ ਕੀਤੀ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦਾ ਸੁਆਗਤ ਰੌਸ਼ਨੀਆਂ ਨਾਲ ਕੀਤਾ। ਸਬੱਬੀਂ ਉਹ ਦਿਨ ਦਿਵਾਲੀ ਦਾ ਵੀ ਸੀ। ਉਦੋਂ ਤੋਂ ਇਸ ਦਿਹਾੜੇ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। 'ਬੰਦੀ ਛੋੜ ਦਿਵਸ' ਦਾ ਅਰਥ ਹੈ ਮੁਕਤੀ ਦਾ ਦਿਨ। ਮੱਧ ਪ੍ਰਦੇਸ਼ ਦੇ ਗਵਾਲੀਅਰ ਵਿੱਚ ਬੰਦੀ ਛੋੜ ਇਤਿਹਾਸਕ ਕਿਲੇ ਦੇ ਗੁਰਦੁਆਰਾ 'ਦਾਤਾ ਬੰਦੀ ਛੋੜ' ਵਿਖੇ ਮਨਾਇਆ ਜਾਂਦਾ ਹੈ। ਵਿਸਾਖੀ, ਹੋਲਾ ਮਹੱਲਾ ਅਤੇ ਗੁਰਪੁਰਬਾਂ ਦੇ ਨਾਲ ਨਾਲ ਇਹ ਦਿਹਾੜਾ ਵੀ ਇੱਕ ਮਹੱਤਵਪੂਰਨ ਤਿਉਹਾਰ ਹੈ।

ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਸੱਚਾ ਅਧਿਆਤਮਕ ਰਹਿਬਰ ਉਹ ਹੈ, ਜੋ ਸਿਫ਼ਰ ਆਪਣੀ ਆਜ਼ਾਦੀ ਜਾਂ ਮੁਕਤੀ ਨਹੀਂ ਲੋਚਦਾ, ਸਗੋਂ ਦੂਜਿਆਂ ਦੇ ਦੁੱਖਾਂ ਨੂੰ ਵੀ ਹਰਦਾ ਹੈ। ਗੁਰੂ ਸਾਹਿਬ ਜੀ ਨੇ ਬਿਨਾ ਕਿਸੇ ਧਾਰਮਿਕ ਵਿਤਕਰੇ ਦੇ ਸਾਰੇ 52 ਰਾਜਿਆਂ ਦੀ ਆਜ਼ਾਦੀ ਲਈ ਵੀ ਲੜਾਈ ਲੜੀ।

ਪਰੰਪਰਾਗਤ ਅਠਾਰਵੀਂ ਸਦੀ ਵਿੱਚ ਸਰਬਤ ਖ਼ਾਲਸਾ ਦੇ ਰੂਪ ਵਿੱਚ ਸੰਗਤਾਂ ਵਿਸਾਖੀ ਅਤੇ 'ਬੰਦੀ ਛੋੜ ਦਿਵਸ' 'ਤੇ ਅੰਮ੍ਰਿਤਸਰ ਇਕੱਠੀਆਂ ਹੋਣ ਲੱਗੀਆਂ। ਇਸ ਮੌਕੇ ਸਵੈ ਪੜਚੋਲ ਦੀਆਂ ਵਿਚਾਰਾਂ ਹੁੰਦੀਆਂ ਅਤੇ ਭਵਿੱਖ ਲਈ ਵਿਉਂਤਬੰਦੀ ਕੀਤੀ ਜਾਂਦੀ। ਸਿੱਖਾਂ ਨੇ ਮੁਗਲ ਹਕੂਮਤ ਅੱਗੇ ਡੱਟ ਜਾਣ ਦਾ ਫੈਸਲਾ ਕਰ ਲਿਆ। ਜਿਸ ਤੋਂ ਮੁਗਲ ਹਕੂਮਤ ਪ੍ਰੇਸ਼ਾਨ ਸੀ। ਹਕੂਮਤ ਨੇ ਆਪਣੀ ਅਸਫ਼ਲਤਾ ਨੂੰ ਵੇਖਦਿਆਂ ਹਾਕਮਾਂ ਨੇ ਸਿੱਖਾਂ ਦੀ ਸ਼ਕਤੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਦਰਬਾਰ ਸਾਹਿਬ ਵਿਖੇ ਸਿੱਖਾਂ ਦੀ ਆਮਦ 'ਤੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾਣ ਲੱਗੀਆਂ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਮੁਗਲਾਂ ਦੇ ਸਿੱਖ ਕੌਮ 'ਤੇ ਅਤਿਆਚਾਰ ਜ਼ੋਰਾਂ 'ਤੇ ਹੋ ਗਏ। ਸਿੱਖ ਜੰਗਲਾਂ ਅਤੇ ਵੀਰਾਨ ਥਾਂਵਾਂ 'ਤੇ ਸਮਾਂ ਗੁਜ਼ਾਰਦੇ ਹੋਏ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜ਼ਰੂਰ ਪਹੁੰਚਦੇ। ਮੁਗਲਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਮਨਾਉਣ ਤੋਂ ਰੋਕਣ ਲਈ ਵੀ ਅਤੇ ਸੰਗਤਾਂ ਦੀ ਆਮਦ 'ਤੇ ਰੋਕ ਲਗਾ ਦਿੱਤੀ। ਸੰਗਤਾਂ ਵਿੱਚ ਇਹ ਦਿਹਾੜਾ ਮਨਾਉਣ ਲਈ ਭਾਰੀ ਉਤਸ਼ਾਹ ਸੀ। ਉਸ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭਾਈ ਮਨੀ ਸਿੰਘ ਜੀ ਨੇ ਹਕੂਮਤ ਤੋਂ 'ਬੰਦੀ ਛੋੜ ਦਿਵਸ' ਮਨਾਉਣ ਦੀ ਆਗਿਆ ਮੰਗੀ। ਹਕੂਮਤ ਨੇ ਮਹਿਸੂਲ ਦੀ ਅਦਾਇਗੀ ਬਦਲੇ ਮਨਜ਼ੂਰੀ ਦਿੱਤੀ ਕਿ 10 ਹਜ਼ਾਰ ਰੁਪਏ ਅਦਾ ਕਰਨੇ ਪੈਣਗੇ। ਨਾਲ ਹੀ ਅਧਿਕਾਰੀਆਂ ਨੇ ਇਕੱਠੇ ਹੋਏ ਸਿੱਖਾਂ ਨੂੰ ਘੇਰ ਕੇ ਮਾਰ ਮੁਕਾਉਣ ਦਾ ਇਰਾਦਾ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਜਦੋਂ ਮੁਗਲਾਂ ਦੇ ਖੂਨੀ ਇਰਾਦੇ ਦੀ ਖ਼ਬਰ ਮਿਲੀ ਤਾਂ ਉਹਨਾਂ ਨੇ ਸਿੱਖ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਆਉਣ ਤੋਂ ਰੋਕ ਦਿੱਤਾ। ਬਹੁਤ ਹੀ ਘੱਟ ਗਿਣਤੀ ਵਿੱਚ ਸੰਗਤਾਂ ਪੁੱਜੀਆਂ। ਸਰਕਾਰ ਨੇ ਫਿਰ ਵੀ ਰਕਮ ਅਦਾ ਕਰਨ ਦੀ ਮੰਗ ਰੱਖ ਦਿੱਤੀ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਦੀਵਾਨ ਤਾਂ ਭਰਿਆ ਨਹੀਂ, ਚੜ੍ਹਾਵਾ ਆਇਆ ਨਹੀਂ। ਇਸ ਲਈ ਮਹਿਸੂਲ ਦੀ ਰਕਮ ਅਦਾ ਨਹੀਂ ਕੀਤੀ ਜਾ ਸਕਦੀ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਲਾਸਾਨੀ ਸ਼ਹੀਦੀ ਵੀ 'ਬੰਦੀ ਛੋੜ ਦਿਵਸ' ਦੇ ਇਤਿਹਾਸ ਨਾਲ ਜੁੜ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ ਕਿ ਸਿੱਖਾਂ ਨੂੰ ਵਾਹਿਗੁਰੂ ਜੀ ਦੇ ਸਤਿਕਾਰ ਵਿੱਚ ਲੀਨ ਹੋ ਕੇ ਵੀ ਆਪਣੇ ਅਧਿਕਾਰਾਂ ਦੀ ਰੱਖਿਆ ਪ੍ਰਤੀ ਸੁਚੇਤ ਹੋਣਾ ਹੈ। ਗੁਰੂ ਸਾਹਿਬ ਜੀ ਨੇ ਸਿੱਖਾਂ ਵਿੱਚ ਬਹਾਦਰੀ ਅਤੇ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਹਥਿਆਰਬੰਦ ਤਾਕਤ ਦੇ ਜੋਰ 'ਤੇ ਹੀ ਆਪਣੀ ਆਜ਼ਾਦੀ

ਟੌਫੀਆਂ ਵਾਲਾ ਭਾਪਾ

ਰਵੇਲ ਸਿੰਘ ਇਟਲੀ



ਚੌਦਾਂ ਸਾਲ ਦੇ ਲੰਮੇ ਸਮੇਂ ਪਿੱਛੋਂ ਵਿਦੇਸ਼ ਵਿੱਚ ਆਪਣਿਆਂ ਬੱਚਿਆਂ ਕੋਲ ਰਹਿਕੇ ਜਦੋਂ ਉਹ ਆਪਣੇ ਪਿੰਡ ਪਰਤਿਆ ਤਾਂ ਉਸ ਦੇ ਸਾਦ ਮੁਰਾਦੇ ਪਿੰਡ 'ਤੇ ਹਰ ਪੱਖੋਂ ਬਹੁਤ ਨਿਖਾਰ ਆਇਆ ਹੈ।

ਕੱਚਿਆਂ ਕੋਠਿਆਂ ਤੇ ਢਾਰਿਆਂ ਦੀ ਥਾਂ ਹੁਣ ਉੱਚੀਆਂ ਉੱਚੀਆਂ ਦੋ ਦੋ ਤਿੰਨ ਮੰਜ਼ਲਾਂ ਵਾਲੀਆਂ ਕੋਠੀਆਂ ਨੇ ਲੈ ਲਈ ਹੈ। ਵੇਖਾ ਵੇਖੀ ਹੋਰ ਵੀ ਧੜਾ ਧੜ ਨਵੇਂ ਨਵੇਂ ਨਮੂਨਿਆਂ ਦੇ ਘਰ ਬਣਾਏ ਜਾ ਰਹੇ ਹਨ।

ਜਿੱਥੇ ਕਦੇ ਪਿੰਡ ਦੇ ਗੜ੍ਹੇ ਹੁੰਦੇ ਸਨ, ਉੱਥੇ ਹਰ ਕਿਸਮ ਦੀਆਂ ਦੁਕਾਨਾਂ ਬਣ ਗਈਆਂ ਹਨ,ਜੋ ਹੁਣ ਮਾੜੇ ਮੋਟੇ ਬਾਜਾਰ ਵਰਗੀਆਂ ਲਗਦੀਆਂ ਹਨ। ਪਿੰਡ ਵਿੱਚ ਬੜੇ ਆਲੀ ਸ਼ਾਨ ਬਣੇ ਗੁਰਦੁਆਰੇ ਤੇ ਅਰਸ਼ਾਂ ਨੂੰ ਛੁਹੰਦਾ ਝੂਲਦਾ ਨਿਸ਼ਾਨ ਸਾਹਿਬ, ਇਸ ਦੇ ਇਲਾਵਾ ਮੰਦਰ,ਧਰਮ ਸ਼ਾਲਾ, ਤੇ ਈਸਾਈ ਧਰਮ ਦਾ ਗਿਰਜਾ ਵੀ ਬਣ ਗਿਆ ਹੈ।

ਜਦੋਂ ਉਹ ਵਿਦੇਸ਼ ਗਿਆ ਸੀ ਓਦੋਂ ਪਿੰਡ ਦਾ ਕੋਈ ਟਾਂਵਾਂ ਟਾਂਵਾਂ ਬੰਦਾ ਹੀ ਵਿਦੇਸ਼ ਗਿਆ ਸੀ ,ਪਰ ਹੁਣ ਤਾਂ ਤਕਰੀਬਨ ਹਰ ਘਰ ਵਿੱਚੋਂ ਕੋਈ ਨਾ ਕੋਈ ਜੀਅ ਵਿਦੇਸ਼ ਚਲਾ ਗਿਆ ਹੈ।

ਜਿਸ ਕਰਕੇ ਉਸ ਦਾ ਪਿੰਡ ਹੁਣ ਹਰ ਪੱਖੋਂ ਚੜ੍ਹਦੀਆਂ ਕਲਾਂ ਵਿੱਚ ਜਾ ਹੈ।

ਦੇਸ਼ ਦੀ ਵੰਡ ਵੇਲੇ ਮੁਸਲਮਾਨ ਭਰਾ ਪਾਕਿਸਤਾਨ ਹਿਜਰਤ ਕਰ ਤੇ ਚਲੇ ਗਏ ਪਰ ਉਨ੍ਹਾਂ ਦੇ ਕਿਸੇ ਵੇਲੇ ਦੇ ਇੱਸ ਪਿੰਡ ਦੇ ਚੜ੍ਹਦੇ ਉੱਤਰ ਵੱਲ ਇੱਕ ਵੱਡਾ ਕਬਰਸਤਾਨ ਸੀ ਜੋ ਹੁਣ ਵੀ ਹੈ। ਚੱਕ ਬੰਦੀ ਵੇਲੇ ਈਸਾਈ ਬਿਰਾਦਰੀ ਲਈ ਇਸ ਦੇ ਨਾਲ ਦਾ ਕੁਝ ਹਿੱਸਾ ਵੱਖਰਾ ਕਰ ਦਿੱਤਾ ਗਿਆ। ਬਾਕੀ ਦਾ ਵਕਫ ਬੋਰਡ ਦੇ ਕੰਟਰੋਲ ਹੇਠ ਆ ਜਾਣ ਕਰਕੇ ਲੋੜ ਵੰਦ ਲੋਕਾਂ ਨੂੰ ਲੀਜ਼ ਤੇ ਦੇ ਦਿੱਤਾ ਗਿਆ। ਪਰ ਪਿੰਡ ਦੇ ਨਾਲ ਲਗਦੀਆਂ ਫਕੀਰਾਂ ਦੇ ਦੋ ਮਜਾਰ ਹਨ ਜੋ ਪਿੰਡ ਲੋਕਾਂ ਦੀ ਆਸਥਾ ਕਰ ਕੇ ਜਿਉਂ ਦੇ ਤਿਉਂ ਬਣੇ ਆ ਰਹੇ ਹਨ। ਜਿਨਾਂ ਤੇ ਹਰ ਵੀਰ ਵਾਰ ਨੂੰ ਲੋਕ ਆਪੋ ਆਪਣੀਆਂ ਮੰਨਤਾਂ ਮੰਨਦੇ ਹਨ, ਚਰਾਗ ਬਾਲਦੇ ਨਿਆਜ਼ ਚੜ੍ਹਾਉਂਦੇ ਹਨ।

ਇਨ੍ਹਾਂ ਵਿੱਚ ਕੁਝ ਐਸੇ ਨੌਜੁਆਨ ਵੀ ਹਨ ਜੋ ਹੁਣ ਇਥੇ ਮੰਨਤਾਂ ਮੰਨ ਕੇ ਹੁਣ ਅਮੀਰ ਦੇਸ਼ਾਂ ਵਿੱਚ ਚਲੇ ਗਏ ਹਨ, ਜਿਨ੍ਹਾਂ ਦੀ ਆਸਥਾ ਇਨ੍ਹਾਂ ਮਜਾਰਾਂ ਨਾਲ ਜੁੜੀ ਹੋਈ ਹੈ,ਜੋ ਇਨ੍ਹਾਂ ਦੀ ਸੁਹਣੀ ਦਿੱਖ ਬਣਾਉਣ ਵਾਸਤੇ ਅਤੇ ਹੋਰ ਰੌਣਕਾਂ ਵਧਾਉਣ ਵਾਸਤੇ ਬਾਹਰੋਂ ਇਨ੍ਹਾਂ ਨਮਿੱਤ ਪੈਸੇ ਭੇਜਦੇ ਰਹਿੰਦੇ ਹਨ ਤੇ ਆਪ ਵੀ ਇਨਾਂ ਰੌਣਕਾਂ ਭਰੇ ਮਾਹੌਲ ਦੇ ਨਜਾਰੇ ਵੇਖਣ ਲਈ ਆਉਂਦੇ ਜਾਂਦੇ ਰਹਿੰਦੇ ਹਨ।

ਉਨ੍ਹਾਂ ਨੇ ਰਲ਼ ਮਿਲ ਕੇ ਕੁਝ ਨੌ ਜਵਾਨਾਂ ਦੀ ਕਮੇਟੀ ਵੀ ਬਣਾਈ ਹੋਈ ਹੈ। ਜੋ ਇਨ੍ਹਾਂ ਦੇ ਭੇਜੇ ਹੋਏ ਪੈਸਿਆਂ ਨਾਲ ਤੇ ਹੋਰ ਸ਼ਰਧਾਲੂਆਂ ਦੇ ਦਿੱਤੇ ਦਾਨ ਨਾਲ ਇਨ੍ਹਾਂ ਦੇ ਮਜਾਰਾਂ ਦੇ ਨਾਲ ਖੁਲ੍ਹੇ ਕਮਰੇ ਅਤੇ ਕਿਸੇ ਮੁਸਲਮਾਨ ਪੀਰ ਫਕੀਰ ਦੀ ਦਰਗਾਹ ਵਰਗਾ ਉੱਚਾ ਹਰੇ ਰੰਗ ਦਾ ਗੁੰਬਦ ਵੀ ਬਣਵਾਇਆ ਹੋਇਆ ਹੈ,ਜਿੱਥੇ ਹਰ ਸਾਲ ਭੰਡਾਰਾ ਲਗਦਾ ਹੈ,ਦੂਰੋਂ ਦੂਰੋਂ ਕੱਵਾਲ ਆਉਂਦੇ ਹਨ। ਮੇਲੇ ਵਰਗਾ ਰੌਣਕਾਂ ਦਾ ਮਾਹੌਲ ਬਣ ਜਾਂਦਾ ਹੈ।

ਇਸ ਦੇ ਨਾਲ ਇਸ ਦੇ ਨਾਲ ਹੀ ਇੱਕ ਐਨ.ਆਰ.ਆਈ, ਦੀ ਲਗ ਪਗ ਏਕੜ ਕੁ ਭੂਮੀ ਹੈ ਜੋ ਲਗ ਪਗ ਸਾਰਾ ਸਾਲ ਹੀ ਖਾਲੀ ਪਈ ਰਹਿੰਦੀ ਹੈ ਉਸ ਵਿੱਚ ਕਬੱਡੀ , ਤੇ ਕੁਸ਼ਤੀਆਂ ਹੁੰਦੀਆਂ ਹਨ। ਦੂਰ ਦੁਰਾਡਿਉਂ ਨਾਮੀ ਕਬੱਡੀ ਖਿਡਾਰੀ , ਤੇ ਪਹਿਲਵਾਨ ਆ ਕੇ ਆਪੋ ਆਪਣੀਆਂ ਕਬੱਡੀ ਤੇ ਕੁਸ਼ਤੀਆਂ ਦੇ ਕਰਤਬ ਵਿਖਾਉਂਦੇ ਹਨ।

ਇਸ ਮੇਲੇ ਦੇ ਖਾਤਮੇ ਤੇ ਕਬੱਡੀ, ਕੁਸ਼ਤੀਆਂ ਵਾਲੀ ਅਖਾੜੇ ਵਾਲੀ ਜ਼ਮੀਨ ਪਹਿਲਾਂ ਵਾਂਗ ਫਿਰ ਖਾਲੀ ਹੋ ਜਾਂਦੀ ਹੈ,ਜਿਸ ਵਿੱਚ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਪੈ ਜਾਣ ਕਰਕੇ ਛੋਟੇ ਛੋਟੇ ਬੱਚੇ ਜਿਨ੍ਹਾਂ ਵਿੱਚ ਲਗ ਪਗ ਹਰ ਜਾਤ ਧਰਮ ਦੇ ਬੱਚੇ ਨੱਚਦੇ ਟੱਪਦੇ ਖੇਡ ਗਰਾਉਂਡ ਬਣਾ ਕੇ ਖੇਡਦੇ ਹਨ।

ਹੋਰ ਤਾਂ ਹੋਰ ਇਸ ਦੇ ਨਾਲ ਲਗਦੇ ਗੁੱਜਰ ਬਿਰਾਦਰੀ ਦੇ ਡੇਰਿਆਂ ਦੇ ਬੱਚੇ ਵੀ ਸ਼ਾਮਿਲ ਹੁੰਦੇ ਹਨ, ਵਿਦੇਸ਼ੋਂ ਆਏ ਇੱਕ ਵਡੇਰੀ ਉਮਰ ਦੇ ਸ਼ਖਸ ਦੇ ਖੇਤ ਵੀ ਇਸ ਜਗ੍ਹਾ ਦੇ ਨਾਲ ਹੀ ਲਗਦੇ ਹਨ, ਉਹ ਜਦੋਂ ਦਾ ਕੁਝ ਸਮੇਂ ਤੋਂ ਆਪਣੇ ਪਿੰਡ ਆਇਆ ਹੋਇਆ ਤੇ ਜਦੋਂ ਆਪਣੇ ਖੇਤਾਂ ਵੱਲ ਫੇਰਾ ਮਾਰਣ ਜਾਂਦਾ ਹੈ ਤਾਂ ਉਹ ਉਨ੍ਹਾਂ ਨੂੰ ਖੇਡਦੇ ਵੇਖਣ ਲਈ ਉਥੇ ਕਿੰਨਾ ਕਿੰਨਾ ਚਿਰ ਖਲੋ ਕੇ ਵੇਖਦਾ ਰਹਿੰਦਾ ਹੈ। ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਹੈ। ਕਿਉਂਜੋ ਵਿਦੇਸ਼ ਰਹਿੰਦਿਆਂ ਓਥੇ ਉਸ ਨੇ ਬੱਚਿਆਂ ਨੂੰ ਖੁਸ਼ ਰੱਖਣ ਵਾਲੇ ਕਈ ਤਿਓਹਾਰ ਵੇਖੇ ਹਨ।

ਜਦੋਂ ਉਹ ਜਾਂਦਾ ਹੈ ਤਾਂ ਬੱਚੇ ਬੜੇ ਪਿਆਰ ਨਾਲ, ਜਦੋਂ ਭਾਪਾ ਪੈਰੀਂ ਪਏ ਕਹਿੰਦੇ ਹੋਏ ਜਦੋਂ ਉਸ ਨੂੰ ਵਾਰੀ ਵਾਰੀ ਆ ਕੇ ਮੱਥੇ ਟੇਕਦੇ ਹਨ ਤਾਂ ਉਹ ਵੀ ਅਸ਼ੀਰ ਵਾਦਾਂ ਦੀ ਝੜੀ ਤਾਂ ਲਾ ਹੀ ਦੇਂਦਾ ਹੈ, ਪਰ ਜਦੋਂ ਜੇਠ ਹਾੜ ਦੀਆਂ ਧੁੱਪਾਂ ਦੀਆਂ ਸ਼ਾਮਾਂ ਨੂੰ ਮਿੱਟੀ ਘੱਟੇ ਨਾਲ ਲਿੱਬੜੇ,ਮੁੜ੍ਹਕੇ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਨੂੰ ਖੇਡਦੇ ਵੇਖ ਕੇ ਸੋਚਦਾ ਕਿ ਇਨ੍ਹਾਂ ਵਿੱਚੋਂ ਵੀ ਇਕ ਨਾ ਇਕ ਦਿਨ ਕੋਈ ਨਾ ਕੋਈ ਜ਼ਰੂਰ ਕੋਈ ਵਧੀਆ ਖਿਲਾੜੀ ਬਣ ਕੇ ਉੱਭਰੇਗਾ।ਇੱਕ ਦਿਨ ਰੋਜ਼ ਵਾਂਗ ਇਹ ਦਸ ਯਾਰਾਂ ਬੱਚਿਆਂ ਦੀ ਟੋਲੀ ਜਦੋਂ ਸਾਉਣ ਮਹੀਨੇ ਵਰਖਾ ਹੋ ਰਹੀ ਸੀ ਤੇ ਸਾਰੇ ਜਲ ਥਲ ਹੋ ਗਿਆ ਸੀ,ਗਲੀਆਂ ਵਿੱਚ ਵਗਦੇ ਬਰਸਾਤ ਦੇ ਪਾਣੀ ਵਿੱਚ ਨੱਚਦੇ ਟੱਪਦੇ, ਕਲੋਲਾਂ ਕਰਦੇ ਉਸ ਦੇ ਗੇਟ ਅੱਗਿਉਂ ਲੰਘ ਰਹੇ ਸਨ ਤਾਂ ਉਹ ਉਨ੍ਹਾਂ ਦੀ ਰੌਲੀ ਸੁਣ ਕੇ ਆਪਣਾ ਗੇਟ ਖੋਲ੍ਹ ਕੇ ਉਨ੍ਹਾਂ ਵੱਲ ਵੇਖ ਰਿਹਾ ਸੀ ਤਾਂ ਉਨ੍ਹਾਂ ਝੱਟ ਉਸ ਨੂੰ ਪਛਾਣ ਲਿਆ ਕੇ ਅੱਗੇ ਵਾਂਗ ਉਸ ਨੂੰ ਵਾਰੀ ਵਾਰੀ ਮੱਥਾ ਟੇਕ ਕੇ ਜਾਣ ਲੱਗੇ ਤਾਂ ਉਹ ਉਨ੍ਹਾਂ ਨੂੰ ਕਹਿਣ ਲੱਗਾ ਕਿ ਇਥੇ ਹੀ ਠਹਿਰੋ ਜ਼ਰਾ ਮੈਂ ਤੁਹਾਡੇ ਖਾਣ ਨੂੰ ਹੁਣੇ ਲੈ ਕੇ ਆਇਆਂ, ਉਹ ਅੰਦਰ ਗਿਆ ਤੇ ਬਾਹਰੋਂ ਲਿਆਂਦੀਆਂ ਟਾਫੀਆਂ ਦਾ ਪੈਕਟ ਫੜੀ ਬਾਹਰ ਆਇਆ ਤੇ ਸਾਰਿਆਂ ਨੂੰ ਦੋ ਦੋ ਟਾਫੀਆਂ ਖਾਣ ਲਈ ਦਿੱਤੀਆਂ, ਬੱਚੇ ਖੁਸ਼ ਹੋ ਕੇ ਟਾਫੀਆਂ ਖਾਂਦੇ ਨੱਚਦੇ ਟੱਪਦੇ ਕਦਾੜੀਆਂ ਮਾਰਦੇ ਇਕ ਦੂਜੇ ਦੇ ਅੱਗੇ ਪਿੱਛੇ ਦੌੜਦੇ ਅਗਲੀ ਗਲੀ ਮੁੜ ਗਏ।

ਹੁਣ ਉਹ ਜਦੋਂ ਉਸ ਗਲੀ ਵਿੱਚੋਂ ਮੌਜਾਂ ਮਸਤੀਆਂ ਕਰਦੇ ਲੰਘਦੇ ਹਨ ਤਾਂ ਬਾਹਰੋਂ ਹੀ ਉਸ ਦੇ ਘਰ ਦੀ ਬੈੱਲ ਵਜਾ ਕੇ ਭਾਪਾ ਪੈਰ ਪਏ ਕਹਿੰਦੇ ਬੂਹੇ ਅੱਗੇ ਰੁਕ ਜਾਂਦੇ ਹਨ, ਭਾਪਾ ਉਨ੍ਹਾਂ ਦਾ ਮਤਲਬ ਸਮਝ ਜਾਂਦਾ ਹੈ ਤੇ ਅੰਦਰੋਂ ਟਾਫੀਆਂ ਲੈ ਕੇ ਹਾਜ਼ਰ ਹੋ ਜਾਂਦਾ ਹੈ ਤੇ ਉਨ੍ਹਾਂ ਨੂੰ ਵੰਡਣ ਲੱਗ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਵੀ ਬੱਚੇ ਉਸ ਦੀ ਗਲੀ ਵਿੱਚੋਂ ਜਦੋਂ ਵੀ ਲੰਘਣ, ਉਹ ਉਨ੍ਹਾਂ ਨੂੰ ਟਾਫੀਆਂ ਵੰਡਣੋਂ ਨਹੀਂ ਖੁੰਝਦਾ,ਇਸ ਤਰ੍ਹਾਂ ਹੁਣ ਉਹ ਇਨ੍ਹਾਂ ਬੱਚਿਆਂ ਵਿੱਚ ,ਟੌਫੀਆਂ ਵਾਲਾ ਭਾਪਾ, ਕਰਕੇ ਜਾਣਿਆ ਜਾਂਦਾ ਹੈ।

ਹੁਣ ਜਦੋਂ ਵੀ ਉਹ ਆਪਣੇ ਖੇਤਾਂ ਵੱਲ ਫੇਰਾ ਮਾਰਣ ਜਾਂਦਾ ਹੈ ਤਾਂ ਗਰਾਉਂਡ ਵਿੱਚ ਸਾਰੇ ਬੱਚੇ ਵਾਰੀ ਵਾਰੀ ਆ ਕੇ ਉਸ ਨੂੰ ਜਦੋਂ ਮੱਥੇ ਟੇਕਦੇ ਹਨ ਤਾਂ ਉਹ ਬੜੇ ਲਾਡ ਪਿਆਰ ਨਾਲ ਉਨਾਂ ਦੇ ਮਿੱਟੀ ਘੱਟੇ ਤੇ ਮੁੜ੍ਹਕੇ ਨਾਲ ਲਿਬੜੇ ਮੂੰਹ ਮੱਥੇ ਚੁੰਮਦਾ ਤੇ ਅਸੀਸਾਂ ਦੇਂਦਾ ਆਪਣੇ ਖੇਤਾਂ ਵੱਲੋਂ ਫੇਰਾ ਮਾਰ ਕੇ ਜਦੋਂ ਘਰ ਆ ਕੇ ਆਰਾਮ ਕਰਦਾ ਹੈ ਤਾਂ ਸ਼ਾਮਾਂ ਨੂੰ ਉਨ੍ਹਾਂ ਦੇ ਆ ਕੇ ਗੇਟ ਦੀ ਬੈੱਲ ਖੜਕਾਉਣ ਦੀ ਬਿੜਕ ਵੀ ਰੱਖਦਾ ਹੈ ਕਿ ਬੱਚੇ ਕਦੋਂ ਆਉਣ ਅਤੇ ਕਦੋਂ ਉਹ ਉਨ੍ਹਾਂ ਨੂੰ ਟਾਫੀਆਂ ਵੰਡੇ।

ਭਾਂਵੇਂ ਸਾਰਾ ਪਿੰਡ ਉਸ ਦਾ ਸਤਿਕਾਰ ਕਰਦਾ ਹੈ ਪਰ ਬੱਚਿਆਂ ਦਾ ਪਿਆਰ ਟਾਫੀਆਂ ਵਾਲੇ ਭਾਪੇ ਲਈ ਉਸ ਦੇ ਪਿੰਡ ਆਉਣ ਤੇ ਉਸ ਨੂੰ ਬਹੁਤ ਅਰਥ ਭਰਪੂਰ ਤੇ ਬਹੁ ਮੁੱਲਾ ਜਾਪਦਾ ਹੈ।

ਇਹ ਸੋਚ ਕੇ ਉਸ ਦਾ ਮਨ ਮੁੜ ਵਿਦੇਸ਼ ਜਾਣ ਨਹੀਂ ਕਰਦਾ,ਪਰ ਸਮੇਂ ਦੀ ਚਾਲ ਦਾ ਕੀ ਪਤਾ ਉਹ ਟਾਫੀਆਂ ਵਾਲੇ ਭਾਪੇ ਨੂੰ ਕਿੱਧਰ ਨੂੰ ਲੈ ਤੁਰੇ ਪਰ ਹਾਲ ਦੀ ਘੜੀ ਉਹ ਆਪਣੇ ਪਿੰਡ ਦੇ ਲੋਕਾਂ ਨਾਲ ਖਾਸ ਕਰ ਕੇ ਇਨ੍ਹਾਂ ਫੁੱਲਾਂ ਵਰਗੇ ਹਾਸੇ ਖੇੜੇ, ਅੱਠਖੇਲੀਆਂ , ਬਚਪਨ ਦੀਆਂ ਮਹਿਕਾਂ ,ਸੁਗੰਧੀਆਂ ਵੰਡਦੇ, ਪਿਆਰੇ ਪਿਆਰੇ ਬੱਚਿਆਂ ਵਿੱਚ ਰਹਿ ਕੇ ਬਹੁਤ ਖੁਸ਼ ਹੈ।

ਮਿੰਨੀ ਕਹਾਣੀਆਂ

ਸਫ਼ਰ ਤੇ ਸਿੱਖਿਆ

ਦਰਸ਼ਨ ਸਿੰਘ

ਸਵੇਰ ਦਾ ਵੇਲਾ ਸੀ। ਸੰਗਰੂਰ ਰੇਲਵੇ ਚੌਕ ਕੋਲ ਮੈਂ ਸਕੂਟਰ 'ਤੇ ਘਰ ਵੱਲ ਜਾ ਰਿਹਾ ਸੀ। ਰੇਲਵੇ ਚੌਕ ਕੋਲ ਇੱਕ ਬਿਰਧ ਵਿਅਕਤੀ ਨੇ ਲਿਫ਼ਟ ਲੈਣ ਲਈ ਮੈਨੂੰ ਸਕੂਟਰ ਰੋਕਣ ਦਾ ਇਸ਼ਾਰਾ ਕੀਤਾ।

ਮੈਂ ਸਕੂਟਰ ਰੋਕ ਕੇ ਉਸ ਨੂੰ ਪੁੱਛਿਆ, "ਕਿੱਥੇ ਜਾਣਾ ਏ ਬਾਬਾ ਜੀ।" ਉਸ ਬਜ਼ੁਰਗ ਨੇ ਧੀਮੀ ਆਵਾਜ਼ ਵਿੱਚ ਪੁੱਛਿਆ, "ਹਸਪਤਾਲ ਵਾਲੇ ਰਾਹ ਜਾਂਦਾ ਏਂ ਪੁੱਤਰਾ ? ਮੈਨੂੰ ਵੀ ਉਥੇ ਲਾਹ ਦਵੀਂ।" ਇਹ ਆਖ ਕੇ ਬਜ਼ੁਰਗ ਮੇਰੇ ਸਕੂਟਰ ਦੇ ਪਿੱਛੇ ਬੈਠ ਗਿਆ। ਕੁਝ ਪਲ ਅਸੀਂ ਚੁੱਪ ਚਾਪ ਬੈਠੇ ਰਹੇ। ਫਿਰ ਉਸ ਬਜ਼ੁਰਗ ਨੇ ਪੁੱਛਿਆ, ਕਿਹੜਾ ਪਿੰਡ ਹੈ ਭਾਈ ਤੇਰਾ ? ਇਥੋਂ ਹੀ ਹਾਂ ਜੀ...ਸੰਗਰੂਰ ਤੋਂ। ਮੈਂ ਜਵਾਬ ਦਿੱਤਾ। ਪਹਿਲਾਂ ਕੋਈ ਪਿੰਡ ਵੀ ਹੋਵੇਗਾ!

ਮੈਂ ਆਖਿਆ, ਹਾਂ ਜੀ...ਬਾਲੀਆਂ। ਓਹ ਨਾਨਕਿਆਣਾ ਸਾਹਿਬ ਵਾਲੀਆਂ ? ਹਾਂ ਜੀ। ਮੇਰੀ ਇਹ ਗੱਲ ਸੁਣ ਕੇ ਉਸ ਬਜ਼ੁਰਗ ਦੀ ਆਵਾਜ਼ ਵਿੱਚ ਹੋਰ ਅਪਣੱਤ ਭਰ ਗਈ।

ਮੈਂ ਲਹਿਰੇ ਤੋਂ ਹਾਂ ਭਾਈ...ਰੋੜੇਵਾਲ ਪਿੰਡ ਹੈ ਮੇਰਾ। ਟੋਸ਼ਣ ਤੋਂ ਉੱਤਰ ਕੇ ਆਇਆ ਇੱਥੇ ਚੌਕ ਤੱਕ।

ਮੈਂ ਪੁੱਛਿਆ, "ਇਥੇ ਕਿਵੇਂ ਆਉਣਾ ਹੋਇਆ ਬਜ਼ੁਰਗੋ ?" ਬਜ਼ੁਰਗ ਨੇ ਮੇਰੇ ਮੋਢੇ 'ਤੇ ਹੱਥ ਰੱਖਦਿਆਂ ਦੱਸਿਆ, ਭਾਈ ਦੀਆਂ ਕੁੜੀਆਂ ਪਾਲੀਆਂ ਨੇ ਮੈਂ। ਉਨ੍ਹਾਂ ਕਰਕੇ ਪਿੰਡੋਂ ਸ਼ਹਿਰ ਆਇਆ ਸੀ। ਵੱਡੀਆਂ ਪੜ੍ਹਾਈਆਂ ਤਾਂ ਸ਼ਹਿਰਾਂ ਵਿੱਚ ਹੀ ਹੁੰਦੀਆਂ ਨੇ ਪੁੱਤਰਾ।" ਫਿਰ ਉਹ ਆਪ ਮੁਹਾਰੇ ਹੀ ਦੱਸਣ ਲੱਗਿਆ, ਮੇਰੇ ਘਰ ਆਪਣਾ ਬੱਚਾ ਨ੍ਹੀਂ ਸੀ ਕੋਈ...ਇਨ੍ਹਾਂ ਬਾਲੜੀਆਂ ਨੂੰ ਜਨਮ ਦੇਣ ਮਗਰੋਂ ਮੇਰੀ ਭਰਜਾਈ ਗੁਜ਼ਰ ਗਈ। ਬੱਸ ਮੈਂ ਤੇ ਮੇਰੀ ਘਰ ਵਾਲੀ ਨੇ ਇਨ੍ਹਾਂ ਬੱਚੀਆਂ ਨੂੰ ਆਪਣੀਆਂ ਮੰਨ ਕੇ ਹੀ ਪਾਲਿਆ ਹੈ।

ਬਜ਼ੁਰਗ ਦੀ ਆਵਾਜ਼ ਵਿੱਚ ਇੱਕ ਤਸੱਲੀ ਦਾ ਅਹਿਸਾਸ ਝਲਕ ਰਿਹਾ ਸੀ। ਉਹ ਆਖਣ ਲੱਗਿਆ, ਹੁਣ ਸਾਨੂੰ ਹੀ ਮਾਂ-ਬਾਪ ਮੰਨਦੀਆਂ ਨੇ... ਕਹਿੰਦੀਆਂ ਨੇ ਸਾਡੀ ਮਾਂ ਭਾਵੇਂ ਮਰ ਗਈ ਪਰ ਰੱਬ ਨੇ ਸਾਨੂੰ ਮੁੜ ਮਾਂ ਦੇ ਦਿੱਤੀ। ਸਾਰਾ ਸਮਾਂ ਪੜ੍ਹਾਈ ਵਿੱਚ ਰੁੱਝੀਆਂ ਰਹਿੰਦੀਆਂ ਨੇ। ਪਿੰਡ ਆਪਣੇ ਪਿਓ ਕੋਲ ਗੇੜਾ ਵੀ ਨ੍ਹੀਂ ਮਾਰਦੀਆਂ, ਅਖੇ ਪੜ੍ਹਾਈ ਦਾ ਨੁਕਸਾਨ ਨ੍ਹੀਂ ਕਰਨਾ। ਦੋਵੇਂ ਮੈਡੀਕਲ ਦੀ ਪੜ੍ਹਾਈ ਪੜ੍ਹ ਰਹੀਆਂ ਨੇ। ਹਸਪਤਾਲ ਵਿੱਚ ਹੀ ਡਿਊਟੀ ਕਰਦੀਆਂ ਨੇ। ਉਨ੍ਹਾਂ ਨੂੰ ਹੀ ਮਿਲਣ ਜਾ ਰਿਹਾਂ।"

ਲੰਬਾ ਸਾਹ ਲੈਂਦਿਆਂ ਉਸ ਨੇ ਤਸੱਲੀ ਭਰੀ ਆਵਾਜ਼ ਵਿੱਚ ਕਿਹਾ, "ਵਧੀਆ ਸਮਾਂ ਲੰਘ ਰਿਹੈ ਭਾਈ...ਸ਼ੁਕਰ ਹੈ ਮਾਲਕ ਦਾ।

ਇੰਨੇ ਨੂੰ ਅਸੀਂ ਹਸਪਤਾਲ ਨੇੜੇ ਪੁੱਜ ਗਏ। ਚੰਗਾ ਭਾਈ, ਆਹ ਗੇਟ ਮੂਹਰੇ ਲਾਹ ਦਵੀਂ।

ਮੈਂ ਸਕੂਟਰ ਰੋਕਿਆ। ਬਜ਼ੁਰਗ ਨੇ ਉਤਰਦਿਆਂ ਮੇਰਾ ਮੋਢਾ ਥਾਪੜਦਿਆਂ ਆਖਿਆ, "ਰੱਬ ਤੇਰਾ ਭਲਾ ਕਰੇ... ਜਿਉਂਦਾ ਵੱਸਦਾ ਰਹੁ ਭਾਈ।

ਬਜ਼ੁਰਗ ਹੌਲੀ-ਹੌਲੀ ਹਸਪਤਾਲ ਵੱਲ ਤੁਰ ਗਿਆ। ਮੈਂ ਕੁਝ ਪਲ ਉਸ ਨੂੰ ਜਾਂਦਿਆਂ ਨੂੰ ਵੇਖਦਾ ਰਿਹਾ ਤੇ ਮਗਰੋਂ ਆਪਣੇ ਘਰ ਵੱਲ ਤੁਰ ਪਿਆ। ਪੰਜ ਮਿੰਟਾਂ ਦੇ ਸਫ਼ਰ ਵਿੱਚ ਹੀ ਮੈਨੂੰ ਉਸ ਬਜ਼ੁਰਗ ਪ੍ਰਤੀ ਅਪਣੱਤ ਮਹਿਸੂਸ ਹੋਣ ਲੱਗ ਪਈ ਸੀ। ਇਨ੍ਹਾਂ ਕੁਝ ਪਲਾਂ ਵਿੱਚ ਹੀ ਬਜ਼ੁਰਗ ਨੇ ਆਪਣੇ ਸਾਰੇ ਜੀਵਨ ਦਾ ਸਾਰ ਮੈਨੂੰ ਆਖ ਸੁਣਾਇਆ ਸੀ। ਮੈਂ ਆਸਮਾਨ ਵੱਲ ਤੱਕਦਿਆਂ ਆਖਿਆ, 'ਸ਼ੁਕਰ ਹੈ ਮਾਲਕ ਦਾ' ਤੇ ਸਕੂਟਰ ਤੋਰ ਲਿਆ।

***

ਕਾਲਾ ਟਿੱਕਾ

ਪਰਮਿੰਦਰ ਕੌਰ

ਰੇਸ਼ਮਾ ਰੋਜ਼ ਆਪਣੇ ਪੁੱਤਰ ਕਮਲ ਨੂੰ ਤਿਆਰ ਕਰਦੀ ਤੇ ਉਸ ਨੂੰ ਮਾੜੀ ਨਜ਼ਰ ਤੋਂ ਬਚਾਉਣ ਲਈ ਬਿਨਾਂ ਨਾਗਾ ਉਸ ਦੇ ਕੰਨ ਪਿੱਛੇ, ਵਾਲਾਂ ਵਿੱਚ ਜਾਂ ਗੁੱਟ ਉੱਤੇ ਕਾਲਾ ਟਿੱਕਾ ਵੀ ਜ਼ਰੂਰ ਲਾਉਂਦੀ ਪਰਮਾਤਮਾ ਅੱਗੇ ਅਰਦਾਸ ਕਰਦੀ ਕਿ ਮੇਰੇ ਬੱਚੇ ਨੂੰ ਕਿਸੇ ਦੀ ਵੀ ਬੁਰੀ ਨਜ਼ਰ ਨਾ ਲੱਗੇ। ਰੋਜ਼ ਦੇ ਇਸ ਨੇਮ ਕਾਰਨ ਹੁਣ ਕਮਲ ਨੂੰ ਵੀ ਮਾਂ ਵੱਲੋਂ ਲਾਏ ਇਸ ਕਾਲੇ ਟਿੱਕੇ ਦੀ ਆਦਤ ਪੈ ਗਈ ਸੀ। ਇਸ ਟਿੱਕੇ ਵੱਲੋਂ ਕੀਤੀ ਜਾਣ ਵਾਲੀ ਹਿਫਾਜ਼ਤ ਦਾ ਖ਼ਿਆਲ ਉਸ ਦੇ ਜ਼ਿਹਨ ਵਿੱਚ ਵੀ ਘਰ ਕਰਨ ਲੱਗ ਪਿਆ ਸੀ।

ਜਦੋਂ ਕਮਲ ਰਤਾ ਵੱਡਾ ਹੋਇਆ ਤਾਂ ਸ਼ਾਮ ਮੁਹੱਲੇ ਵਿੱਚ ਦੋਸਤਾਂ ਨਾਲ ਖੇਡਣ ਜਾਣ ਲੱਗਿਆਂ ਵੀ ਰੇਸ਼ਮਾ ਦਾ ਇਹ ਕਾਲਾ ਟਿੱਕਾ ਉਸ ਦੇ ਅੰਗ-ਸੰਗ ਰਹਿੰਦਾ। ਇੱਕ ਵਾਰ ਰੇਸ਼ਮਾ ਨੂੰ ਕਿਸੇ ਜ਼ਰੂਰੀ ਕੰਮ ਕਰਕੇ ਸੁਵਖ਼ਤੇ ਹੀ ਰਿਸ਼ਤੇਵਾਗੀ ਵਿੱਚ ਜਾਣਾ ਪੈ ਗਿਆ। ਉਹ ਕਮਲ ਨੂੰ ਸੁੱਤਾ ਪਿਆ ਛੱਡ ਕੇ ਚਲੀ ਗਈ। ਹਾਲਾਂਕਿ ਘਰ ਵਿੱਚ ਹੋਰ ਸਾਰੇ ਹੀ ਜੀਅ ਮੌਜੂਦ ਸਨ, ਪਰ ਜਦੋਂ ਕਮਲ ਦੀ ਨੀਂਦ ਖੁੱਲ੍ਹੀ ਤਾ

ਕਾਵਿ ਸੰਸਾਰ



ਦਿਵਾਲੀ

ਬੂਟਾ ਗ਼ੁਲਾਮੀ ਵਾਲਾ

ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਸ਼ੁਧ ਵਾਤਾਵਰਣ ਬਣਾਈਏ, ਇਸ ਦਿਵਾਲੀ 'ਤੇ
ਆਲਾ ਦੁਆਲਾ, ਆਪਾਂ ਦੂਸ਼ਿਤ ਕਰਨਾ ਨਹੀਂ
ਗੰਦ ਪਿੱਲ ਵੀ ਖਾ ਕੇ, ਢਿੱਡ ਨੂੰ ਭਰਨਾ ਨਹੀਂ
ਹਰ ਇੱਕ ਨੂੰ ਸਮਝਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ
ਮਿਠਾਈਆਂ ਦੇ ਵਿੱਚ, ਖੰਡ ਪਾ ਕੇ ਨੇ ਵੇਚ ਰਹੇ
ਲੋਕੀਂ ਸਾਰੇ ਆਪਣੀ, ਅੱਖੀਂ ਵੇਖ ਰਹੇ
ਆਉ ਰਲ ਕੇ ਸਮਝਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ
ਨਾ ਕੋਈ ਆਤਿਸ਼ਬਾਜ਼ੀ, ਨਾ ਪਟਾਕੇ ਬਈ
ਹਰ ਵਾਰੀ ਹੀ ਹੁੰਦੇ, ਰਹਿੰਦੇ ਵਾਕੇ ਬਈ
ਬਸ ਇਨ੍ਹਾਂ ਤੋਂ ਬਚ ਜਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ
ਗ਼ੁਲਾਮੀ ਵਾਲੇ ਬੂਟੇ, ਖ਼ੁਸ਼ੀ ਮਨਾਵਾਂਗੇ
ਸਾਫ਼ -ਸਫ਼ਾਈ ਕਰ ਕੇ, ਘਰ ਸਜਾਵਾਂਗੇ
ਸਾਰੇ ਕੰਮ ਮੁਕਾਈਏ, ਇਸ ਦਿਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦਿਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦਿਵਾਲੀ 'ਤੇ



ਦਿਵਾਲੀ ਤੇ ਜਗਾਈਏ...

ਮਲਕੀਅਤ 'ਸੁਹਲ'



ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮ ਬੱਤੀਆਂ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ।

ਸਿਖ਼ਰ ਦੁਪਹਿਰਾ ਵੀ ਹਨੇਰਾ ਮੈਨੂੰ ਜਾਪਦਾ ।
ਲਗਦਾ ਭੁਲੇਖਾ ਮੈਨੂੰ ਆਪਣੇ ਹੀ ਆਪ ਦਾ ।
ਦੇਂਦੀਆਂ ਨੇ ਮਿਹਣੇ ਮੈਨੂੰ ਕੁੜੀਆਂ ਨਿੱਖ਼ਤੀਆਂ,
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।

ਸੋਹਣਿਆਂ ਵੇ ਮੇਰਾ ਪੱਲ-ਪੱਲ ਔਖਾ ਲੰਘਦਾ ।
ਸ਼ਗਨਾ ਦਾ ਚੂੜਾ ਮੇਰਾ ਖ਼ੈਰ ਤੇਰੀ ਮੰਗਦਾ ।
ਸੁਪਨੇ 'ਚ ਵੇਖਾਂ ਤੇਰੇ ਕੰਨੀ ਪਾਈਆਂ ਨੱਤੀਆਂ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਚੱਰਖ਼ੀ ਦਾ ਇੱਕ-ਇੱਕ ਗੇੜਾ ਲੰਮਾ ਹੋ ਗਿਆ।
ਅੱਖੀਆਂ ਚੋਂ ਹੰਝੂ ਤੇਰੀ ਯਾਦ ਬਣ ਚੋ ਗਿਆ।
ਵੇ ਠੰਡੀਆਂ ਹਵਾਵਾਂ ਮੈਨੂੰ ਲਗਦੀਆਂ ਤੱਤੀਆਂ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਦਿਵਾਲੀ ਦਾ ਤਿਉਹਾਰ ਫਿਰ ਸਾਲ ਬਾਦ ਆਊਗਾ।
'ਸੁਹਲ' ਵਿਹੜੇ ਨੱਚੂ ਨਾਲ ਮੈਨੂੰ ਵੀ ਨੱਚਾਊਗਾ ।
ਹੋਈਆਂ ਬੁੱਲੀਆਂ ਸੁਰਖ਼ ਇਹ ਗ਼ੁਲਾਬੀ ਪੱਤੀਆਂ ,
ਚੰਨਾ ਵੇ ਦਿਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਪਿੰਡਾਂ ਦੀ ਦਿਵਾਲੀ

ਸਰੂਪ ਚੰਦ ਹਰੀਗੜ੍ਹ



ਕਿਸੇ ਘਰ ਬਣੀ ਗੋਭੀ, ਕਿਸੇ ਮਟਰ ਪਨੀਰ ਜੀ
ਦੁੱਧ ਸੇਵੀਆਂ ਵਿੱਚ ਪਾਇਆ, ਕਿਸੇ ਰਿੰਨ੍ਹੀ ਅੱਜ ਖੀਰ ਜੀ।
ਸਰਬ ਸਾਂਝਾ ਹੈ ਤਿਉਹਾਰ, ਲੱਗੇ ਸਭ ਨੂੰ ਪਿਆਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਗੋਹਾ ਮਿੱਟੀ ਲਾ ਕੇ ਪੋਚੇ, ਚੁੱਲ੍ਹੇ ਚੌਂਕੇ ਸੋਹਣੇ ਲੱਗਦੇ
ਹਰੇ ਪੀਲੇ ਰੰਗਾਂ 'ਚ ਮਕਾਨ ਬੜੇ ਫੱਬਦੇ।
ਜਗਦੇ ਨੇ ਦੀਵੇ, ਸਜੇ ਵਾੜਾ ਤੇ ਗਹਾਰਾਂ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਘਰ ਦੇ ਬਣਾਏ ਲੱਡੂ, ਖੋਏ ਦੀਆਂ ਪਿੰਨੀਆਂ
ਆਟੇ ਦੀਆਂ ਮੱਠੀਆਂ ਸੁਆਦ ਰਸਭਿੰਨੀਆਂ।
ਤੇਲ ਦੇ ਪਕੌੜੇ ਚਿੱਤ ਕਰਦੇ ਕਰਾਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਚਲਾਉਂਦੇ ਨੇ ਪਟਾਕੇ ਰਲ, ਚੱਲਦੀ ਹਵਾਈ ਏ
ਫੁੱਲਝੜੀ ਚੱਕਰਾਂ ਨੇ ਕੀਤੀ ਰੋਸ਼ਨਾਈ ਏ।
ਸੱਥਾਂ ਵਿੱਚ ਸਬੂਤ ਬੱਚੇ, ਬੁੱਢੇ, ਪੋਂਡੂ ਭਾਈਚਾਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਵੜੇਵਿਆਂ ਵਿੱਚ ਤੇਲ ਪਾ ਕੇ, ਜਗਣ ਮਸ਼ਾਲਾਂ ਨੇ
ਮਿੱਟੀ ਦਿਆਂ ਚੂੰਗੜਿਆਂ ਕੀਤੀਆਂ ਕਮਾਲਾਂ ਨੇ।
ਹਰ ਘਰ ਵਿਹੜਾ ਲੱਗੇ, ਸਰੂਪ ਚਾਨਣ ਮੁਨਾਰਾ ਏ
ਪਿੰਡਾਂ ਦੀ ਦਿਵਾਲੀ ਦਾ ਜੀ ਵੱਖਰਾ ਨਜ਼ਾਰਾ ਏ।



ਦਿਵਾਲੀ ਦੀਆਂ ਮੁਬਾਰਕਾਂ

ਨਿਸ਼ਾਨ ਸਿੰਘ ਰਾਠੌਰ

ਆਪਣੀ ਪਤਨੀ ਨੂੰ
ਦਿਵਾਲੀ ਦੀਆਂ ਮੁਬਾਰਕਾਂ
ਕਹਿ ਜਿਵੇਂ ਹੀ ਉਹ ਜਾਣ ਲੱਗਾ
ਘਰ ਤੋਂ ਬਾਹਰ
ਆਪਣੀ ਸ਼ਾਮ ਰੰਗੀਨ ਕਰਨ
ਤਾਂ ਪਤਨੀ ਨੇ ਯਾਦ ਕਰਵਾਇਆ
ਅੱਜ ਤਾਂ ਬਾਪੂ ਜੀ ਦੀ ਬਰਸੀ ਹੈ
ਇਕ ਪਲ ਲਈ ਉਹ ਠਠੰਬਰ ਗਿਆ
ਤੇ ਮੱਥੇ ਤੇ ਵੱਟ ਜਿਹਾ ਪਾ ਕੇ
ਗੁੱਸੇ ਨਾਲ ਬੋਲਿਆ
ਤਿਉਹਾਰ ਦੇ ਦਿਨ
ਕਿਸੇ ਮਰੇ ਹੋਏ ਨੂੰ ਯਾਦ ਨਹੀਂ ਕਰੀਦਾ
ਐਵੇਂ ਮਜ਼ਾ ਖਰਾਬ ਹੋ ਜਾਂਦੈ
ਨਾਲ ਦੇ ਕਮਰੇ ਵਿਚ ਬੈਠੀ
ਬੁੱਢੀ ਮਾਂ ਦੇ ਕੰਨਾਂ ਵਿਚ ਇਹ
ਆਵਾਜ਼ ਕਿਸੇ
ਵੱਡੇ ਬੰਬ ਧਮਾਕੇ ਤੋਂ ਘੱਟ ਨਹੀਂ ਸੀ
ਤੇ ਉਸ ਦਾ ਪੋਤਰਾ
ਘਰ ਦੇ ਵਿਹੜੇ ਵਿਚ
ਨਿੱਕੇ ਬੰਬ ਚਲਾ ਰਿਹਾ ਸੀ
ਜਿਸ ਦੀ ਆਵਾਜ਼
ਸ਼ਾਇਦ ਉਸ ਬੁੱਢੀ ਮਾਂ ਨੂੰ
ਸੁਣਨੀ ਬੰਦ ਹੋ ਗਈ ਸੀ



ਦਿਵਾਲੀ

ਓਮਕਾਰ ਸੂਦ ਬਹੋਨਾ

ਸੱਚੇ ਮਨ 'ਚੋਂ ਗੀਤ ਪਿਆਰ ਦਾ ਆਪਾਂ ਗਾਈਏ
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਧੂੰਆਂ ਰਹਿਤ ਮੁਹੱਬਤ ਵਾਲੀ ਹਰੀ ਦਿਵਾਲੀ
ਹੁੰਦੀ ਸਦਾ ਹੀ ਚਾਵਾਂ ਦੇ ਨਾਲ ਭਰੀ ਦਿਵਾਲੀ
ਦੂਸ਼ਤ ਹੋਣੋਂ ਆਪਾਂ ਵਾਤਾਵਰਨ ਬਚਾਈਏ
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਖਾਈਏ ਕਸਮ ਕਿ ਸ਼ੁੱਧ ਮਿਠਾਈ ਆਪਾਂ ਖਾਣੀ
ਵਿਕਦੀ ਵਿੱਚ ਬਾਜ਼ਾਰਾਂ ਜੋ ਉਹ ਮੂੰਹ ਨਹੀਂ ਲਾਣੀ
ਮਿਲਾਵਟ ਖੋਰਾਂ ਨੂੰ ਆਪਣਾ ਰੋਸ ਦਿਖਾਈਏ।
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਹਿੰਮਤ ਕਰਕੇ ਸ਼ੁੱਧ ਮਿਠਾਈ ਘਰੇ ਬਣਾਈਏ
ਖਾਈਏ ਭਾਵੇਂ ਥੋੜ੍ਹੀ ਆਪਾਂ ਸ਼ੁੱਧ ਹੀ ਖਾਈਏ
ਮਿਲਾਵਟ ਖੋਰਾਂ ਦੀ ਸਭ ਚਾਲ ਅਸਫਲ ਬਣਾਈਏ।
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।
ਪਟਾਕੇ ਘੱਟ ਵਜਾਉਣੇ ਹੈ ਮਤਾ ਪਕਾਉਣਾ
ਚਾਰ ਚੁਫ਼ੇਰਾ ਆਪਾਂ ਹੈ ਸ਼ੁੱਧ ਬਣਾਉਣਾ
ਜੂਏ ਸ਼ਰਾਬ ਜਿਹੇ ਨਸ਼ੇ ਨੂੰ ਦੁਰਕਾਰ ਵਖਾਈਏ।
ਆਓ ਸਾਰੇ ਰਲ ਮਿਲ ਕੇ ਦਿਵਾਲੀ ਮਨਾਈਏ।

ਦਿਵਾਲੀ

-ਮਨਜੀਤ ਸਿੰਘ ਘੁੰਮਣ

ਸਾਰੇ ਇਸ ਵਾਰ ਭਾਈ ਦਿਵਾਲੀ ਉਤੇ, ਬਣ ਜਾਈਏ ਇਕ ਮਿਸਾਲ ਆਪਾਂ
ਸਾਰੇ ਇਸ ਵਾਰ ਭਾਈ ਦਿਵਾਲੀ ਉਤੇ, ਬਣ ਜਾਈਏ ਇਕ ਮਿਸਾਲ ਆਪਾਂ,
ਜ਼ਹਿਰ ਵਿਕਦਾ ਵਿਚ ਬਜ਼ਾਰਾਂ ਦੇ, ਨਾ ਲਿਜਾਈਏ ਉਹ ਘਰ ਨਾਲ ਆਪਾਂ,
ਉਹ ਜ਼ਿੰਦਗੀ ਵਿਚ ਨੁਕਸਾਨ ਕਰੇ, ਜ਼ਰੂਰ ਕਰਨਾ ਇਹ ਖ਼ਿਆਲ ਆਪਾਂ,
ਸਾਰਾ ਘਰ ਵਿਚ ਬਣਾ ਕੇ ਖਾਵਾਂਗੇ, ਵੇਖ ਦੁਨੀਆਂ ਦਾ ਇਹ ਹਾਲ ਆਪਾਂ,
ਵਾਤਾਵਰਣ ਹੈ ਬਹੁਤ ਖ਼ਰਾਬ ਹੁੰਦਾ, ਉਠਾਈਏ ਨਾ ਬੰਬਾਂ ਨਾਲ ਭੂਚਾਲ ਆਪਾਂ
ਖ਼ੁਸ਼ੀ ਬੱਚਿਆਂ ਨਾਲ ਮਨਾਵਾਂਗੇ, ਦੀਵੇ ਮਿੱਟੀ ਦੇ ਘਰ ਬਾਲ ਆਪਾਂ,
ਪੈਸੇ ਦੇ ਕੇ ਜ਼ਹਿਰ ਲਿਜਾਇਉ ਨਾ, ਘਰ ਬੱਚਿਆਂ ਤਾਈਂ ਖੁਆਉਣ ਲਈ,
ਦੇਸੀ ਘਿਉ ਬੇਬੇ ਨੇ ਜੋੜਿਆ ਏ, ਸੇਵੀਆਂ ਵਿਚ ਸੱਭ ਨੂੰ ਪਾਉਣ ਲਈ।



ਏਸ਼ੀਅਨ ਚੈਂਪੀਅਨਜ਼ ਟਰਾਫੀ ਨਾਲ ਪੰਜਾਬ 'ਚ ਚੱਲੀ 'ਹਾਕੀ ਲਹਿਰ'

ਮੈਚ ਵੇਖਣ ਵੱਡੀ ਗਿਣਤੀ 'ਚ ਪੁੱਜ ਰਹੇ ਭਾਰਤੀ ਖਿਡਾਰੀਆਂ ਦੇ ਪਰਿਵਾਰ ਤੇ ਸਾਬਕਾ ਹਾਕੀ ਖਿਡਾਰੀ





ਜਲੰਧਰ/ਏ.ਟੀ.ਨਿਊਜ਼ : ਪੰਜਾਬ ਦੀ ਧਰਤੀ ਉਤੇ ਪਹਿਲੀ ਵਾਰ ਹੋ ਰਹੇ ਹਾਕੀ ਦੇ ਕੌਮਾਂਤਰੀ ਟੂਰਨਾਮੈਂਟ ਹਾਕੀ ਏਸ਼ੀਅਨ ਏਸ਼ੀਅਨਜ਼ ਟਰਾਫੀ ਨੂੰ ਲੈ ਕੇ ਹਾਕੀ ਜਗਤ 'ਚ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ। ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ 'ਚ ਹੋ ਰਹੇ ਮੈਚਾਂ ਨੂੰ ਲੈ ਕੇ ਭਾਰਤੀ ਹਾਕੀ ਟੀਮ 'ਚ ਖੇਡ ਰਹੇ ਪੰਜਾਬੀ ਖਿਡਾਰੀਆਂ ਦੇ ਪਰਿਵਾਰਕ ਮੈਂਬਰ ਤੇ ਭਾਰਤ ਦੇ ਸਾਬਕਾ ਹਾਕੀ ਖਿਡਾਰੀ ਵੀ ਖਿਡਾਰੀਆਂ ਦਾ ਹੌਸਲਾ ਵਧਾਉਣ ਲਈ ਹੁੰਮ-ਹੁਮਾ ਕੇ ਪੁੱਜ ਰਹੇ ਹਨ। ਭਾਰਤੀ ਹਾਕੀ ਟੀਮ 'ਚ ਅੱਠ ਖਿਡਾਰੀ ਕਪਤਾਨ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਮਨਦੀਪ ਸਿੰਘ, ਦਿਲਪ੍ਰੀਤ ਸਿੰਘ, ਸੁਖਜੀਤ ਸਿੰਘ, ਜੁਗਰਾਜ ਸਿੰਘ, ਜਰਮਨਪ੍ਰੀਤ ਸਿੰਘ ਤੇ ਕ੍ਰਿਸ਼ਨ ਬਹਾਦਰ ਪਾਠਕ ਪੰਜਾਬ ਤੋਂ ਹਨ। ਹਰਮਨਪ੍ਰੀਤ ਦੇ ਮਾਤਾ-ਪਿਤਾ ਸਰਬਜੀਤ ਸਿੰਘ ਤੇ ਮਾਤਾ ਰਾਜਵਿੰਦਰ ਕੌਰ, ਪਤਨੀ ਅਮਨਦੀਪ ਕੌਰ ਤੇ ਉਨ੍ਹਾਂ ਦੇ ਮਾਤਾ-ਪਿਤਾ, ਬੇਟੀਆਂ ਰੂਹਾਨਤ ਤੇ ਮੇਹਰ, ਹਾਰਦਿਕ ਸਿੰਘ ਦੇ ਪਿਤਾ ਵਰਿੰਦਰ ਸਿੰਘ ਜੋ ਮੈਚ ਵੀ ਦੇਖ ਰਹੇ ਹਨ ਅਤੇ ਪਹਿਲੇ ਮੈਚ ਵਿੱਚ ਮੁੱਖ ਮੰਤਰੀ ਦੇ ਐਸ.ਪੀ. ਸਕਿਓਰਟੀ ਵਜੋਂ ਡਿਊਟੀ ਵੀ ਨਿਭਾਈ। ਏਸ਼ੀਅਨ ਗੋਲਜ਼ ਗੋਲਡ ਮੈਡਲਿਸਟ ਰਾਜਬੀਰ ਕੌਰ, ਮਨਦੀਪ ਸਿੰਘ ਦੇ ਪਿਤਾ ਰਵਿੰਦਰ ਸਿੰਘ ਤੇ ਦਵਿੰਦਰਜੀਤ ਕੌਰ, ਸੁਖਜੀਤ ਸਿੰਘ ਦੇ ਪਿਤਾ ਅਜੀਤ ਸਿੰਘ ਤੇ ਮਾਤਾ ਕੁਲਦੀਪ ਕੌਰ, ਜਰਮਨਪ੍ਰੀਤ ਸਿੰਘ ਦੇ ਪਿਤਾ ਬਲਬੀਰ ਸਿੰਘ ਤੇ ਮਾਤਾ ਕੁਲਵਿੰਦਰ ਕੌਰ, ਦਿਲਪ੍ਰੀਤ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਤੇ ਮਾਤਾ ਸੁਖਵੰਤ ਕੌਰ ਆਪਣੇ ਲਾਡਲਿਆਂ ਦਾ ਹੌਸਲਾ ਵਧਾਉਣ ਲਈ ਦਰਸ਼ਕ ਗੈਲਰੀ ਵਿੱਚ ਮੌਜੂਦ ਰਹਿੰਦੇ ਹਨ।

ਹਾਰਦਿਕ ਨੂੰ ਖੇਡਦਾ ਦੇਖਦਾ ਹੈ ਛੋਟਾ ਭਰਾ

ਹਾਰਦਿਕ ਦਾ ਛੋਟਾ ਭਰਾ ਜੋ ਹਾਲ ਹੀ ਵਿੱਚ ਭਾਰਤ ਵੱਲੋਂ ਜੂਨੀਅਰ ਏਸ਼ੀਆ ਕੱਪ ਜਿੱਤ ਕੇ ਆਇਆ ਹੈ, ਵੀ ਵੱਡੇ ਭਰਾ ਨੂੰ ਖੇਡਦਾ ਦੇਖ ਰਿਹਾ ਹੈ। ਹਰਮਨਪ੍ਰੀਤ ਸਿੰਘ ਦੀ ਚਾਰ ਮਹੀਨਿਆਂ ਦੀ ਬੇਟੀ ਮੇਹਰ ਪਹਿਲੀ ਵਾਰ ਹਾਕੀ ਫੀਲਡ ਵਿੱਚ ਆਈ। ਹਰਮਨ ਨੇ ਮੈਚ ਤੋਂ ਬਾਅਦ ਗੋਦੀ ਚੁੱਕ ਕੇ ਲਾਡ ਲਡਾਇਆ। ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੋਈ ਹਾਕੀ ਦਾ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ।

ਟੂਰਨਾਮੈਂਟ ਪੰਜਾਬ ਹਾਕੀ ਲਈ ਸ਼ੁੱਭ ਸ਼ਗਨ : ਢਿੱਲੋਂ

ਤਿੰਨ ਵਾਰ ਦੇ ਉਲੰਪੀਅਨ ਅਤੇ ਸਾਬਕਾ ਭਾਰਤੀ ਕਪਤਾਨ ਬਲਜੀਤ ਸਿੰਘ ਢਿੱਲੋਂ ਨੇ ਇਸ ਟੂਰਨਾਮੈਂਟ ਨੂੰ ਪੰਜਾਬ ਦੀ ਹਾਕੀ ਲਈ ਸ਼ੁਭ ਸ਼ਗਨ ਦੱਸਿਆ। ਉਦਘਾਟਨੀ ਸਮਾਰੋਹ ਮੌਕੇ ਜਿੱਥੇ ਹਾਕੀ ਸਮੇਤ ਹੋਰਨਾਂ ਖੇਡਾਂ ਦੇ ਉਲੰਪੀਅਨ ਤੇ ਕੌਮਾਂਤਰੀ ਖਿਡਾਰੀ ਵੱਡੀ ਗਿਣਤੀ ਵਿੱਚ ਪੁੱਜੇ ਉੱਥੇ ਰੋਜ਼ਾਨਾ ਹੋਣ ਵਾਲੇ ਮੈਚਾਂ ਦੌਰਾਨ ਸਾਬਕਾ ਉਲੰਪੀਅਨ ਪੁੱਜ ਰਹੇ ਹਨ। ਪੰਜਾਬ ਪੁਲਿਸ ਵਿੱਚ ਸੀਨੀਅਰ ਅਹੁਦਿਆਂ ਉੱਤੇ ਤਾਇਨਾਤ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਤੇ ਉਲੰਪੀਅਨ ਗੁਰਬਾਜ਼ ਸਿੰਘ ਨੇ ਦਰਸ਼ਕ ਗੈਲਰੀ ਸਟੈਂਡ ਵਿੱਚ ਬੈਠ ਕੇ ਮੈਚ ਵੇਖਿਆ। ਮਾਸਕੋ ਉਲੰਪਿਕਸ ਦੇ ਗੋਲਡ ਮੈਡਲਿਸਟ ਸੁਰਿੰਦਰ ਸਿੰਘ ਸੋਢੀ ਨੇ ਤੀਜੇ ਦਿਨ ਹੋਏ ਮੈਚਾਂ ਵਿੱਚ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਜਦੋਂਕਿ ਉਲੰਪੀਅਨ ਗੁਰਜੰਟ ਸਿੰਘ ਤੇ ਗੁਰਵਿੰਦਰ ਸਿੰਘ ਚੰਦੀ ਨੇ ਮੈਨ ਆਫ ਦਿ ਮੈਚ ਸਮਾਰੋਹ ਦੀ ਪ੍ਰਧਾਨਗੀ ਕੀਤੀ।

70 ਵਲੰਟੀਅਰ ਨਿਭਾਅ ਰਹੇ ਨੇ ਸੇਵਾਵਾਂ

ਪੂਰੇ ਟੂਰਨਾਮੈਂਟ ਦੌਰਾਨ 70 ਵਲੰਟੀਅਰ ਸੇਵਾਵਾਂ ਨਿਭਾ ਰਹੇ ਹਨ ਜੋ ਸੁਰਜੀਤ ਹਾਕੀ ਅਕੈਡਮੀ ਦੇ ਖਿਡਾਰੀ ਅਤੇ ਛੋਟੀ ਉਮਰ ਦੇ ਖਿਡਾਰੀ ਹਨ। ਇਹ ਬਾਲ ਬੁਆਏ ਦੀ ਭੂਮਿਕਾ ਵੀ ਨਿਭਾ ਰਹੇ ਹਨ ਅਤੇ ਟੀਮਾਂ ਦੀ ਜਾਣ ਪਛਾਣ ਮੌਕੇ ਕੌਮੀ ਝੰਡਾ ਲੈ ਕੇ ਆਉਂਦੇ ਹਨ। ਕਿਸੇ ਸਮੇਂ ਭਾਰਤੀ ਮੌਜੂਦਾ ਟੀਮ ਦੇ ਖਿਡਾਰੀ ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਾਰਦਿਕ ਸਿੰਘ, ਜਰਮਨਪ੍ਰੀਤ ਸਿੰਘ, ਕ੍ਰਿਸ਼ਨ ਪਾਠਕ ਵੀ ਇਸੇ ਸਟੇਡੀਅਮ ਵਿੱਚ ਅਕੈਡਮੀ ਦੇ ਵਿੰਗ ਵਿੱਚ ਖੇਡਦੇ ਸਨ। ਜਲੰਧਰ ਵਿਖੇ 27 ਅਕਤੂਬਰ ਨੂੰ ਚੈਂਪੀਅਨਜ਼ ਟਰਾਫੀ ਦਾ ਉਦਘਾਟਨ ਹੋਇਆ। ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਮੇਜ਼ਬਾਨ ਭਾਰਤ ਤੋਂ ਇਲਾਵਾ ਕੋਰੀਆ, ਜਪਾਨ, ਮਲੇਸ਼ੀਆ, ਚੀਨ ਤੇ ਬੰਗਲਾਦੇਸ਼ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। 4 ਤੇ 5 ਨਵੰਬਰ ਨੂੰ ਸੈਮੀ ਫਾਈਨਲ ਤੇ ਫਾਈਨਲ ਹੋਣਗੇ।।

ਨਵਦੀਪ ਸਿੰਘ ਗਿੱਲ

ਹਾਕੀ ਦਾ ਖ਼ੁਮਾਰ ਤੇ ਮੇਲੇ 'ਚ ਵੱਜੀਆਂ ਕੂਕਾਂ

ਮੁੱਢ ਕਦੀਮ ਤੋਂ ਪੰਜਾਬੀਆਂ ਲਈ ਮਨੋਰੰਜਨ ਦੇ ਦੋ ਸਾਧਨ ਰਹੇ ਹਨ, ਪਹਿਲਾਂ ਖੇਡਾਂ ਤੇ ਦੂਜਾ ਗਾਉਣ ਵਜਾਉਣ। ਖੇਡਾਂ 'ਚ ਘੁਲਣਾ, ਖਿੱਦੋ-ਖੁੰਡੀ, ਕੌਡੀ ਬਾਡੀ ਪ੍ਰਮੁੱਖ ਹਨ, ਜੋ ਅਜੋਕੇ ਦੌਰ 'ਚ ਕੁਸ਼ਤੀ, ਹਾਕੀ, ਕਬੱਡੀ ਦੇ ਨਾਂਅ ਨਾਲ ਪ੍ਰਚੱਲਿਤ ਹਨ। ਗਾਉਣ 'ਚ ਅਖਾੜਾ ਗਾਇਕੀ ਪੰਜਾਬੀਆਂ ਦੀ ਪਹਿਲੀ ਪਸੰਦ ਹੈ ਤੇ ਸੱਭਿਆਚਾਰਕ ਮੇਲਿਆਂ 'ਚ ਪੰਜਾਬੀ ਹੁੰਮ-ਹੁੰਮਾ ਕੇ ਪੁੱਜਦੇ ਹਨ। ਇਸੇ ਲਈ ਪੰਜਾਬ ਦੇ ਵੱਡੇ ਖੇਡ ਮੇਲਿਆਂ ਦੌਰਾਨ ਸ਼ਾਮ ਨੂੰ ਗਾਇਕਾਂ ਅਖਾੜੇ ਲਗਾਏ ਜਾਂਦੇ ਤਾਂ ਜੋ ਇੱਕੋ ਥਾਂ ਖੇਡਾਂ ਤੇ ਗਾਉਣ ਵਜਾਉਣ ਦਾ ਮਨੋਰੰਜਨ ਹੋ ਸਕੇ।

ਖੇਡਾਂ ਤੇ ਸੱਭਿਆਚਾਰਕ ਮੇਲੇ ਦੀ ਪੱਚੀ ਵਰ੍ਹੇ ਪੁਰਾਣੀ ਯਾਦ ਮੇਰੇ ਅੱਜ ਵੀ ਚੇਤਿਆਂ 'ਚ ਇਵੇਂ ਵਸੀ ਹੈ, ਜਿਵੇਂ ਉਹ ਕੱਲ੍ਹ ਦੀ ਗੱਲ ਹੋਵੇ। ਗੱਲ 21 ਅਕਤੂਬਰ 2001 ਦੀ ਹੈ। ਅੱਜ ਤੋਂ ਪੂਰੇ ਪੱਚੀ ਵਰ੍ਹੇ ਪਹਿਲਾਂ ਆਸਟ੍ਰੇਲੀਆ ਦੇ ਸ਼ਹਿਰ ਹੋਬਾਰਟ ਵਿਖੇ ਜੂਨੀਅਰ ਹਾਕੀ ਵਿਸ਼ਵ ਕੱਪ ਖੇਡਿਆ ਜਾ ਰਿਹਾ ਸੀ। ਉਸ ਤੋਂ ਪਹਿਲਾਂ ਭਾਰਤ ਨੇ ਹਾਕੀ ਸੀਨੀਅਰ ਪੱਧਰ 'ਤੇ ਉਲੰਪਿਕ ਖੇਡਾਂ, ਵਿਸ਼ਵ ਕੱਪ, ਏਸ਼ਿਆਈ ਖੇਡਾਂ, ਏਸ਼ੀਆ ਕੱਪ ਆਦਿ ਮੁਕਾਬਲਿਆਂ 'ਚ ਸੋਨ ਤਗਮੇ ਜਿੱਤੇ ਸਨ ਪਰ ਜੂਨੀਅਰ ਹਾਕੀ ਵਿਸ਼ਵ ਕੱਪ 'ਚ ਭਾਰਤ ਨੂੰ ਪਹਿਲੇ ਸੋਨ ਤਗਮੇ ਦੀ ਉਡੀਕ ਸੀ। 1997 'ਚ ਮਿਲਟਨ ਕੀਨਜ਼ ਵਿਖੇ ਖੇਡੇ ਜੂਨੀਅਰ ਵਿਸ਼ਵ ਕੱਪ 'ਚ ਭਾਰਤੀ ਟੀਮ ਫ਼ਾਈਨਲ 'ਚ ਪਹਿਲੀ ਵਾਰ ਪੁੱਜੀ ਸੀ ਪਰ ਉੱਥੇ ਹਾਰ ਜਾਣ ਕਰਕੇ ਚਾਂਦੀ ਦੇ ਤਮਗ਼ੇ ਉੱਤੇ ਸਬਰ ਕਰਨਾ ਪਿਆ।

ਹੋਬਾਰਟ ਵਿਖੇ ਭਾਰਤੀ ਟੀਮ ਨੇ ਲੀਗ ਸਟੇਜ ਅਤੇ ਫੇਰ ਨਾਕ ਆਊਟ ਮੁਕਾਬਲਿਆਂ 'ਚ ਬਿਹਤਰ ਪ੍ਰਦਰਸ਼ਨ ਕਰਦਿਆਂ ਲਗਾਤਾਰ ਦੂਜੀ ਵਾਰ ਜੂਨੀਅਰ ਵਿਸ਼ਵ ਕੱਪ ਦੇ ਫ਼ਾਈਨਲ 'ਚ ਦਾਖਲਾ ਪਾਇਆ। ਭਾਰਤ ਤੇ ਅਰਜਨਟਾਈਨਾ ਵਿਚਾਲੇ 21 ਅਕਤੂਬਰ ਨੂੰ ਫ਼ਾਈਨਲ ਖੇਡਿਆ ਜਾ ਰਿਹਾ ਸੀ। ਭਾਰਤੀ ਸਮੇਂ ਮੁਤਾਬਕ ਦੁਪਹਿਰ ਦਾ ਸਮਾਂ ਸੀ। ਉਧਰ, ਹਰ ਸਾਲ 21 ਅਕਤੂਬਰ ਨੂੰ ਪੰਜਾਬ ਦੇ ਸੱਭਿਆਚਾਰਕ ਮੇਲਿਆਂ ਦਾ ਸਿਰਮੌਰ ਪ੍ਰੋ.ਮੋਹਨ ਸਿੰਘ ਮੇਲਾ ਵੀ ਲੁਧਿਆਣਾ ਵਿਖੇ ਜੁੜਦਾ ਸੀ। ਨੱਬੇਵਿਆਂ ਦੇ ਦੌਰ 'ਚ ਤਾਂ ਪ੍ਰੋ. ਮੋਹਨ ਸਿੰਘ ਮੇਲੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ 'ਚ ਆਉਂਦੇ ਪੰਜਾਬੀਆਂ ਕਰ ਕੇ ਪੰਜਾਬੀ ਭਵਨ ਦਾ ਵਿਹੜਾ ਵੀ ਛੋਟਾ ਪੈ ਜਾਂਦਾ ਸੀ।

ਜਗਦੇਵ ਸਿੰਘ ਜੱਸੋਵਾਲ, ਪ੍ਰੋ.ਗੁਰਭਜਨ ਗਿੱਲ, ਪਰਗਟ ਸਿੰਘ ਗਰੇਵਾਲ, ਨਿਰਮਲ ਜੌੜਾ ਹੁਰੀਂ ਮੇਲੇ ਦੇ ਪ੍ਰਬੰਧਕਾਂ ਵੱਲੋਂ ਲੋਕਾਂ ਦੀ ਭੀੜ ਨੂੰ ਧਿਆਨ 'ਚ ਰੱਖਦਿਆਂ ਪ੍ਰੋ.ਮੋਹਨ ਸਿੰਘ ਮੇਲਾ ਪੰਜਾਬੀ ਭਵਨ ਤੋਂ ਕੱਢ ਕੇ ਪੱਖੋਵਾਲ ਰੋਡ 'ਤੇ ਦਾਦ ਪਿੰਡ ਕੋਲ ਪਾਲਮ ਵਿਹਾਰ ਵਿਖੇ ਖੁੱਲ੍ਹੇ ਪੰਡਾਲ 'ਚ ਲਗਾਉਣ ਦਾ ਫ਼ੈਸਲਾ ਕਰ ਲਿਆ ਗਿਆ ਸੀ। 21 ਅਕਤੂਬਰ 2021



ਨੂੰ ਲੁਧਿਆਣਾ ਵਿਖੇ ਪੱਖੋਵਾਲ ਰੋਡ 'ਤੇ ਪ੍ਰੋ.ਮੋਹਨ ਸਿੰਘ ਮੇਲਾ ਜ਼ੋਬਨ ਉਤੇ ਸੀ।

ਇੱਧਰ, ਮੇਲੇ 'ਚ ਗਾਉਣ-ਵਜਾਉਣ ਚੱਲੇ, ਉੱਧਰ ਆਸਟ੍ਰੇਲੀਆ ਦੀ ਧਰਤੀ 'ਤੇ ਜੂਨੀਅਰ ਹਾਕੀ ਵਿਸ਼ਵ ਕੱਪ ਦਾ ਫ਼ਾਈਨਲ। ਉਸ ਵੇਲੇ ਟੈਲੀਵੀਜ਼ਨ ਉੱਪਰ ਮੈਚ ਦਾ ਸਿੱਧਾ ਪ੍ਰਸਾਰਣ ਨਹੀਂ ਕੀਤਾ ਗਿਆ, ਜਿਸ ਕਾਰਨ ਹਾਕੀ ਪ੍ਰੇਮੀ ਰੇਡੀਓ ਜਾਂ ਟੀ.ਵੀ. ਉੱਪਰ ਖ਼ਬਰਾਂ ਦੇ ਬੁਲੇਟਿਨ 'ਚ ਹਾਕੀ ਫ਼ਾਈਨਲ ਨੂੰ ਉਡੀਕ ਰਹੇ ਸਨ। ਉਦੋਂ ਅੱਜ ਵਾਂਗ ਇੰਟਰਨੈੱਟ, ਵੈੱਬ ਮੀਡੀਆ, ਵੈੱਬ ਚੈਨਲ ਜਾਂ ਚੌਵੀਂ ਘੰਟਿਆਂ ਦੇ ਨਿਊਜ਼ ਚੈਨਲ ਵੀ ਨਹੀਂ ਹੁੰਦੇ ਸਨ। ਉਸ ਦਿਨ ਅਸੀਂ ਬਰਨਾਲਿਓਂ ਪ੍ਰੋ.ਮੋਹਨ ਸਿੰਘ ਮੇਲਾ ਦੇਖਣ ਲੁਧਿਆਣੇ ਪੁੱਜੇ ਹੋਏ ਸਨ। ਮੈਂ, ਮੇਰਾ ਪਿਤਾ ਜੀ ਤੇ ਬਰਨਾਲਾ ਤੋਂ ਸੁਦਰਸ਼ਨ ਗੁੱਡੂ ਅੰਕਲ ਅਸੀਂ ਸਗੀਰਕ ਤੌਰ 'ਤੇ ਪ੍ਰੋ. ਮੋਹਨ ਸਿੰਘ ਮੇਲੇ 'ਚ ਬੈਠੇ ਸੀ ਪਰ ਸਾਡਾ ਧਿਆਨ ਜੂਨੀਅਰ ਹਾਕੀ ਵਿਸ਼ਵ ਕੱਪ ਦੇ ਫ਼ਾਈਨਲ 'ਚ ਸੀ।

ਅਸੀਂ ਬਰਨਾਲੇ ਤੋਂ ਗਏ ਜੱਥੇ ਨੇ ਕੰਨ ਰੇਡੀਓ ਵੱਲ ਟਿਕਾਏ ਹੋਏ ਸਨ। ਗਗਨ ਅਜੀਤ ਸਿੰਘ ਦੀ ਕਪਤਾਨੀ ਹੇਠ ਭਾਰਤੀ ਟੀਮ ਨੇ ਫ਼ਾਈਨਲ 'ਚ ਅਰਜਨਟਾਈਨਾ ਨੂੰ 6-1 ਨਾਲ ਹਰਾ ਕੇ ਪਹਿਲਾ ਵਿਸ਼ਵ ਖ਼ਿਤਾਬ ਜਿੱਤ ਲਿਆ। ਜਿਉਂ ਹੀ ਅਸੀਂ ਇਹ ਖ਼ਬਰ ਰੇਡੀਓ ਉੱਪਰ ਸੁਣੀ ਤਾਂ ਅਸੀਂ ਖੁਸ਼ੀ 'ਚ ਕੂਕਾਂ ਛੱਡ ਦਿੱਤੀਆਂ। ਉਧਰ, ਮੇਲੇ 'ਚ ਸਟੇਜ ਉੱਪਰ ਕੋਈ ਫ਼ਨਕਾਰ ਆਪਣੀ ਕਲਾ ਦਾ ਜੌਹਰ ਦਿਖਾ ਰਿਹਾ ਸੀ ਅਤੇ ਇੱਧਰ ਜਿਉਂ ਹੀ ਅਸੀਂ ਕੂਕਾਂ ਛੱਡੀਆਂ ਤਾਂ ਬਾਕੀ ਸਰੋਤੇ ਹੈਰਾਨ ਹੋ ਗਏ ਕਿ ਸਟੇਜ ਉੱਪਰ ਤਾਂ ਅਜਿਹਾ ਕੁੱਝ ਨਹੀਂ ਹੋਇਆ, ਜਿਹੜਾ ਕੂਕਾਂ ਵੱਜ ਰਹੀਆਂ ਹਨ। ਸਾਡੇ ਲਈ ਉਹ ਦਿਨ ਹੁਣ ਤੱਕ ਨਾ ਭੁੱਲਣਯੋਗ ਯਾਦਗਾਰ ਹੈ।

ਹਰ ਸਾਲ ਪ੍ਰੋ.ਮੋਹਨ ਸਿੰਘ ਮੇਲੇ ਵਾਲੇ ਦਿਨ ਹਾਕੀ ਜੂਨੀਅਰ ਵਿਸ਼ਵ ਕੱਪ ਦੀ ਜਿੱਤ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਅਤੇ ਇਸ ਵਾਰ ਤਾਂ ਇਸ ਜਿੱਤ ਦੀ ਸਿਲਵਰ ਜੁਬਲੀ ਹੈ। ਉਸ ਤੋਂ ਬਾਅਦ ਭਾਰਤ ਨੇ 2016 'ਚ ਲਖਨਊ ਵਿਖੇ ਦੂਜੀ ਵਾਰ ਜੂਨੀਅਰ ਹਾਕੀ ਵਿਸ਼ਵ ਕੱਪ ਜਿੱਤਿਆ ਅਤੇ ਪਹਿਲੀ ਜਿੱਤ ਹਮੇਸ਼ਾ ਖਾਸ ਹੁੰਦੀ ਹੈ। ਉਸ ਵੇਲੇ ਜੂਨੀਅਰ ਵਿਸ਼ਵ ਕੱਪ ਜਿੱਤਣ ਵਾਲੀ ਟੀਮ 'ਚ 9 ਖਿਡਾਰੀ ਪੰਜਾਬ ਦੇ ਸਨ। ਕੋਚ ਰਾਜਿੰਦਰ ਸਿੰਘ ਸੀਨੀਅਰ ਤੇ ਸਹਾਇਕ ਕੋਚ ਨਰਿੰਦਰ ਸਿੰਘ ਸੋਢੀ ਸਨ। ਪੰਜਾਬੀ ਖਿਡਾਰੀਆਂ 'ਚ ਕਪਤਾਨ ਗਗਨ ਅਜੀਤ ਸਿੰਘ ਤੋਂ ਇਲਾਵਾ ਦੀਪਕ ਠਾਕੁਰ, ਪ੍ਰਭਜੋਤ ਸਿੰਘ, ਜੁਗਰਾਜ ਸਿੰਘ, ਕੰਵਲਪ੍ਰੀਤ ਸਿੰਘ, ਤੇਜਬੀਰ ਸਿੰਘ, ਇੰਦਰਜੀਤ ਚੱਢਾ, ਰਾਜਪਾਲ ਸਿੰਘ ਤੇ ਬਿਕਰਮਜੀਤ ਸਿੰਘ ਕਾਕਾ। ਹੋਰਨਾਂ ਖਿਡਾਰੀਆਂ 'ਚ ਗੋਲਚੀ ਦਿਵੇਸ਼ ਚੌਹਾਨ, ਵਿਕਰਮ ਪਿੱਲੈ, ਪ੍ਰਬੋਧ ਟਿਰਕੀ, ਬਿਮਲ ਲਾਕੜਾ, ਅਰਜੁਨ ਹਾਲੱਪਾ ਸਨ। ਦੀਪਕ ਠਾਕੁਰ 10 ਗੋਲਾਂ ਨਾਲ ਟਾਪ ਸਕੋਰਰ ਰਿਹਾ ਸੀ। ਜੁਗਰਾਜ ਸਿੰਘ ਨੇ ਸੱਤ ਤੇ ਪ੍ਰਭਜੋਤ ਸਿੰਘ ਨੇ ਪੰਜ ਗੋਲ ਕੀਤੇ ਸਨ। ਇਹ ਭਾਰਤੀ ਹਾਕੀ ਦੇ ਸੁਨਹਿਰੀ ਯੁੱਗ ਦੀ ਸ਼ੁਰੂਆਤ ਸੀ। ਇਸ ਬੈਚ ਨੇ ਭਾਰਤੀ ਹਾਕੀ ਨੂੰ ਸੀਨੀਅਰ 'ਚ ਚੰਗੇ ਨਤੀਜੇ ਲੈ ਕੇ ਦਿੱਤੇ।

ਉਸ ਟੀਮ ਦਾ ਹਿੱਸਾ ਰਹੇ ਰਾਜਪਾਲ ਸਿੰਘ ਅੱਜ ਵੀ ਕਹਿੰਦੇ ਹਨ ਕਿ ਉਹ ਟੀਮ 'ਚ ਸਭ ਤੋਂ ਛੋਟਾ ਖਿਡਾਰੀ ਸੀ ਅਤੇ ਉਹ ਅਠਾਰਾਂ ਮੈਂਬਰੀ ਟੀਮ ਨੂੰ ਅਠਾਰਵੇਂ ਨੰਬਰ 'ਤੇ ਮੰਨਦਾ ਸੀ ਤੇ ਉਹ ਅੱਗੇ ਜਾ ਕੇ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਿਆ। ਰਾਜਪਾਲ ਸਿੰਘ ਦੀ ਕਪਤਾਨੀ 'ਚ ਭਾਰਤ ਨੇ 2010 'ਚ ਵਿਸ਼ਵ ਕੱਪ ਅਤੇ ਰਾਸ਼ਟਰ ਮੰਡਲ ਖੇਡਾਂ ਖੇਡੀਆਂ ਤੇ 2011 'ਚ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤੀ। ਇਹ ਉਸ ਟੀਮ ਦੀ ਖ਼ਾਸੀਅਤ ਸੀ ਕਿ ਅਠਾਰਵੇਂ ਨੰਬਰ ਦਾ ਖਿਡਾਰੀ ਵੀ ਅੱਗੇ ਜਾ ਕੇ ਭਾਰਤ ਦੀ ਸੀਨੀਅਰ ਟੀਮ ਦਾ ਕਪਤਾਨ ਬਣਿਆ।

ਭਾਰਤ ਨੂੰ ਪਹਿਲਾ ਜੂਨੀਅਰ ਵਿਸ਼ਵ ਕੱਪ ਜਿਤਾਉਣ ਵਾਲੀ ਟੀਮ ਦੀ ਸਿਲਵਰ ਜੁਬਲੀ ਮੌਕੇ ਪੰਜਾਬ ਦੀ ਧਰਤੀ 'ਤੇ ਪਹਿਲੀ ਵਾਰ 27 ਅਕਤੂਬਰ ਤੋਂ 5 ਨਵੰਬਰ ਤੱਕ ਏਸ਼ੀਅਨ ਚੈਂਪੀਅਨਜ਼ ਟਰਾਫੀ ਖੇਡੀ ਜਾ ਰਹੀ ਹੈ। ਇਹ ਹਾਕੀ ਵਾਲਿਆਂ ਦਾ ਸਮਾਂ ਹੈ ਤੇ ਸਾਰਾ ਸਾਲ ਇਸ ਜਿੱਤ ਦੇ ਜਸ਼ਨ ਮਨਾਏ ਜਾਣਗੇ।



ਦਿਵਾਲੀ 'ਤੇ ਹਰ ਪਾਸੇ ਧੂਮ-ਧਾਮ ਦੇਖਣ ਨੂੰ ਮਿਲਦੀ ਹੈ। ਬਾਲੀਵੁੱਡ ਵੀ ਇਸ ਤਿਉਹਾਰ ਨੂੰ ਮਨਾਉਣ 'ਚ ਪਿੱਛੇ ਨਹੀਂ ਹੈ ਅਤੇ ਇਸ ਦਾ ਅਸਰ ਸਿਨੇਮਾ 'ਚ ਪਰਦੇ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਤੀਜ ਅਤੇ ਤਿਉਹਾਰਾਂ ਨੂੰ ਅਕਸਰ ਫਿਲਮਾਂ ਵਿੱਚ ਦਰਸਾਇਆ ਜਾਂਦਾ ਹੈ। ਅਜਿਹੀਆਂ ਕਈ ਫਿਲਮਾਂ ਹਨ, ਜਿਨ੍ਹਾਂ ਵਿੱਚ ਹੋਲੀ ਤੋਂ ਲੈ ਕੇ ਰੱਖੜੀ ਤੱਕ ਦੇ ਤਿਉਹਾਰਾਂ ਨੂੰ ਦਿਖਾਇਆ ਗਿਆ ਹੈ ਅਤੇ ਉਨ੍ਹਾਂ 'ਤੇ ਸ਼ਾਨਦਾਰ ਗੀਤ ਵੀ ਫਿਲਮਾਏ ਗਏ ਹਨ। ਹਾਲਾਂਕਿ ਦਿਵਾਲੀ 'ਤੇ ਬਹੁਤ ਘੱਟ ਗੀਤ ਦੇਖਣ ਨੂੰ ਮਿਲਦੇ ਹਨ। ਤਾਂ ਆਓ ਜਾਣਦੇ ਹਾਂ ਅਜਿਹੀਆਂ ਫਿਲਮਾਂ ਬਾਰੇ ਜਿਨ੍ਹਾਂ ਵਿੱਚ ਦਿਵਾਲੀ ਮਨਾਈ ਗਈ ਸੀ ਅਤੇ ਉਨ੍ਹਾਂ ਦੇ ਗੀਤ ਤੁਹਾਡੀ ਦਿਵਾਲੀ ਦੀ ਰੌਣਕ ਵਧਾ ਦੇਣਗੇ।

ਇਨ੍ਹਾਂ ਫਿਲਮਾਂ 'ਚ ਦਿਵਾਲੀ ਦੇ ਜਸ਼ਨ ਨੂੰ ਬਾਲੀਵੁੱਡ ਦੇ ਗੀਤ ਦਿਵਾਲੀ ਨੂੰ ਹੋਰ ਖਾਸ ਬਣਾਉਂਦੇ ਹਨ

ਕਭੀ ਖੁਸ਼ੀ, ਕਭੀ ਗਮ

ਸ਼ਾਹਰੁਖ ਖਾਨ, ਅਮਿਤਾਭ ਬੱਚਨ, ਜਯਾ ਬੱਚਨ, ਕਾਜੋਲ, ਰਿਤਿਕ ਰੋਸ਼ਨ ਅਤੇ ਕਰੀਨਾ ਕਪੂਰ ਵਰਗੇ ਕਲਾਕਾਰਾਂ ਵਾਲੀ ਇਸ ਫ਼ਿਲਮ ਨੇ ਪਰਿਵਾਰ ਅਤੇ ਰਿਸ਼ਤਿਆਂ ਦੀ ਮਹੱਤਤਾ ਨੂੰ ਸ਼ਾਨਦਾਰ ਢੰਗ ਨਾਲ ਦਿਖਾਇਆ ਹੈ। ਹਰ ਕਿਸੇ ਨੂੰ ਇਸ ਫ਼ਿਲਮ ਦਾ ਇੱਕ ਸੀਨ ਯਾਦ ਹੈ, ਜਦੋਂ ਜਯਾ ਬੱਚਨ ਆਪਣੇ ਬੇਟੇ ਯਾਨੀ ਸ਼ਾਹਰੁਖ ਖਾਨ ਲਈ ਆਰਤੀ ਦੀ ਥਾਲੀ ਲੈ ਕੇ ਦਰਵਾਜ਼ੇ 'ਤੇ ਖੜ੍ਹੀ ਹੈ। ਇਹ ਸੀਨ ਦਿਵਾਲੀ ਦੇ ਮੌਕੇ 'ਤੇ ਫਿਲਮਾਇਆ ਗਿਆ ਹੈ।

ਆਮਦਨੀ ਅੱਠਨੀ ਖਰਚਾ ਰੁਪਇਆ

ਸਾਲ 2021 'ਚ ਰਿਲੀਜ਼ ਹੋਈ ਫ਼ਿਲਮ 'ਆਮਦਨੀ ਅਠੰਨੀ ਖਰਚਾ ਰੁਪਈਆ' 'ਚ ਘਰੇਲੂ ਸਮੱਸਿਆਵਾਂ ਵਿਚਾਲੇ ਪਤੀ-ਪਤਨੀ ਦਾ ਰਿਸ਼ਤਾ ਅਤੇ ਜ਼ਬਰਦਸਤ ਕਾਮੇਡੀ ਦਿਖਾਈ ਗਈ ਹੈ।

ਇਸ ਫ਼ਿਲਮ ਦਾ ਗੀਤ 'ਆਏ ਰੇ ਦਿਵਾਲੀ ਸੁਣੋ ਜੀ ਘਰਵਾਲੀ' ਦਿਵਾਲੀ 'ਤੇ ਫ਼ਿਲਮਾਇਆ ਗਿਆ ਗੀਤ ਹੈ, ਜੋ ਤੁਹਾਡੇ ਤਿਉਹਾਰ ਦੀ ਖ਼ੂਬਸੂਰਤੀ ਨੂੰ ਹੋਰ ਵਧਾਏਗਾ । ਇਸ ਫ਼ਿਲਮ 'ਚ ਜੌਨੀ ਲੀਵਰ ਅਤੇ ਕੇਤਕੀ ਡੇਵ ਵਿਚਾਲੇ ਦਿਵਾਲੀ ਦਾ ਸੀਨ ਹੈ, ਜਿਸ ਨੂੰ ਦੇਖ ਕੇ ਹਾਸਾ ਰੋਕਣਾ ਮੁਸ਼ਕਿਲ ਹੈ।

ਸ਼ਿਰਡੀ ਕੇ ਸਾਈਂ ਬਾਬਾ

ਬਾਲੀਵੁੱਡ 'ਚ ਅਜਿਹੇ ਕਈ ਗੀਤ ਬਣੇ ਹਨ ਜੋ ਨਾ ਸਿਰਫ ਖ਼ੂਬਸੂਰਤੀ ਨਾਲ ਗਾਏ ਗਏ ਹਨ ਸਗੋਂ ਦਿਲ ਨੂੰ ਛੂਹ ਲੈਂਦੇ ਹਨ। ਦਿਵਾਲੀ 'ਤੇ ਰਚਿਆ ਗਿਆ ਇੱਕ ਅਜਿਹਾ ਹੀ ਭਗਤੀ ਗੀਤ ਹੈ ਜੋ ਲਗਭਗ ਹਰ ਕਿਸੇ ਨੇ ਸੁਣਿਆ ਹੋਵੇਗਾ। 1977 ਦੀ ਫ਼ਿਲਮ 'ਸ਼ਿਰਡੀ ਕੇ ਸਾਈਂ ਬਾਬਾ' 'ਚ ਦਿਵਾਲੀ 'ਤੇ ਫਿਲਮਾਇਆ ਗਿਆ ਗੀਤ 'ਦੀਪਾਵਲੀ ਮਨਾਓ ਸੁਹਾਨੀ' ਕਾਫੀ ਗੂੰਜਿਆ ਹੈ।

ਫ਼ਿਲਮ ਜੁਗਨੂੰ

1973 'ਚ ਆਈ ਫ਼ਿਲਮ ਜੁਗਨੂੰ 'ਚ ਦਿਵਾਲੀ 'ਤੇ ਇੱਕ ਬਹੁਤ ਹੀ ਖੂਬਸੂਰਤ ਗੀਤ ਵੀ ਸ਼ੂਟ ਕੀਤਾ ਗਿਆ ਹੈ। ਇਸ ਗੀਤ ਦੇ ਬੋਲ ਹਨ ਦੀਪ ਦਿਵਾਲੀ ਕੇ ਝੂਟੇ...ਇਹ ਗੀਤ ਬਹੁਤ ਖਾਸ ਹੈ, ਜੋ ਲੋਕਾਂ ਦੇ ਦਿਲਾਂ ਨੂੰ ਛੂਹ ਜਾਂਦਾ ਹੈ। ਕਿਸ਼ੋਰ ਕੁਮਾਰ ਦੁਆਰਾ ਗਾਏ ਇਸ ਗੀਤ ਵਿੱਚ ਅਭਿਨੇਤਾ ਧਰਮਿੰਦਰ ਅਤੇ ਕਾਮੇਡੀਅਨ ਮਹਿਮੂਦ ਨੂੰ ਕਈ ਬੱਚਿਆਂ ਨਾਲ ਮਸਤੀ ਕਰਦੇ ਦਿਖਾਇਆ ਗਿਆ ਹੈ।











ਸਾਡੇ ਵੱਲੋਂ ਸਾਰਿਆਂ ਲਈ ਸਿਰਫ਼ ਪਿਆਰ ਹੀ ਹੈ: ਦਿਲਜੀਤ ਦੋਸਾਂਝ



ਨਵੀਂ ਦਿੱਲੀ/ਏ.ਟੀ.ਨਿਊਜ਼: ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੇ ਦਿੱਲੀ ਵਿੱਚ ਆਪਣੇ ਕੰਸਰਟ ਨਾਲ ਭਾਰਤ ਵਿੱਚ 'ਔਰਾ ਟੂਰ' ਦੀ ਸ਼ੁਰੂਆਤ ਕਰ ਦਿੱਤੀ ਹੈ। ਲੰਘੇ ਦਿਨੀਂ ਹੋਇਆ ਇਹ ਹਾਊਸਫੁੱਲ ਕੰਸਰਟ ਸਖ਼ਤ ਸੁਰੱਖਿਆ ਹੇਠ ਨੇਪਰੇ ਚੜ੍ਹਿਆ। ਦੋਸਾਂਝ ਨੇ ਪ੍ਰਸ਼ੰਸਕਾਂ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ 20 ਦਸੰਬਰ ਤੱਕ ਪੂਰੇ ਭਾਰਤ ਵਿੱਚ ਸ਼ੋਅ ਕਰਨਾ ਜਾਰੀ ਰੱਖਣਗੇ।

ਇਸ ਦੌਰਾਨ ਸੰਗੀਤ ਦੇ ਵਿਚਕਾਰ ਗਾਇਕ ਨੇ ਆਪਣੇ ਆਲੋਚਕਾਂ ਨੂੰ ਇੱਕ ਸੁਨੇਹਾ ਵੀ ਦਿੱਤਾ ਅਤੇ ਕਿਹਾ, 'ਪੰਜਾਬੀਆਂ ਨੂੰ ਲੜਾਈਆਂ ਲੜਨੀਆਂ ਨਾ ਸਿਖਾਓ।'

ਉਨ੍ਹਾਂ ਦਰਸ਼ਕਾਂ ਨੂੰ ਕਿਹਾ, 'ਇਹ ਸਾਡਾ ਪਹਿਲਾ ਸ਼ੋਅ ਸੀ। ਮੈਨੂੰ ਰੋਕਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਮੈਂ 20 ਦਸੰਬਰ ਤੱਕ ਇੱਥੇ ਭਾਰਤ ਵਿੱਚ ਹੀ ਹਾਂ। ਬਾਕੀ ਸ਼ੋਅ ਲਾਈਵ ਹੋਣਗੇ ਪਰ ਮੈਂ ਇੱਕ ਵੱਡਾ ਧੰਨਵਾਦ ਕਰਨਾ ਚਾਹੁੰਦਾ ਹਾਂ।'

ਦਿੱਲੀ ਪੁਲਿਸ ਵੱਲੋਂ ਤਿਉਹਾਰਾਂ ਦੇ ਸੀਜ਼ਨ ਦੌਰਾਨ ਸੁਰੱਖਿਆ ਅਤੇ ਕਾਨੂੰਨ-ਵਿਵਸਥਾ ਦੀਆਂ ਵਚਨਬੱਧਤਾਵਾਂ ਦਾ ਹਵਾਲਾ ਦਿੰਦਿਆਂ ਸ਼ੁਰੂ ਵਿੱਚ ਇਜਾਜ਼ਤ ਰੋਕਣ ਤੋਂ ਬਾਅਦ ਦਿੱਲੀ ਸ਼ੋਅ 'ਤੇ ਅਨਿਸ਼ਚਿਤਤਾ ਦੇ ਬਾਦਲ ਛਾਏ ਹੋਏ ਸਨ।

ਹਾਲਾਂਕਿ ਮਾਰਕੀਟਿੰਗ ਓਰਗਨਾਈਜ਼ਰਜ਼, ਬੁੱਕਮਾਈਸ਼ੋਅ ਲਾਈਵ ਵੱਲੋਂ ਇੱਕ ਵਿਸਥਾਰਪੂਰਵਕ ਸੁਰੱਖਿਆ, ਟਰੈਫਿਕ ਅਤੇ ਭੀੜ-ਪ੍ਰਬੰਧਨ ਯੋਜਨਾ ਜਮ੍ਹਾਂ ਕਰਵਾਉਣ ਅਤੇ ਪੁਲਿਸ ਨੂੰ ਇਸ ਦੀਆਂ ਲੋੜਾਂ ਦੀ ਪਾਲਣਾ ਕਰਨ ਦਾ ਭਰੋਸਾ ਦਿਵਾਉਣ ਤੋਂ ਬਾਅਦ ਮਨਜ਼ੂਰੀ 'ਤੇ ਦੁਬਾਰਾ ਵਿਚਾਰ ਕੀਤਾ ਗਿਆ ਅਤੇ ਇਜਾਜ਼ਤ ਦਿੱਤੀ ਗਈ।

ਪੇਸ਼ਕਾਰੀ ਦੇ ਅੱਧ ਵਿੱਚ ਦੋਸਾਂਝ ਨੇ ਇੱਕ ਸੀ.ਆਰ.ਪੀ.ਐੱਫ. ਕਰਮੀ ਨੂੰ ਵੀ ਸਟੇਜ 'ਤੇ ਬੁਲਾਇਆ ਅਤੇ ਉਨ੍ਹਾਂ ਦੀ ਸੇਵਾ ਲਈ ਧੰਨਵਾਦ ਕੀਤਾ।

ਉਨ੍ਹਾਂ ਅੱਗੇ ਕਿਹਾ, 'ਜਦੋਂ ਮੈਂ ਤੁਹਾਨੂੰ ਖੜ੍ਹੇ ਵੇਖਿਆ, ਮੈਂ ਸੋਚਿਆ ਕਿ ਮੇਰੀ ਮਾਂ ਖੜ੍ਹੀ ਹੈ। ਅੱਜ ਮੇਰੀ ਮਾਂ ਨੇ ਮੈਨੂੰ ਫੋਨ ਕੀਤਾ ਅਤੇ ਆਪਣਾ ਖਿਆਲ ਰੱਖਣ ਲਈ ਕਿਹਾ। ਮੈਂ ਉਨ੍ਹਾਂ ਨੂੰ ਕਿਹਾ ਕਿ ਚਿੰਤਾ ਨਾ ਕਰੋ।'

ਇੱਕ ਤੋਂ ਬਾਅਦ ਇੱਕ ਗੀਤ ਪੇਸ਼ ਕਰਨ ਤੋਂ ਬਾਅਦ ਬ੍ਰੇਕ ਲੈਂਦਿਆਂ ਦੋਸਾਂਝ ਨੇ ਆਪਣੇ ਆਲੋਚਕਾਂ ਲਈ ਇੱਕ ਸੁਨੇਹਾ ਸਾਂਝਾ ਕਰਦਿਆਂ ਕਿਹਾ, 'ਮੈਂ ਸਾਰਿਆਂ ਨਾਲ ਪਿਆਰ ਕਰਦਾ ਹਾਂ ਕਿਉਂਕਿ ਮੈਂ ਇੱਕ ਕਲਾਕਾਰ ਹਾਂ ਬ੍ਰੇ'। ਇਹ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਾਲੇ ਵਿਦਿਆਰਥੀ ਰੋਸ ਪ੍ਰਦਰਸ਼ਨ ਤੋਂ ਦੂਰੀ ਬਣਾਉਣ ਲਈ ਉਨ੍ਹਾਂ ਨੂੰ ਮਿਲੀ ਆਲੋਚਨਾ ਦੇ ਜਵਾਬ ਵਿੱਚ ਸੀ।

ਉਨ੍ਹਾਂ ਕਿਹਾ, 'ਪੰਜਾਬੀਆਂ ਨੂੰ ਲੜਾਈਆਂ ਲੜਨੀਆਂ ਨਾ ਸਿਖਾਓ। ਜਿਸ ਫਿਲਮ ਦਾ ਤੁਸੀਂ ਸਟੇਜ 'ਤੇ ਖੜ੍ਹੇ ਹੋ ਕੇ ਮਜ਼ਾਕ ਉਡਾਇਆ — ਜਸਵੰਤ ਸਿੰਘ ਖਾਲੜਾ ਜੀ ਦੀ ਫਿਲਮ ('ਸਤਲੁਜ')। ਅਸੀਂ ਉਸ ਫਿਲਮ ਲਈ ਬਹੁਤ ਲੰਬੇ ਸਮੇਂ ਤੱਕ ਲੜਾਈ ਲੜੀ ਹੈ। ਮੈਂ ਚੁੱਪ ਰਹਿੰਦਾ ਹਾਂ, ਮੈਂ ਸਾਰਿਆਂ ਨਾਲ ਪਿਆਰ ਕਰਦਾ ਹਾਂ। ਜੇ ਕੋਈ ਸਾਡੇ ਨਾਲ ਨਫ਼ਰਤ ਕਰਦਾ ਹੈ, ਕੋਈ ਗੱਲ ਨਹੀਂ। ਸਾਡੇ ਵੱਲੋਂ ਸਾਰਿਆਂ ਲਈ ਸਿਰਫ਼ ਪਿਆਰ ਹੀ ਹੈ!'

ਦਿਲਜੀਤ ਦੋਸਾਂਝ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਆਪਣੀ ਫਿਲਮ 'ਸਤਲੁਜ' ਦੇ ਵਿਵਾਦ ਦਾ ਹਵਾਲਾ ਦੇ ਰਹੇ ਸਨ। ਲੰਬੀ ਦੇਰੀ ਤੋਂ ਬਾਅਦ, ਇਹ ਫਿਲਮ ਇਸੇ ਸਾਲ ਦੇ ਸ਼ੁਰੂ ਵਿੱਚ ਇੱਕ ਸਟ੍ਰੀਮਿੰਗ ਪਲੇਟਫਾਰਮ 'ਤੇ ਰਿਲੀਜ਼ ਹੋਈ ਸੀ ਪਰ ਕੁਝ ਹੀ ਦਿਨਾਂ ਵਿੱਚ ਵਾਪਸ ਲੈ ਲਈ ਗਈ ਸੀ।

ਦੋਸਾਂਝ ਦਾ ਔਰਾ ਇੰਡੀਆ ਟੂਰ ਅਗਲੇ ਦੋ ਮਹੀਨਿਆਂ ਦੌਰਾਨ ਹੋਰ ਕਈ ਸ਼ਹਿਰਾਂ ਦਾ ਦੌਰਾ ਕਰੇਗਾ। ਉਹ 15 ਨਵੰਬਰ ਨੂੰ ਇੰਦੌਰ, 21 ਨਵੰਬਰ ਨੂੰ ਅਹਿਮਦਾਬਾਦ, 27 ਨਵੰਬਰ ਨੂੰ ਮੁੰਬਈ, 29 ਨਵੰਬਰ ਨੂੰ ਬੈਂਗਲੁਰੂ ਅਤੇ 5 ਦਸੰਬਰ ਨੂੰ ਲਖਨਊ ਵਿੱਚ ਪੇਸ਼ਕਾਰੀ ਕਰਨ ਵਾਲੇ ਹਨ। ਟੂਰ ਵਿੱਚ 12 ਦਸੰਬਰ ਨੂੰ ਚੰਡੀਗੜ੍ਹ ਅਤੇ 19 ਦਸੰਬਰ ਨੂੰ ਕੋਲਕਾਤਾ ਵਿੱਚ ਵੀ ਸ਼ੋਅ ਸ਼ਾਮਲ ਹੋਣਗੇ।

ਅਦਾਲਤਾਂ ਨੇ 13 ਹਜ਼ਾਰ ਕੇਸਾਂ 'ਚੋਂ ਇੱਕ ਵੀ

ਮੁਲਜ਼ਮ ਨੂੰ ਦੋਸ਼ੀ ਮੰਨ ਕੇ ਹੀ ਚੱਲਦੀਆਂ ਹਨ। ਪੁਲਿਸ ਨੂੰ ਕੋਈ ਮਨਸ਼ਾ ਜਾਂ ਇਰਾਦਾ ਸਾਬਤ ਕਰਨ ਦੀ ਲੋੜ ਨਹੀਂ ਹੁੰਦੀ। ਮੁਲਜ਼ਮ ਨੂੰ ਖ਼ੁਦ ਸਾਬਤ ਕਰਨਾ ਪੈਂਦਾ ਹੈ ਕਿ ਉਹ ਬੇਕਸੂਰ ਹੈ। ਇਸ ਕਾਰਨ ਪੁਲਿਸ ਜਾਂਚ ਬਹੁਤ ਕਮਜ਼ੋਰ ਹੋ ਗਈ ਹੈ ਅਤੇ ਸਾਰੇ ਥਾਣਿਆਂ ਵਿੱਚ ਇੱਕੋ ਜਿਹੀਆਂ ਝੂਠੀਆਂ ਕਹਾਣੀਆਂ ਲਿਖ ਦਿੱਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ 18 ਨਵੰਬਰ 2009 ਨੂੰ ਮਾਲ ਵਿਭਾਗ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਇਸ ਨਿਯਮ ਮੁਤਾਬਕ ਨਸ਼ੀਲੇ ਪਦਾਰਥ ਦਾ ਕੁੱਲ ਭਾਰ ਗਿਣਿਆ ਜਾਂਦਾ ਹੈ, ਨਾ ਕਿ ਉਸ ਵਿੱਚ ਮੌਜੂਦ ਅਸਲ ਨਸ਼ੇ ਦੀ ਸ਼ੁੱਧ ਮਾਤਰਾ। ਇਸ ਦਾ ਸਭ ਤੋਂ ਵੱਡਾ ਨੁਕਸਾਨ ਮੈਡੀਕਲ ਨਸ਼ਿਆਂ (ਦਵਾਈਆਂ) ਦੇ ਮਾਮਲੇ ਵਿੱਚ ਹੋਇਆ। ਅਲਪਰਾਜ਼ੋਲਮ, ਬੂਪ੍ਰੇਨੋਰਫਿਨ ਅਤੇ ਕੋਡੀਨ ਵਰਗੀਆਂ ਗੋਲੀਆਂ ਜਾਂ ਸੀਰਪ ਫੜੇ ਜਾਣ 'ਤੇ ਪੂਰੀ ਦਵਾਈ ਦਾ ਵਜ਼ਨ ਜੋੜ ਲਿਆ ਜਾਂਦਾ ਸੀ। ਨਤੀਜੇ ਵਜੋਂ ਥੋੜ੍ਹੀ ਜਿਹੀ ਦਵਾਈ ਰੱਖਣ ਵਾਲੇ ਆਮ ਗਰੀਬਾਂ ਨੂੰ ਵੀ 10 ਸਾਲ ਦੀ ਸਖ਼ਤ ਕੈਦ ਕੱਟਣੀ ਪਈ ਸੀ।

ਰਿਪੋਰਟ ਵਿੱਚ ਸਾਹਮਣੇ ਆਇਆ ਕਿ ਰਵਾਇਤੀ ਨਸ਼ਿਆਂ ਨਾਲੋਂ ਵੱਧ ਗ੍ਰਿਫ਼ਤਾਰੀਆਂ ਮੈਡੀਕਲ ਦਵਾਈਆਂ ਦੇ ਮਾਮਲੇ ਵਿੱਚ ਹੋਈਆਂ। ਇਹ ਸਮੱਸਿਆ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਹੈ। ਦਿੱਲੀ, ਗੁੜਗਾਓਂ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਵੀ ਇਹ ਦਵਾਈਆਂ ਧੜੱਲੇ ਨਾਲ ਵਿਕ ਰਹੀਆਂ ਹਨ।

ਦਿੱਲੀ ਦੇ ਛੱਤਰਪੁਰ ਦੇ ਬੇਰੁਜ਼ਗਾਰ ਨੌਜਵਾਨਾਂ ਤੋਂ ਲੈ ਕੇ ਕਾਰਪੋਰੇਟ ਸੈਕਟਰ ਵਿੱਚ ਕੰਮ ਕਰਨ ਵਾਲੇ ਅਧਿਕਾਰੀ ਅਤੇ ਕਲਾਕਾਰ ਵੀ ਇਹਨਾਂ ਦਵਾਈਆਂ ਦੀ ਲਪੇਟ ਵਿੱਚ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਦਿੱਲੀ ਵਿੱਚ ਇਸ ਨੂੰ ਵੱਡਾ ਅਪਰਾਧ ਨਹੀਂ ਮੰਨਿਆ ਜਾਂਦਾ, ਜਦਕਿ ਪੰਜਾਬ ਵਿੱਚ ਇਸ ਦੇ ਨਾਂ 'ਤੇ ਸੈਂਕੜੇ ਗ੍ਰਿਫ਼ਤਾਰੀਆਂ ਹੁੰਦੀਆਂ ਹਨ। ਪੰਜਾਬ ਦੀਆਂ ਹੱਦਾਂ ਪਾਕਿਸਤਾਨ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਨਾਲ ਲੱਗਦੀਆਂ ਹਨ। ਇਸ ਕਾਰਨ ਸੂਬੇ ਵਿੱਚ ਨਸ਼ੇ ਦੀ ਸਪਲਾਈ ਲਗਾਤਾਰ ਬਣੀ ਰਹਿੰਦੀ ਹੈ।

ਸਰਕਾਰੀ ਪ੍ਰਬੰਧਾਂ ਵਿੱਚ ਤਾਲਮੇਲ ਦੀ ਕਮੀ

ਅਧਿਐਨ ਮੁਤਾਬਕ ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਦੀ ਹਾਲਤ ਬੇਹੱਦ ਮਾੜੀ ਹੈ, ਜਿੱਥੇ ਆਰ.ਟੀ.ਆਈ. ਰਾਹੀਂ ਖ਼ੁਲਾਸਾ ਹੋਇਆ ਹੈ ਕਿ ਹਸਪਤਾਲਾਂ ਵਿੱਚ ਆਧੁਨਿਕ ਡਾਕਟਰੀ ਇਲਾਜ ਦੀ ਥਾਂ ਸਿਰਫ਼ ਖੇਡਾਂ, ਭਾਸ਼ਣਾਂ ਅਤੇ ਆਮ ਕੌਂਸਲਿੰਗ ਦੇ ਸਹਾਰੇ ਹੀ ਡੰਗ ਟਪਾਇਆ ਜਾ ਰਿਹਾ ਹੈ। ਇਸ ਤੋਂ ਵੀ ਵੱਡੀ ਸਮੱਸਿਆ ਇਹ ਹੈ ਕਿ ਨਸ਼ਾ ਛੁਡਾਉਣ ਅਤੇ ਮੁੜ ਵਸੇਬੇ ਦਾ ਕੰਮ ਦੋ ਵੱਖ-ਵੱਖ ਮੰਤਰਾਲਿਆਂ—ਸਮਾਜਿਕ ਨਿਆਂ ਮੰਤਰਾਲੇ ਅਤੇ ਸਿਹਤ ਮੰਤਰਾਲੇ—ਵਿਚਕਾਰ ਵੰਡਿਆ ਹੋਇਆ ਹੈ, ਜਿਸ ਕਾਰਨ ਆਪਸੀ ਤਾਲਮੇਲ ਦੀ ਭਾਰੀ ਕਮੀ ਰਹਿੰਦੀ ਹੈ। ਕਿਉਂਕਿ ਇਲਾਜ ਅਤੇ ਮੁੜ ਵਸੇਬਾ ਇੱਕ ਦੂਜੇ ਨਾਲ ਜੁੜੇ ਹੋਏ ਅਹਿਮ ਪਹਿਲੂ ਹਨ, ਇਸ ਲਈ ਰਿਪੋਰਟ ਮੰਗ ਕਰਦੀ ਹੈ ਕਿ ਸਾਰਾ ਪ੍ਰੋਗਰਾਮ ਇੱਕੋ ਮੰਤਰਾਲੇ ਦੇ ਅਧੀਨ ਕੀਤਾ ਜਾਵੇ ਤਾਂ ਜੋ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾ ਸਕੇ।

ਸਿੱਖ ਚਿੰਤਕ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਨਸ਼ੇ ਦੀ ਵਰਤੋਂ ਨੂੰ ਅਪਰਾਧ ਦੀ ਸੂਚੀ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ। ਸਾਲ 1989 ਵਿੱਚ ਐਨ.ਡੀ.ਪੀ.ਐਸ. ਐਕਟ ਵਿੱਚ ਮੌਤ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਦੇ ਬਾਵਜੂਦ ਨਸ਼ੇ ਦਾ ਵਪਾਰ ਘੱਟ ਨਹੀਂ ਹੋਇਆ। ਮੌਜੂਦਾ ਕਾਨੂੰਨੀ ਪ੍ਰਣਾਲੀ ਸਿਰਫ਼ ਸਮਾਜ ਦੇ ਕਮਜ਼ੋਰ ਵਰਗ ਨੂੰ ਕੁਚਲ ਰਹੀ ਹੈ। ਸਖ਼ਤ ਸਜ਼ਾਵਾਂ ਕਿਸੇ ਸਮੱਸਿਆ ਦਾ ਹੱਲ ਨਹੀਂ ਹਨ।

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਦਾ ਮੰਨਣਾ ਹੈ ਕਿ ਕਾਨੂੰਨ ਬਣਾਉਣ ਵਾਲਿਆਂ ਨੂੰ ਆਪਣੀ ਸੋਚ ਬਦਲਣੀ ਪਵੇਗੀ। ਸਿਰਫ਼ ਸਖ਼ਤ ਸਜ਼ਾ ਦੇ ਕੇ ਜੁਰਮ ਨਹੀਂ ਰੋਕੇ ਜਾ ਸਕਦੇ। ਕਤਲ ਲਈ ਫਾਂਸੀ ਦੀ ਸਜ਼ਾ ਹੋਣ ਦੇ ਬਾਵਜੂਦ ਵੀ ਕਤਲ ਹੋਣੋਂ ਨਹੀਂ ਹਟੇ। ਪੁਲਿਸ, ਨਿਆਂਪਾਲਿਕਾ ਅਤੇ ਮੰਤਰਾਲੇ ਸਾਰੇ ਬੋਝ ਹੇਠ ਦੱਬੇ ਹੋਏ ਹਨ। ਉਹਨਾਂ ਨੂੰ ਲੋਕਾਂ ਦੀ ਫੀਡਬੈਕ ਲੈਣੀ ਚਾਹੀਦੀ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਮੁਕੁਲ ਮੁਦਗਲ ਨੇ ਵੀ ਨਿਆਂਪਾਲਿਕਾ ਦੇ ਰਵੱਈਏ 'ਤੇ ਚਿੰਤਾ ਜ਼ਾਹਿਰ ਕੀਤੀ। ਉਹਨਾਂ ਕਿਹਾ ਕਿ ਜੱਜਾਂ ਵੱਲੋਂ ਮਰੀਜ਼ਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਦੀ ਥਾਂ ਜੇਲ੍ਹਾਂ ਵਿੱਚ ਭੇਜਣਾ ਗਲਤ ਹੈ। ਜੇਲ੍ਹਾਂ ਦੇ ਮਾੜੇ ਮਾਹੌਲ ਵਿੱਚ ਰਹਿ ਕੇ ਨੌਜਵਾਨ ਪੱਕੇ ਅਪਰਾਧੀ ਬਣ ਜਾਂਦੇ ਹਨ। ਵੱਡੇ ਵਪਾਰੀਆਂ ਨੂੰ ਸਜ਼ਾ ਦਿਵਾਉਣੀ ਚਾਹੀਦੀ ਹੈ, ਨਾ ਕਿ ਆਮ ਮਰੀਜ਼ਾਂ ਨੂੰ ਜੇਲ੍ਹਾਂ ਵਿੱਚ ਡੱਕਣਾ ਚਾਹੀਦਾ ਹੈ।

ਕਨੂੰਨੀ ਮਾਹਿਰ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਨਸ਼ੇ ਦੀ ਨਿੱਜੀ ਵਰਤੋਂ ਨੂੰ ਅਪਰਾਧ ਦੀ ਥਾਂ ਪ੍ਰਬੰਧਕੀ ਉਲੰਘਣਾ (ਐਡਮਿਨਿਸਟ੍ਰੇਟਿਵ ਆਫੈਂਸ) ਮੰਨਿਆ ਜਾਵੇ। ਨਸ਼ਾ ਕਰਨ ਵਾਲਿਆਂ ਨੂੰ ਜੇਲ੍ਹ ਭੇਜਣ ਦੀ ਬਜਾਏ ਚਿਤਾਵਨੀ, ਜੁਰਮਾਨਾ ਜਾਂ ਸਮਾਜ ਸੇਵਾ ਦੀ ਸਜ਼ਾ ਦਿੱਤੀ ਜਾਵੇ। ਨਿਆਂਪਾਲਿਕਾ ਅਤੇ ਪੁਲਿਸ ਨੂੰ ਕਾਨੂੰਨ ਦੀਆਂ ਮੁੜ ਵਸੇਬਾ ਧਾਰਾਵਾਂ (39 ਅਤੇ 64-ਏ) ਬਾਰੇ ਸਿਖਲਾਈ ਦਿੱਤੀ ਜਾਵੇ। ਨਸ਼ੇੜੀਆਂ ਦੇ ਇਲਾਜ ਲਈ ਡਾਕਟਰਾਂ, ਸਮਾਜ ਸੇਵਕਾਂ ਅਤੇ ਵਕੀਲਾਂ ਦੀ ਸਾਂਝੀ ਪ੍ਰਬੰਧਕੀ ਕਮੇਟੀ ਬਣਾਈ ਜਾਵੇ। ਸਾਰੇ ਇਲਾਜ ਕੇਂਦਰਾਂ ਵਿੱਚ ਆਧੁਨਿਕ ਡਾਕਟਰੀ ਸਹੂਲਤਾਂ ਅਤੇ ਜ਼ਰੂਰੀ ਫੰਡ ਮੁਹੱਈਆ ਕਰਵਾਏ ਜਾਣ।

ਕਾਨੂੰਨੀ ਡੰਡੇ ਦੇ ਜ਼ੋਰ ਨਾਲ ਨਸ਼ਾ ਕਦੇ ਖ਼ਤਮ ਨਹੀਂ ਹੋ ਸਕਦਾ। ਜਦੋਂ ਤੱਕ ਨਸ਼ੇ ਦੇ ਆਦੀ ਵਿਅਕਤੀ ਨੂੰ ਬਿਮਾਰ ਮੰਨ ਕੇ ਉਸ ਦਾ ਹਮਦਰਦੀ ਨਾਲ ਇਲਾਜ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਅਸੰਭਵ ਰਹੇਗਾ। ਹੁਣ ਵੇਲਾ ਆ ਗਿਆ ਹੈ ਕਿ ਸਰਕਾਰ ਜੇਲ੍ਹਾਂ ਭਰਨ ਦੀ ਥਾਂ ਨੌਜਵਾਨਾਂ ਦੀ ਸਿਹਤ ਸੰਭਾਲ ਵੱਲ ਧਿਆਨ ਦੇਵੇ।

***

ਟਰੇਨਾਂ 'ਚੋਂ ਕੱਢ ਕੇ ਮਾਰੇ ਗਏ ਸਨ ਸਿੱਖ ਫ਼ੌਜੀ

ਸਗੋਂ ਉਹ ਆਮ ਨਾਗਰਿਕਾਂ ਵਾਂਗ ਪਰਿਵਾਰਾਂ ਕੋਲ ਛੁੱਟੀ ਜਾ ਰਹੇ ਸਨ ਜਾਂ ਆਪਣੇ ਕੰਮਕਾਜ ਲਈ ਸਫ਼ਰ ਕਰ ਰਹੇ ਸਨ। ਸਿਰਫ਼ ਉਨ੍ਹਾਂ ਦੀ ਧਾਰਮਿਕ ਪਛਾਣ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਮੁਆਵਜ਼ਾ ਅਤੇ ਇਨਸਾਫ਼ ਦੀ ਲੰਬੀ ਲੜਾਈ

ਸਾਲ 2006 ਦੇ ਕੇਂਦਰੀ ਪੁਨਰਵਾਸ ਪੈਕੇਜ ਤਹਿਤ ਮੌਤਾਂ, ਜ਼ਖ਼ਮੀਆਂ ਅਤੇ ਜਾਇਦਾਦ ਦੇ ਨੁਕਸਾਨ ਲਈ ਮੁਆਵਜ਼ੇ ਦੀ ਰਾਸ਼ੀ ਤੈਅ ਕੀਤੀ ਗਈ ਸੀ। ਸਾਲ 2014 ਵਿੱਚ ਪੀੜਤ ਪਰਿਵਾਰਾਂ ਨੂੰ ਪ੍ਰਤੀ ਜੀਅ 5 ਲੱਖ ਰੁਪਏ ਵਾਧੂ ਦੇਣ ਦਾ ਐਲਾਨ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਮਾਰੇ ਗਏ ਫ਼ੌਜੀਆਂ ਦੇ ਪਰਿਵਾਰਾਂ ਨੂੰ 1-1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਸੀ।

ਹਾਲਾਂਕਿ ਆਰਥਿਕ ਸਹਾਇਤਾ ਦੇਣ ਦੀਆਂ ਕੁਝ ਕੋਸ਼ਿਸ਼ਾਂ ਜ਼ਰੂਰ ਹੋਈਆਂ, ਪਰ ਅਪਰਾਧਿਕ ਨਿਆਂ ਦੇ ਪੱਖ ਤੋਂ ਪੀੜਤਾਂ ਨੂੰ ਨਿਰਾਸ਼ਾ ਹੀ ਹੱਥ ਲੱਗੀ ਹੈ। ਵੱਖ-ਵੱਖ ਜਾਂਚ ਕਮਿਸ਼ਨਾਂ ਅਤੇ ਵਿਸ਼ੇਸ਼ ਜਾਂਚ ਟੀਮਾਂ ਦੀਆਂ ਰਿਪੋਰਟਾਂ ਦੇ ਬਾਵਜੂਦ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਦੀ ਦਰ ਬਹੁਤ ਘੱਟ ਰਹੀ ਹੈ। ਰੇਲਵੇ ਸਟੇਸ਼ਨਾਂ 'ਤੇ ਹੋਏ ਕਤਲੇਆਮ ਦੇ ਮਾਮਲਿਆਂ ਵਿੱਚ ਵੀ ਨਿਆਂ ਦੀ ਪ੍ਰਕਿਰਿਆ ਬਹੁਤ ਹੌਲੀ ਰਹੀ ਹੈ।

ਅੱਜ ਵੀ 1984 ਦੀ ਨਸਲਕੁਸ਼ੀ ਵਿੱਚ ਜਾਨ ਗੁਆਉਣ ਵਾਲੇ ਬਹੁਤੇ ਫ਼ੌਜੀ ਜਵਾਨ ਅਤੇ ਅਧਿਕਾਰੀ ਇਤਿਹਾਸ ਦੇ ਪੰਨਿਆਂ ਵਿੱਚ ਗੁਮਨਾਮ ਹਨ। ਉਨ੍ਹਾਂ ਦੇ ਪਰਿਵਾਰ ਅੱਜ ਵੀ ਉਸ ਸੱਚਾਈ ਅਤੇ ਪੂਰੇ ਇਨਸਾਫ਼ ਦੀ ਉਡੀਕ ਕਰ ਰਹੇ ਹਨ, ਜੋ ਚਾਰ ਦਹਾਕੇ ਬੀਤ ਜਾਣ ਦੇ ਬਾਵਜੂਦ ਪੂਰੀ ਤਰ੍ਹਾਂ ਸਾਹਮਣੇ ਨਹੀਂ ਆ ਸਕਿਆ।

***

ਕੈਨੇਡਾ ਵਿੱਚ ਸਿੱਖ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਦੇ

ਸਾਲ 2023 ਵਿੱਚ ਹਰਦੀਪ ਸਿੰਘ ਨਿੱਝਰ ਦੀ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਕਤਲ ਕਾਂਡ ਤੋਂ ਬਾਅਦ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ਼ ਕਾਮਨਜ਼ (ਕੈਨੇਡੀਅਨ ਸੰਸਦ) ਵਿੱਚ ਖੜ੍ਹੇ ਹੋ ਕੇ ਬਿਆਨ ਦਿੱਤਾ ਸੀ ਕਿ ਕੈਨੇਡੀਅਨ ਖ਼ੁਫ਼ੀਆ ਏਜੰਸੀਆਂ ਕੋਲ ਇਸ ਕਤਲ ਪਿੱਛੇ ਭਾਰਤ ਸਰਕਾਰ ਦੇ ਏਜੰਟਾਂ ਦੇ ਸ਼ਾਮਲ ਹੋਣ ਦੇ ਭਰੋਸੇਯੋਗ ਸਬੂਤ ਹਨ।

ਉਸ ਬਿਆਨ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਦੁਵੱਲੇ ਅਤੇ ਕੂਟਨੀਤਕ ਸਬੰਧ ਇਤਿਹਾਸਕ ਸੰਕਟ ਵਿੱਚ ਘਿਰ ਗਏ ਸਨ। ਦੋਹਾਂ ਦੇਸ਼ਾਂ ਨੇ ਸੀਨੀਅਰ ਡਿਪਲੋਮੈਟਾਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਸੀ ਅਤੇ ਦੋਸ਼ਾਂ-ਜਵਾਬੀ ਦੋਸ਼ਾਂ ਦਾ ਦੌਰ ਚੱਲ ਪਿਆ ਸੀ। ਹਾਲਾਂਕਿ ਭਾਰਤ ਸਰਕਾਰ ਨੇ ਕੈਨੇਡਾ ਵੱਲੋਂ ਲਗਾਏ ਗਏ ਸਾਰੇ ਦੋਸ਼ਾਂ ਨੂੰ ਲਗਾਤਾਰ ਬੇਬੁਨਿਆਦ ਅਤੇ ਬੇਤੁਕੇ ਕਹਿ ਕੇ ਰੱਦ ਕੀਤਾ ਸੀ।

ਹੁਣ ਜਦੋਂ ਰੰਧਾਵਾ ਦੇ ਘਰ ਬਾਹਰ ਅੱਗਜ਼ਨੀ ਹੋਈ ਹੈ, ਤਾਂ ਕੈਨੇਡਾ ਦੇ ਸਿਆਸੀ ਅਤੇ ਕੂਟਨੀਤਕ ਹਲਕਿਆਂ ਵਿੱਚ ਇੱਕ ਵਾਰ ਫ਼ਿਰ 'ਵਿਦੇਸ਼ੀ ਦਖ਼ਲਅੰਦਾਜ਼ੀ' ਅਤੇ ਸਰਹੱਦ ਪਾਰੋਂ ਹੋਣ ਵਾਲੀਆਂ ਕਾਰਵਾਈਆਂ ਦਾ ਮੁੱਦਾ ਭਖ ਗਿਆ ਹੈ।

ਸਗੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਸਿੱਖ ਭਾਈਚਾਰਾ ਰਹਿੰਦਾ ਹੈ। ਇਸ ਘਟਨਾ ਤੋਂ ਬਾਅਦ ਸਥਾਨਕ ਭਾਈਚਾਰੇ ਵਿੱਚ ਡਰ ਅਤੇ ਬੇਚੈਨੀ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਵੱਲੋਂ ਦਿੱਤੀਆਂ ਗਈਆਂ ਸੁਰੱਖਿਆ ਚਿਤਾਵਨੀਆਂ ਦੇ ਬਾਵਜੂਦ ਰਿਹਾਇਸ਼ੀ ਇਲਾਕਿਆਂ ਵਿੱਚ ਅਜਿਹੀਆਂ ਵਾਰਦਾਤਾਂ ਦਾ ਵਾਪਰਨਾ ਆਮ ਨਾਗਰਿਕਾਂ ਦੀ ਸੁਰੱਖਿਆ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ।

***

ਅਕਾਲੀ ਦਲ (ਵਾਰਿਸ ਪੰਜਾਬ ਦੇ) 'ਚ

ਆਖਿਆ ਹੈ ਕਿ ਪਾਰਟੀ ਵਿੱਚ ਅਨੁਸ਼ਾਸਨ ਸਭ ਤੋਂ ਅਹਿਮ ਹੈ ਅਤੇ ਜੋ ਵੀ ਇਸ ਦੀ ਪਾਲਣਾ ਨਹੀਂ ਕਰੇਗਾ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕੁਝ ਥਾਵਾਂ 'ਤੇ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਇੰਚਾਰਜ ਵੱਖ-ਵੱਖ ਦਿਸ਼ਾਵਾਂ ਵਿੱਚ ਚੱਲ ਰਹੇ ਸਨ ਅਤੇ ਇੱਥੋਂ ਤੱਕ ਕਿ ਕੁਝ ਆਗੂ ਬਾਪੂ ਤਰਸੇਮ ਸਿੰਘ ਦੇ ਖ਼ਿਲਾਫ਼ ਵੀ ਬਿਆਨਬਾਜ਼ੀ ਕਰ ਰਹੇ ਸਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਸੀ।

ਪਾਰਟੀ ਦੇ ਮੀਡੀਆ ਇੰਚਾਰਜ ਸ਼ਮਸ਼ੇਰ ਸਿੰਘ ਪੱਧਰੀ ਨੇ ਵੀ ਖਰੜਾ ਕਮੇਟੀ ਦੀ ਹੋਂਦ ਨੂੰ ਸਿਰਫ਼ੋਂ ਖਾਰਜ ਕਰਦਿਆਂ ਕਿਹਾ ਕਿ ਪਾਰਟੀ ਦੀ ਆਗਿਆ ਤੋਂ ਬਿਨਾਂ ਕੁਝ ਵਿਅਕਤੀਆਂ ਨੇ ਆਪਣੀ ਝੂਠੀ ਕਮੇਟੀ ਬਣਾ ਲਈ ਹੈ ਅਤੇ ਪਾਰਟੀ ਅਜਿਹੀ ਕਿਸੇ ਵੀ ਮਾਨਤਾ ਪ੍ਰਾਪਤ ਨਾ ਹੋਣ ਵਾਲੀ ਕਮੇਟੀ ਨੂੰ ਨਹੀਂ ਮੰਨਦੀ।

ਕੀ ਕਹਿੰਦੇ ਹਨ ਵਿਸ਼ਲੇਸ਼ਕ ?

ਅਕਾਲੀ ਦਲ (ਵਾਰਿਸ ਪੰਜਾਬ ਦੇ) ਵਿੱਚ ਉੱਠੇ ਇਸ ਤੂਫ਼ਾਨ ਨੂੰ ਲੈ ਕੇ ਸਿਆਸੀ ਮਾਹਿਰਾਂ ਅਤੇ ਸੀਨੀਅਰ ਪੱਤਰਕਾਰਾਂ ਨੇ ਆਪਣੇ ਗੰਭੀਰ ਵਿਚਾਰ ਪ੍ਰਗਟ ਕੀਤੇ ਹਨ। ਰਾਜਨੀਤਕ ਮਾਹਿਰ ਸਤਨਾਮ ਸਿੰਘ ਦਿਓਲ ਦਾ ਮੰਨਣਾ ਹੈ ਕਿ ਜਦੋਂ ਵੀ ਕਿਸੇ ਨਵੀਂ ਉਭਰ ਰਹੀ ਪਾਰਟੀ ਦਾ ਦਾਇਰਾ ਅਤੇ ਸਿਆਸੀ ਮਹੱਤਤਾ ਅਚਾਨਕ ਵਧਦੀ ਹੈ, ਤਾਂ ਨੇਤਾਵਾਂ ਵਿੱਚ ਆਪਣਾ ਕੱਦ ਵੱਡਾ ਕਰਨ ਅਤੇ ਪ੍ਰਮੁੱਖ ਅਹੁਦੇ ਹਾਸਲ ਕਰਨ ਦੀ ਦੌੜ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਕਿਹਾ, 'ਇਸ ਦੌੜ ਕਾਰਨ ਪਾਰਟੀ ਦੇ ਅੰਦਰੂਨੀ ਖਿੱਚੋਤਾਣ ਅਤੇ ਧੜੇਬੰਦੀ ਪੈਦਾ ਹੁੰਦੀ ਹੈ, ਜੋ ਆਉਣ ਵਾਲੇ ਸਮੇਂ ਵਿੱਚ ਪਾਰਟੀ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਸਕਦੀ ਹੈ। ਮੌਜੂਦਾ ਸਮੇਂ ਵਿੱਚ ਇਸ ਪਾਰਟੀ ਵਿੱਚ ਵੀ ਬਿਲਕੁਲ ਇਹੀ ਸਭ ਕੁਝ ਦੇਖਣ ਨੂੰ ਮਿਲ ਰਿਹਾ ਹੈ।' ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਕੇਂਦਰੀ ਲੀਡਰਸ਼ਿਪ ਦੀ ਗ਼ੈਰ-ਮੌਜੂਦਗੀ (ਜੇਲ੍ਹ ਵਿੱਚ ਹੋਣ ਕਾਰਨ) ਵੀ ਹਾਈਕਮਾਨ ਦੇ ਕਮਜ਼ੋਰ ਹੋਣ ਦਾ ਸੰਕੇਤ ਦਿੰਦੀ ਹੈ, ਜਿਸ ਦਾ ਫ਼ਾਇਦਾ ਅੰਦਰੂਨੀ ਵਿਰੋਧੀ ਧੜੇ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉੱਥੇ ਹੀ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਅਕਾਲੀ ਦਲ (ਵਾਰਿਸ ਪੰਜਾਬ ਦੇ) ਨੂੰ ਲੈ ਕੇ ਅਜੇ ਵੀ ਕਈ ਬੁਨਿਆਦੀ ਗੱਲਾਂ ਤੇ ਵਿਚਾਰਧਾਰਕ ਆਧਾਰ ਅਸਪਸ਼ਟ ਹਨ। ਉਨ੍ਹਾਂ ਕਿਹਾ, 'ਮੌਜੂਦਾ ਸਮੇਂ ਵਿੱਚ ਵਾਰਿਸ ਪੰਜਾਬ ਦੇ ਪਾਰਟੀ ਬਾਰੇ ਸਵਾਲ ਕਿਸੇ ਬਾਹਰੀ ਸਿਆਸੀ ਧਿਰ ਵੱਲੋਂ ਨਹੀਂ ਚੁੱਕੇ ਜਾ ਰਹੇ, ਸਗੋਂ ਇਸ ਪਾਰਟੀ ਦੇ ਆਪਣੇ ਹੀ ਸੀਨੀਅਰ ਆਗੂਆਂ ਨੇ ਸਵਾਲ ਖੜ੍ਹੇ ਕੀਤੇ ਹਨ। ਇਸ ਕਾਰਨ ਗੰਭੀਰ ਸ਼ੰਕੇ ਪੈਦਾ ਹੋ ਰਹੇ ਹਨ।'

ਕੀ ਇਹ ਪਾਰਟੀ ਵਿਰੋਧੀ ਪਾਰਟੀਆਂ ਨੂੰ ਚੁਣੌਤੀ ਦੇ ਸਕੇਗੀ ?

ਸਿਆਸੀ ਹਲਕਿਆਂ ਵਿੱਚ ਇਹ ਸਭ ਤੋਂ ਵੱਡਾ ਸਵਾਲ ਹੈ। ਲੋਕ ਸਭਾ ਚੋਣਾਂ ਦੌਰਾਨ ਮਿਲੇ ਭਾਰਵੇਂ ਸਮਰਥਨ ਤੋਂ ਬਾਅਦ ਪਾ

ਖ਼ਾਲਸਾ ਰਾਜ ਸਮੇਂ ਦੀ ਦਿਵਾਲੀ ਅਤੇ

ਸਿੱਖ ਆਗੂ, ਵੱਡੇ-ਵੱਡੇ ਜਥੇਦਾਰ, ਵੱਡੀਆਂ ਵੱਡੀਆਂ ਕ੍ਰਿਪਾਨਾਂ ਹੱਥ ਵਿੱਚ ਫ਼ੜ ਕੇ, ਸਿੱਖ ਕੌਮ ਨੂੰ ਸ਼ਰੇਆਮ ਕੁਰਾਹੇ ਪਾ ਰਹੇ ਹਨ। ਇਹ ਇੱਕ ਬਹੁਤ ਹੀ ਵੱਡਾ ਦੁਖਾਂਤ ਹੈ ਕਿ ਜਿੰਨੀ ਆਤਿਸ਼ਬਾਜ਼ੀ ਅਤੇ ਦੀਪਮਾਲਾ ਸਿੱਖ ਸੰਗਤਾਂ ਦੇ ਪੈਸੇ ਨਾਲ ਕੀਤੀ ਜਾਂਦੀ ਹੈ, ਹੋਰ ਕਿਤੇ ਇਸ ਦੀ ਮਿਸਾਲ ਨਹੀਂ ਮਿਲਦੀ। ਵਿਚਾਰੇ ਗ਼ਰੀਬ ਸਿੱਖ ਤਾਂ ਸੋਚਦੇ ਹੀ ਰਹਿ ਜਾਂਦੇ ਹੋਣਗੇ ਕਿ ਗੁਰੂ ਸਾਹਿਬ ਜੀ ਉਪਦੇਸ਼ ਕੀ ਦੇ ਗਏ ਸੀ ਤੇ ਇਹ ਪੁਜਾਰੀ ਲਾਣਾ ਕਰੀ ਕੀ ਜਾ ਰਿਹਾ ਹੈ। ਦਰਬਾਰ ਸਾਹਿਬ ਮੰਜੀ ਹਾਲ 'ਚੋਂ ਜੋ ਕਥਾ ਹੁੰਦੀ ਹੈ, ਉਥੇ ਗੁਰੂ ਸਾਹਿਬ ਜੀ ਦੀ ਰਿਹਾਈ ਦੀ ਕਥਾ ਤਾਂ ਸੁਣਾਈ ਜਾਂਦੀ ਹੈ ਪਰ ਸਰਬੱਤ ਖ਼ਾਲਸੇ ਦੀ ਗੱਲ ਕਦੇ ਨਹੀਂ ਕੀਤੀ ਜਾਂਦੀ। ਇਹ ਸੱਭ ਕੁੱਝ ਵੇਖ ਕੇ ਹੀ ਸਿੱਖ ਅਪਣੇ ਘਰਾਂ ਵਿੱਚ ਵੀ ਗੁਰੂ ਨਾਨਕ ਜੀ ਦੀ ਤਸਵੀਰ ਰੱਖ ਕੇ, ਨਾਲ ਲਛਮੀ ਦੀ ਫ਼ੋਟੋ ਰੱਖ ਲੈਂਦੇ ਹਨ ਤੇ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਨ।

***

ਬੰਦੀ ਛੋੜ ਦਿਵਸ ਅਤੇ ਦਿਵਾਲੀ

ਉਨ੍ਹੀਵੀਂ ਸਦੀ ਦੀ ਸ਼ੁਰੂਆਤ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਸਿੱਖ ਰਾਜ ਸਥਾਪਤ ਕੀਤਾ, ਤਾਂ ਇਹ ਦਿਹਾੜਾ ਲਾਹੌਰ ਦੇ ਉਨ੍ਹਾਂ ਕਿਲ੍ਹਿਆਂ ਵਿੱਚ ਵੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਣ ਲੱਗਾ, ਜਿੱਥੋਂ ਕਦੇ ਪਾਬੰਦੀਆਂ ਦੇ ਫ਼ੁਰਮਾਨ ਜਾਰੀ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਆਪਣੇ ਦਰਬਾਰੀਆਂ ਸਮੇਤ ਅੰਮ੍ਰਿਤਸਰ ਪਹੁੰਚਦੇ, ਸ਼ਾਹੀ ਖ਼ਜ਼ਾਨੇ ਵਿੱਚੋਂ ਲੋੜਵੰਦਾਂ ਨੂੰ ਦਾਨ ਵੰਡਦੇ, ਦੀਪਮਾਲਾ ਕਰਵਾਉਂਦੇ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਕੀਰਤਨ ਸਰਵਣ ਕਰਦੇ।

ਸਿੱਖ ਰਾਜ ਦੇ ਖ਼ਾਤਮੇ ਅਤੇ ਅੰਗਰੇਜ਼ੀ ਰਾਜ ਦੇ ਆਉਣ ਮਗਰੋਂ ਗੁਰਦੁਆਰਿਆਂ 'ਤੇ ਕਾਬਜ਼ ਹੋਏ ਮਹੰਤਾਂ ਨੇ 'ਬੰਦੀ ਛੋੜ ਦਿਵਸ' ਦੇ ਇਨਕਲਾਬੀ ਅਤੇ ਰਾਜਸੀ ਸੰਕਲਪ ਨੂੰ ਖ਼ੋਰਾ ਲਾਇਆ। ਨਤੀਜੇ ਵਜੋਂ, ਇਸ ਦਿਹਾੜੇ ਦੀ ਮਹੱਤਤਾ ਗੁਰਧਾਮਾਂ ਵਿੱਚ ਮਹਿਜ਼ ਦੀਪਮਾਲਾ, ਆਤਿਸ਼ਬਾਜ਼ੀ ਅਤੇ ਰਵਾਇਤੀ ਸਮਾਗਮਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ।

ਅੱਜ ਵੀ 'ਬੰਦੀ ਛੋੜ ਦਿਵਸ' ਦੁਨੀਆ ਭਰ ਵਿੱਚ ਵਸਦੀ ਸਿੱਖ ਸੰਗਤ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਦੇਸ਼-ਵਿਦੇਸ਼ਾਂ ਤੋਂ ਲੱਖਾਂ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੁੰਦੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਵੱਲੋਂ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਕੇ ਅੰਦਰੂਨੀ-ਬਾਹਰੀ ਚੁਣੌਤੀਆਂ ਤੋਂ ਸੁਚੇਤ ਹੋਣ, ਨਵੀਂ ਪੀੜ੍ਹੀ ਨੂੰ ਵਿਰਸੇ ਨਾਲ ਜੋੜਨ ਅਤੇ ਜਥੇਬੰਦਕ ਏਕਤਾ ਦੀ ਤਾਕੀਦ ਕੀਤੀ ਜਾਂਦੀ ਹੈ।

ਪਰ ਇਸ ਦੇ ਬਾਵਜੂਦ ਅੱਜ ਸਿੱਖ ਕੌਮ ਦੀ ਸੁਤੰਤਰ ਹੋਂਦ ਅਤੇ ਏਕਤਾ ਅੱਗੇ ਅਨੇਕਾਂ ਦੁਸ਼ਵਾਰੀਆਂ ਖੜ੍ਹੀਆਂ ਹਨ। ਅਕਸਰ ਇਹ ਮਹਿਸੂਸ ਹੁੰਦਾ ਹੈ ਕਿ ਕੌਮੀ ਆਗੂ ਰਸਮੀ ਸੰਦੇਸ਼ ਦੇ ਕੇ ਸੁਰਖ਼ਰੂ ਹੋ ਜਾਂਦੇ ਹਨ ਅਤੇ ਸੰਗਤਾਂ ਆਤਿਸ਼ਬਾਜ਼ੀ ਤੇ ਰੌਸ਼ਨੀਆਂ ਦਾ ਆਨੰਦ ਮਾਣ ਕੇ ਘਰਾਂ ਨੂੰ ਪਰਤ ਜਾਂਦੀਆਂ ਹਨ। ਉਹ ਬਹੁਮੁੱਲਾ ਸੰਕਲਪ, ਦੂਰਅੰਦੇਸ਼ੀ ਅਤੇ ਇਕਮੁੱਠਤਾ ਕਿਤੇ ਗੁਆਚਦੀ ਨਜ਼ਰ ਆ ਰਹੀ ਹੈ, ਜੋ ਬਿਖੜੇ ਸਮਿਆਂ ਵਿੱਚ ਕੌਮ ਦਾ ਮਾਰਗਦਰਸ਼ਨ ਕਰਦੀ ਰਹੀ ਸੀ।

***

ਦੀਵਾਲੀ ਦਾ ਬਹੁਪੱਖੀ ਮਹੱਤਵ

ਕੁਝ ਲੋਕ ਦੀਵਾਲੀ ਦੇ ਅਵਸਰ 'ਤੇ ਲਛਮੀ ਦੀ ਪੂਜਾ ਕਰਦੇ ਹਨ। ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿੱਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ ? ਕੀ ਫਿਰ ਲਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ ਮਾਲ ਹੋਣ ਦਾ ਹੈ ਤਾਂ ਸਪਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖੁਦਗਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ,ਸ਼ਰਾਬ ਜਾਂ ਹੋਰ ਨਸ਼ੇ ਪੀਣੇ ਖਾਣੇ ਹਨ,ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ 'ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ ?

ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿੱਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ੍ਹ ਕੀਤਾ ਜਾਣਾ ਚਾਹੀਦਾ ਹੈ। ਸਬਰ,ਸੰਤੋਖ, ਧੀਰਜ ਤੇ ਸੰਜਮ ਵਿਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕੋਰੋਨਾ ਦੀ ਵਿਸ਼ਵ ਵਿਆਪੀ ਮਹਾਂਮਾਰੀ ਦੀ ਕਰੋਪੀ ਦੇ ਸਮੇਂ ਦੌਰਾਨ ਮਨੁੱਖ ਦੀਆਂ ਵਿਅਕਤੀਗਤ,ਸਮਾਜਿਕ ਤੇ ਸਮੂਹਿਕ ਜ਼ਿੰਮੇਵਾਰੀਆਂ ਵਧ ਗਈਆਂ ਸਨ। ਪਿਛਲੇ ਸਾਲਾਂ ਦੌਰਾਨ ਕੁਝ ਮੌਕਿਆਂ 'ਤੇ ਕਿਸਾਨ ਸਰਕਾਰਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਬੈਠਦਾ ਰਿਹਾ ਹੈ। ਇਸ ਸਾਲ ਪਿੱਛਲੇ ਮਹੀਨਿਆਂ ਦੌਰਾਨ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜ ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਤੇ ਅਣਕਿਆਸਿਆ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਸ ਵਾਰ ਹੜ੍ਹਾਂ ਤੋਂ ਪੀੜਤ ਲੋਕਾਂ ਪ੍ਰਤੀ ਸੰਵੇਦਨਾ ਤੇ ਹਮਦਰਦੀ ਪ੍ਰਗਟ ਕਰਨ ਲਈ ਦੀਵਾਲੀ ਬਹੁਤ ਸੰਜਮ ਨਾਲ ਮਨਾਈ ਜਾਣੀ ਚਾਹੀਦੀ ਹੈ। ਦੀਵਾਲੀ ਦੇ ਅਵਸਰ 'ਤੇ ਹਾਦਸਿਆਂ ਤੋਂ ਅਤੇ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਣਗਹਿਲੀ ਵੀ ਨਹੀਂ ਵਰਤਣੀ ਚਾਹੀਦੀ। ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ।

ਇੱਕ ਹੋਰ ਪੱਖ ਇਹ ਕਿ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਕਾਮਿਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ। ਕਿਸਾਨਾਂ, ਮਜਦੂਰਾਂ, ਘੱਟ ਤਨਖਾਹਾਂ 'ਤੇ ਕੰਮ ਕਰਦੇ ਤੇ ਕੱਚੇ ਮੁਲਾਜ਼ਮਾਂ ਦੇ ਭਵਿੱਖ ਦੀ ਅਨਿਸਚਿਤਤਾ,ਉਨ੍ਹਾਂ ਵੱਲੋਂ ਉਠਾਏ ਜਾ ਰਹੇ ਨੁਕਸਾਨ ਤੇ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਸ ਸਮੇਂ ਤੇ ਇਨ੍ਹਾਂ ਹਾਲਤਾਂ ਵਿੱਚ ਤਿਉਹਾਰਾਂ ਦੇ ਮੌਕੇ 'ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ 'ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ 'ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿੱਚ ਆਪਣਾ ਬਣਦਾ ਹਿੱਸਾ ਪਾ ਸਕਦੇ ਹਾਂ।

***

ਮੋਦੀ ਸਰਕਾਰ ਵੱਲੋਂ ਸ਼ਾਂਤੀ ਦੇ ਨਾਂਅ

ਜੇਕਰ ਉਸ ਦੇ ਨਾਅਰਿਆਂ ਨਾਲ ਸਰਕਾਰ ਨੂੰ ਪ੍ਰੇਸ਼ਾਨੀ ਹੋ ਰਹੀ ਹੈ, ਤਾਂ ਸਰਕਾਰ ਨੂੰ ਉਸ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਨਾ ਕਿ ਪੁਲਿਸ ਅਤੇ ਸ਼ਰਾਰਤੀ ਅਨਸਰਾਂ ਦੇ ਜ਼ੋਰ ਨਾਲ ਉਸ ਦੀ ਆਵਾਜ਼ ਨੂੰ ਦਬਾਉਣਾ ਚਾਹੀਦਾ ਹੈ।

ਜੇਕਰ ਸ਼ਾਂਤੀ ਦਾ ਮਤਲਬ ਸਿਰਫ਼ ਇਹ ਕੱਢਿਆ ਜਾਵੇਗਾ ਕਿ ਜਨਤਾ ਬੋਲੇ ਨਾ ਤਾਂ ਜੋ ਸਰਕਾਰ ਨੂੰ ਕੋਈ ਦਿੱਕਤ ਪੇਸ਼ ਨਾ ਆਵੇ, ਤਾਂ ਇਹ ਸ਼ਾਂਤੀ ਲੋਕਾਂ ਦੀ ਭਲਾਈ ਨਹੀਂ ਬਲਕਿ ਸੱਤਾ ਦੀ ਸਹੂਲਤ ਬਣ ਕੇ ਰਹਿ ਜਾਂਦੀ ਹੈ। ਅਦਾਲਤਾਂ ਨੂੰ ਇਸ ਰੁਝਾਨ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਸਰਕਾਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਵਾਮ ਦੀਆਂ ਮੰਗਾਂ ਅਤੇ ਵਿਰੋਧ ਵੱਲ ਧਿਆਨ ਦੇਣ, ਨਾ ਕਿ ਪੁਲਿਸ ਦੇ ਦਬਾਅ ਰਾਹੀਂ ਲੋਕਤੰਤਰ ਦੀ ਆਤਮਾ ਯਾਨੀ ਅਸਹਿਮਤੀ ਦੇ ਹੱਕ ਦਾ ਗਲ਼ਾ ਘੁੱਟਣ ਦਾ ਯਤਨ ਕਰਨ।

***

ਪੰਜਾਬ ਵਿਧਾਨ ਸਭਾ ਚੋਣਾਂ-2027 ਲਈ

ਅਕਾਲੀ ਦਲ (ਵਾਰਸ ਪੰਜਾਬ) ਦੀ ਸਿਆਸਤ ਦਾ ਮਕਸਦ ਸਿਰਫ ਸੱਤਾ ਹਾਸਲ ਕਰਨਾ ਨਹੀਂ ਹੈ ਸਗੋਂ ਪੰਥਕ ਸਿਧਾਂਤਾਂ, ਪੰਜਾਬ ਦੇ ਹੱਕਾਂ ਅਤੇ ਕੌਮ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰਾਂ ਦੇ ਮਾਨ ਸਨਮਾਨ ਨੂੰ ਅੱਗੇ ਲੈ ਜਾਣਾ ਵੀ ਪਾਰਟੀ ਦੀ ਮੁੱਖ ਤਰਜੀਹ ਹੈ ।ਅਕਾਲੀ ਦਲ (ਵਾਰਸ ਪੰਜਾਬ) ਸੂਬੇ ਵਿੱਚ ਆਪਣੀ ਸਰਗਰਮੀ ਵਿੱਢ ਰਿਹਾ ਹੈ ਤੇ ਪੰਥਕ ਸੰਸਥਾਵਾਂ ਨੂੰ ਨਾਲ ਜੋੜ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 2027 ਵਿੱਚ ਆਪਣੇ ਉਮੀਦਵਾਰ ਵੀ ਐਲਾਨ ਦਿੱਤੇ ਹਨ। ਪਾਰਟੀ ਵੱਲੋਂ ਮਿਸ਼ਨ 2027 ਗੱਲ ਪੰਜਾਬ ਦੀ ਅਧੀਨ ਕਿਸਾਨਾਂ ਦੇ ਨੌਜਵਾਨਾਂ ਦੇ ਮੁੱਦਿਆਂ ਨੂੰ ਮੁੱਖ ਰੱਖਦੇ ਹੋਏ ਤਿਆਰੀਆਂ ਚੱਲ ਰਹੀਆਂ ਹਨ। ਪਾਰਟੀ ਦਾ ਕਾਫ਼ਲਾ ਵਧ ਰਿਹਾ ਹੈ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੰਥਕ ਸਿਧਾਂਤਾਂ, ਪੰਜਾਬ ਦੇ ਹੱਕਾਂ ਅਤੇ ਨੌਜਵਾਨਾਂ ਦੀ ਆਵਾਜ਼ ਬਣ ਰਿਹਾ ਹੈ । ਪਾਰਟੀ ਆਗੂਆਂ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵਰਕਰਾਂ ਤੇ ਪਾਰਟੀ ਅਹੁਦੇਦਾਰਾਂ ਨੂੰ ਪੂਰੀ ਤਨਦੇਹੀ ਨਾਲ ਮੈਦਾਨ ਵਿੱਚ ਡਟਣ ਦੀ ਅਪੀਲ ਕੀਤੀ ਹੈ ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਵਿਧਾਨ ਸਭਾ ਹਲਕਿਆਂ ਦੇ ਕਾਰਡੀਨੇਟਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ ।ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਵਿਜ਼ਨ ਡਾਕੂਮੈਂਟ ਵਿਚ ਪੰਥ, ਸਿਹਤ, ਸਿੱਖਿਆ, ਸੁਰੱਖਿਆ, ਕਿਸਾਨੀ ਅਤੇ ਮੁਲਾਜ਼ਮਾਂ ਸਮੇਤ ਹਰ ਵਰਗ ਦਾ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।ਪਾਰਟੀ ਵਿੱਚ 40% ਨੌਜਵਾਨਾਂ ਅਤੇ 35% ਔਰਤਾਂ ਨੂੰ ਵਿਸ਼ੇਸ਼ ਨੁਮਾਇੰਦਗੀ ਦਿੱਤੀ ਜਾਵੇਗੀ ਅਤੇ ਪਾਰਟੀ ਪ੍ਰਧਾਨ ਵੱਲੋਂ ਕੋਈ ਵੀ ਚੋਣ ਨਹੀਂ ਲੜੀ ਜਾਵੇਗੀ ਉਹ ਸਿਰਫ ਪਾਰਟੀ ਲਈ ਕੰਮ ਕਰੇਗਾ। ਪੰਜਾਬ ਨੂੰ ਵੱਧ ਅਧਿਕਾਰਾਂ ਦੀ ਪੈਰਵਾਈ ਦੀ ਮੰਗ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਮੀਟਿੰਗ ਵਿੱਚ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਭਵਿੱਖ ਵਿੱਚ ਰਣਨੀਤੀ ਤੇ ਵਿਸਥਾਰ ਪੂਰਵਕ ਚਰਚਾ ਕੀਤੀ ।

ਐਡਵੋਕੇਟ ਇਕਬਾਲ ਸਿੰਘ ਝੂੰਦਾ ਨੇ ਕਿਹਾ ਸੀ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਨਾ ਪੈਂਦਾ ਤਾਂ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਨਾ ਬਣਦੀ ਤੇ ਨਾ ਹੀ ਪਾਰਟੀ ਆਗੂ ਵੱਖ ਹੁੰਦੇ । ਇਸ ਲਈ ਨਿਜ਼ੀ ਸਿਆਸੀ ਹਿਤਾਂ ਤੋਂ ਉੱਪਰ ਉੱਠ ਕੇ ਕੌਮ ਤੇ ਪੰਜਾਬ ਦੇ ਹਿੱਤਾਂ ਲਈ ਹੰਬਲਾ ਮਾਰਨ ਦੀ ਲੋੜ ਹੈ । ਬੀਤੇ ਸਮੇਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਅਹੁਦਿਆਂ ਤੋਂ ਅਸਤੀਫੇ ਦੇਣ ਨਾਲ ਪਾਰਟੀ ਅੰਦਰ ਹਲਚਲ ਹੋ ਗਈ ਸੀ ਇਸਦਾ ਭਵਿੱਖ ਵਿੱਚ ਮਾੜਾ ਪ੍ਰਭਾਵ ਪੈ ਸਕਦਾ ਹੈ। ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਨੀਹ ਪੰਥਕ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਖੀ ਲਈ ਰੱਖੀ ਗਈ ਸੀ ਪਰ ਸਮੇਂ ਦੇ ਨਾਲ ਕੁੱਝ ਵਿਅਕਤੀਆਂ ਨੇ ਆਪਣੀ ਨਿਜੀ ਹਿੱਤਾਂ ਲਈ ਪਾਰਟੀ ਦੀ ਦਿਸ਼ਾ ਹੀ ਬਦਲ ਦਿੱਤੀ ਅਤੇ ਪੰਥ ਪ੍ਰਸਤ ਅਤੇ ਵਫ਼ਾਦਾਰ ਵਰਕਰਾਂ ਨੂੰ ਬਾਹਰ ਕੱਢ ਦਿੱਤਾ । ਪੰਜਾਬ ਵਿਧਾਨ ਸਭਾ ਚੋਣਾਂ-2027 ਸਿਰ 'ਤੇ ਆਉਣ ਵਾਲੀਆਂ ਹਨ ਤੇ ਹਰ ਪਾਰਟੀ ਪੂਰੀ ਤਰ੍ਹਾਂ ਵੋਟਰਾਂ ਨੂੰ ਵੋਟ ਪਾਉਣ ਲਈ ਪ੍ਰਭਾਵਿਤ ਕਰੇਗੀ। ਉਦੋਂ ਸਮਝਦਾਰ ਵੋਟਰ ਸੋਚਣਗੇ ਕਿ ਕਿਸ ਪਾਰਟੀ ਨੇ ਬੀਤੇ ਸਮੇਂ ਵਿੱਚ ਕੁੱਝ ਕੀਤਾ ? ਕਿਸ ਨੇ ਚੰਗਾ ਕੀਤਾ ? ਕਿਸ ਨੇ ਗੱਲਾਂ ਹੀ ਕੀਤੀਆਂ ? ਕਿਸ ਨੇ ਪੰਥ ਲਈ ਕੀਤਾ ? ਕਿਸ ਨੇ ਨਿਜ਼ੀ ਕੰਮ ਕੀਤੇ ? ਇਹ ਸੋਚ ਵਿਚਾਰਨ ਵਾਲੀ ਗੱਲ ਹੈ। ਇਸ ਤਰ੍ਹਾਂ ਵੋਟਰ ਨਾਪ ਤੋਲ ਕਰੇਗਾ। ਫਿਰ ਵੋਟ ਪਾਵੇਗਾ ਤੇ ਪੰਜਾਬ ਵਿੱਚ ਵਧੀਆ ਸਰਕਾਰ ਬਣਾਉਣ ਵਿੱਚ ਯੋਗਦਾਨ ਪਾਵੇਗਾ।

***

1.44 ਲੱਖ ਕਰੋੜ ਰਾਇਲਟੀ ਅਤੇ

ਵੱਖਰਾ ਰਾਜ ਬਣ ਗਿਆ ਸੀ। ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਤਹਿਤ ਇਹ ਤੈਅ ਹੋਇਆ ਸੀ ਕਿ ਦੋਵੇਂ ਰਾਜ ਦੋ ਸਾਲਾਂ ਵਿੱਚ ਪਾਣੀ ਦੀ ਵੰਡ ਬਾਰੇ ਆਪਸੀ ਸਮਝੌਤਾ ਕਰਨਗੇ। ਜੇਕਰ ਉਹ ਅਸਫਲ ਰਹਿੰਦੇ ਹਨ, ਤਾਂ ਕੇਂਦਰ ਸਰਕਾਰ ਹੁਕਮ ਜਾਰੀ ਕਰਕੇ ਹਿੱਸੇ ਤੈਅ ਕਰੇਗੀ। ਕੋਈ ਵੀ ਆਪਸੀ ਸਮਝੌਤਾ ਨਾ ਹੋਣ ਕਾਰਨ, ਸਾਲ 1976 ਵਿੱਚ ਕੇਂਦਰ ਸਰਕਾਰ ਨੇ ਹੁਕਮ ਜਾਰੀ ਕਰਕੇ ਹਰਿਆਣਾ ਅਤੇ

RAISING VOICE FOR TRUTH
ਹੋਕਾ TV
HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home